ਸ਼ੁੱਕਰਵਾਰ, 21 ਜੁਲਾਈ, 2023
6 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 50

# ਨਵਾਂ ਜ਼ਮਾਨਾ

DAILY NAWAN ZAMANA • FRIDAY, 21 JULY, 2023
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## ਦਿੱਲੀ ਆਰਡੀਨੈਂਸ ਖਿਲਾਫ ਪਟੀਸ਼ਨ ਸੰਵਿਧਾਨਕ ਬੈਂਚ ਹਵਾਲੇ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਦਿੱਲੀ ਸਰਕਾਰ ਤੋਂ ਸੇਵਾਵਾਂ ਦਾ ਕੰਟਰੋਲ ਖੋਹਣ ਵਾਲੇ ਕੇਂਦਰ ਦੇ ਤਾਜ਼ਾ ਆਰਡੀਨੈਂਸ ਵਿਰੁੱਧ ਦਿੱਲੀ ਸਰਕਾਰ ਦੀ ਪਟੀਸ਼ਨ ਨੂੰ ਵੀਰਵਾਰ ਸੰਵਿਧਾਨਕ ਬੈਂਚ ਕੋਲ ਭੇਜ ਦਿੱਤਾ। ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਪੀ ਐੱਸ ਨਰਸਿਮਹਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੇ ਕਿਹਾ ਕਿ ਇਸ ਮਾਮਲੇ ਨੂੰ ਵੱਡੇ ਬੈਂਚ ਦੇ ਹਵਾਲੇ ਕਰਨ ਦਾ ਵਿਸਤ੍ਰਿਤ ਹੁਕਮ ਸੁਪਰੀਮ ਕੋਰਟ ਦੀ ਵੈੱਬਸਾਈਟ 'ਤੇ ਅਪਲੋਡ ਕੀਤਾ ਜਾਵੇਗਾ।

## ਪੰਜਾਬੀ 'ਚ ਸਹੁੰ ਚੁੱਕੀ



**ਨਵੀਂ ਦਿੱਲੀ** : ਜਲੰਧਰ ਲੋਕ ਸਭਾ ਸੀਟ ਦੀ ਜ਼ਿਮਨੀ ਚੋਣ 'ਚ ਚੁਣੇ ਗਏ ਆਮ ਆਦਮੀ ਪਾਰਟੀ ਦੇ ਸੁਸ਼ੀਲ ਕੁਮਾਰ ਰਿੰਕੂ ਨੇ ਵੀਰਵਾਰ ਸਦਨ ਦੇ ਮੈਂਬਰ ਵਜੋਂ ਪੰਜਾਬੀ 'ਚ ਸਹੁੰ ਚੁੱਕੀ।

## ਹਿਮਾਚਲ 'ਚ ਬੱਦਲ ਫਟਿਆ

**ਸ਼ਿਮਲਾ** : ਹਿਮਾਚਲ ਦੀ ਸਾਂਗਲਾ ਵਾਦੀ ਦੇ ਕਮਰੂ ਪਿੰਡ 'ਚ ਵੀਰਵਾਰ ਬੱਦਲ ਫਟਣ ਕਾਰਨ ਆਏ ਹੜ੍ਹਾਂ ਨੇ ਘਰਾਂ ਤੇ ਫਸਲਾਂ ਨੂੰ ਨੁਕਸਾਨ ਪਹੁੰਚਾਇਆ, ਜਦੋਂਕਿ ਸ਼ਿਮਲਾ-ਕਨੌਰ ਰਾਜਮਾਰਗ ਰਾਮਪੁਰ ਅਤੇ ਝਕੜੀ ਦੇ ਵਿਚਕਾਰ ਬੰਦ ਕਰਨਾ ਪਿਆ। ਹਿਮਾਚਲ ਸੂਬੇ 'ਚ ਮੌਨਸੂਨ ਦੀ ਸ਼ੁਰੂਆਤ ਤੋਂ ਬਾਅਦ ਮੀਂਹ ਨਾਲ ਸੰਬੰਧਤ ਘਟਨਾਵਾਂ 'ਚ 130 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਤੇ 4,809 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

## ਜੇਲ੍ਹ ਤੋਂ ਬਾਹਰ ਜਨਮ ਦਿਨ ਮਨਾਏਗਾ ਡੇਰਾ ਮੁਖੀ

**ਚੰਡੀਗੜ੍ਹ** : ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ 30 ਦਿਨਾਂ ਦੀ ਪੈਰੋਲ ਮਿਲ ਗਈ ਹੈ। ਇਸ ਦੌਰਾਨ ਉਹ ਯੂ ਪੀ ਦੇ ਬਾਗਪਤ 'ਚ ਸਥਿਤ ਬਰਨਾਵਾ ਆਸ਼ਰਮ 'ਚ ਰਹੇਗਾ। ਉਸ ਨੂੰ ਸਿਰਸਾ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਡੇਰਾ ਮੁਖੀ ਦਾ 15 ਅਗਸਤ ਨੂੰ ਜਨਮ ਦਿਨ ਹੈ। ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਤੋਂ ਬਾਅਦ ਉਹ ਪਹਿਲੀ ਵਾਰ ਜੇਲ੍ਹ ਤੋਂ ਬਾਹਰ ਆਪਣਾ ਜਨਮ ਦਿਨ ਮਨਾਏਗਾ। ਡੇਰਾ ਮੁਖੀ ਨੂੰ ਸੱਤਵੀਂ ਵਾਰ ਪੈਰੋਲ ਦਿੱਤੀ ਗਈ ਹੈ।

## ਟੋਲ ਪਲਾਜ਼ੇ ਬੰਦ ਕਰਨ ਦਾ ਫੈਸਲਾ ਨਹੀਂ ਕੀਤਾ : ਗਡਕਰੀ



**ਨਵੀਂ ਦਿੱਲੀ** : ਸਰਕਾਰ ਨੇ ਵੀਰਵਾਰ ਕਿਹਾ ਕਿ ਉਸ ਨੇ ਦੇਸ਼ ਦੇ ਵੱਖ-ਵੱਖ ਰਾਜਮਾਰਗਾਂ ਤੋਂ ਟੋਲ ਪਲਾਜ਼ਿਆਂ ਨੂੰ ਨਿਸ਼ਚਿਤ ਸਮੇਂ ਵਿਚ ਹਟਾਉਣ ਦਾ ਕੋਈ ਐਲਾਨ ਨਹੀਂ ਕੀਤਾ। ਇਹ ਜਾਣਕਾਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਲੋਕ ਸਭਾ 'ਚ ਹੇਮੰਤ ਤੁਕਾਰਾਮ ਗੋਡਸੇ, ਗਜਾਨਨ ਕੀਰਤੀਕਰ ਅਤੇ ਕਲਾਬੇਨ ਮੋਹਨਭਾਈ ਡੇਲਕਰ ਦੇ ਸਵਾਲ ਦੇ ਲਿਖਤੀ ਜਵਾਬ 'ਚ ਦਿੱਤੀ। ਮੈਂਬਰਾਂ ਨੇ ਪੁੱਛਿਆ ਸੀ ਕਿ ਕੀ ਸਰਕਾਰ ਨੇ ਟੋਲ ਪਲਾਜ਼ਿਆਂ ਨੂੰ ਹਟਾਉਣ ਦਾ ਕੋਈ ਐਲਾਨ ਕੀਤਾ ਹੈ। ਗਡਕਰੀ ਨੇ ਕਿਹਾ—ਨਹੀਂ, ਨੈਸ਼ਨਲ ਹਾਈਵੇ ਫੀਸ (ਦਰਾਂ ਅਤੇ ਉਗਰਾਹੀ) ਨਿਯਮ 2008 ਦੇ ਅਨੁਸਾਰ ਉਪਭੋਗਤਾ ਫੀਸ ਪਲਾਜ਼ਾ ਨੂੰ ਹਟਾਉਣ/ਬੰਦ ਕਰਨ ਦਾ ਕੋਈ ਉਪਬੰਧ ਨਹੀਂ ਹੈ।

## ਕਟਾਰੂ ਚੱਕ ਨੇ ਹੜ੍ਹ ਪੀੜਤਾਂ ਲਈ ਮਹੀਨੇ ਦੀ ਤਨਖ਼ਾਹ ਇਮਦਾਦ ਵਜੋਂ ਦਿੱਤੀ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਖ਼ੁਰਾਕ, ਸਿਵਲ ਸਪਲਾਈ, ਖ਼ਪਤਕਾਰ ਮਾਮਲੇ, ਜੰਗਲਾਤ ਤੇ ਜੰਗਲੀ ਜੀਵ ਸੰਭਾਲ ਮੰਤਰੀ ਲਾਲ ਚੰਦ ਕਟਾਰੂ ਚੱਕ ਨੇ ਵੀਰਵਾਰ ਆਪਣੀ ਇੱਕ ਮਹੀਨੇ ਦੀ ਤਨਖ਼ਾਹ ( 1,10,000 ਰੁਪਏ) ਹੜ੍ਹ ਪੀੜਤਾਂ ਨੂੰ ਦਾਨ ਵਜੋਂ ਦਿੱਤੀ। ਮੁੱਖ ਮੰਤਰੀ ਭਗਵੰਤ ਮਾਨ ਨੂੰ ਚੈੱਕ ਸੌਂਪਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਦੀ ਯੋਗ ਤੇ ਦੂਰਅੰਦੇਸ਼ ਅਗਵਾਈ ਵਾਲੀ ਸੂਬਾ ਸਰਕਾਰ ਹੜ੍ਹਾਂ ਤੋਂ ਪ੍ਰਭਾਵਤ ਹੋਏ ਲੋਕਾਂ ਨੂੰ ਹਰ ਸੰਭਵ ਸਹਾਇਤਾ ਦੇਣ ਲਈ ਵਚਨਬੱਧ ਅਤੇ ਜ਼ਿੰਮੇਵਾਰ ਹੈ। ਸੂਬੇ ਭਰ 'ਚ ਸੰਬੰਧਤ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਨੂੰ ਲੋੜੀਂਦੀ ਸਹਾਇਤਾ ਫੂਡ ਪੈਕਟ, ਦਵਾਈਆਂ, ਪੀਣ ਵਾਲਾ ਪਾਣੀ, ਤਰਪਾਲਾਂ ਅਤੇ ਹੋਰ ਲੋੜੀਂਦੀਆਂ ਵਸਤਾਂ ਸਰਗਰਮੀ ਨਾਲ ਉਪਲੱਬਧ ਕਰਵਾ ਰਹੇ ਹਨ। ਉਹਨਾ ਕਿਹਾ ਕਿ ਮੁੱਖ ਮੰਤਰੀ ਲੋਕਾਂ ਦੀਆਂ ਦਿੱਕਤਾਂ ਤੋਂ ਭਲੀਭਾਂਤ ਜਾਣੂੰ ਹਨ ਅਤੇ ਜਨ-ਜੀਵਨ ਨੂੰ ਮੁੜ ਲੀਹ 'ਤੇ ਲਿਆਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

# ਦੇਸ਼ ਸ਼ਰਮਸਾਰ




ਨਵੀਂ ਦਿੱਲੀ : ਮਨੀਪੁਰ 'ਚ ਮਹਿਲਾਵਾਂ ਨੂੰ ਨਿਰਵਸਤਰ ਘੁਮਾਉਣ ਤੇ ਸਮੂਹਕ ਬਲਾਤਕਾਰ ਦੀ ਵੀਡੀਓ ਨੇ ਹਿਲਾ ਕੇ ਰੱਖ ਦਿੱਤਾ ਹੈ। ਸੂਬੇ ਵਿਚ ਮੈਤੇਈ ਤੇ ਕੁੱਕੀ ਭਾਈਚਾਰਿਆਂ ਵਿਚਾਲੇ ਝੜਪ ਤੋਂ ਇਕ ਦਿਨ ਬਾਅਦ ਚਾਰ ਮਈ ਨੂੰ ਕਾਂਗਪੋਕਪੀ ਜ਼ਿਲ੍ਹੇ ਦੇ ਪਿੰਡ ਬੀ ਫੀਨੋਮ ਉਤੇ ਹਮਲਾ ਕਰਕੇ ਭੀੜ ਨੇ ਤਿੰਨ ਕੁੱਕੀ ਮਹਿਲਾਵਾਂ ਨੂੰ ਨਿਰਵਸਤਰ ਕਰਕੇ ਸੜਕ 'ਤੇ ਘੁਮਾਇਆ ਤੇ ਇਕ ਮਹਿਲਾ ਨਾਲ ਦਿਨ-ਦਿਹਾੜੇ ਸਮੂਹਕ ਬਲਾਤਕਾਰ ਕੀਤਾ। 'ਇੰਡੀਅਨ ਐਕਸਪ੍ਰੈੱਸ' ਦੀ ਰਿਪੋਰਟ ਮੁਤਾਬਕ ਇਕ ਮਹਿਲਾ ਨੇ ਦੱਸਿਆ ਕਿ ਹਮਲੇ ਤੋਂ ਬਚਣ ਲਈ ਉਹ ਜੰਗਲ ਵੱਲ ਭੱਜ ਗਏ। ਥੋਬਲ ਥਾਣੇ ਦੀ ਪੁਲਸ ਨੇ ਪਹਿਲਾਂ ਉਨ੍ਹਾਂ ਨੂੰ ਬਚਾਇਆ ਤੇ ਫਿਰ ਥਾਣੇ ਲਿਜਾਂਦਿਆਂ ਦੋ ਕੁ ਕਿਲੋਮੀਟਰ ਉਰੇ ਫਿਰ ਭੀੜ ਹਵਾਲੇ ਕਰ ਦਿੱਤਾ।

ਵੀਡੀਓ ਵਿਚ ਦੋ ਮਹਿਲਾਵਾਂ ਨੂੰ ਨਿਰਵਸਤਰ ਕਰਾ ਕੇ ਕੁਝ ਨੌਜਵਾਨ ਸੜਕ 'ਤੇ ਲਿਜਾਂਦੇ ਨਜ਼ਰ ਆ ਰਹੇ ਹਨ। ਕੁਝ ਮਰਦ ਪ੍ਰੇਸ਼ਾਨ ਮਹਿਲਾਵਾਂ ਨੂੰ ਖੇਤਾਂ ਵੱਲ ਖਿੱਚਦੇ ਨਜ਼ਰ ਆ ਰਹੇ ਹਨ।

ਨਿਊਜ਼ ਵੈੱਬਸਾਈਟ ਸਕਰੌਲ ਨੇ 40 ਸਾਲਾ ਮਹਿਲਾ ਨਾਲ ਗੱਲਬਾਤ ਕੀਤੀ, ਜਿਸ ਨੇ ਦੱਸਿਆ—ਜਦੋਂ ਅਸੀਂ ਸੁਣਿਆ ਕਿ ਮੈਤੇਈ ਭੀੜ ਨੇੜਲੇ ਪਿੰਡ ਦੇ ਘਰਾਂ ਨੂੰ ਅੱਗਾਂ ਲਾ ਰਹੀ ਹੈ ਤਾਂ ਸਾਡਾ ਪਰਵਾਰ ਤੇ ਹੋਰ ਲੋਕ ਭੱਜ ਨਿਕਲੇ, ਪਰ ਭੀੜ ਨੇ ਸਾਨੂੰ ਲੱਭ ਲਿਆ। ਸਾਡੇ ਗੁਆਂਢੀ ਤੇ ਉਸ ਦੇ ਬੇਟੇ ਨੂੰ ਥੋੜ੍ਹੀ ਦੂਰ ਲਿਜਾ ਕੇ ਮਾਰ ਦਿੱਤਾ, ਜਿਨ੍ਹਾਂ ਆਪਣੀ ਬੱਚੀ ਨਾਲ ਬਦਮਾਸ਼ੀ ਦਾ ਵਿਰੋਧ ਕੀਤਾ ਸੀ। ਫਿਰ ਭੀੜ ਨੇ ਮਹਿਲਾਵਾਂ 'ਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਸਾਨੂੰ ਕੱਪੜੇ ਲਾਹੁਣ ਲਈ ਕਿਹਾ। ਅਸੀਂ ਵਿਰੋਧ ਕੀਤਾ ਤਾਂ ਧਮਕੀ ਦਿੱਤੀ ਕਿ ਜੇ ਕੱਪੜੇ ਨਾ ਲਾਹੇ ਤਾਂ ਮਾਰ ਦੇਵਾਂਗੇ। ਖੁਦ ਨੂੰ ਬਚਾਉਣ ਲਈ ਮੈਂ ਕੱਪੜੇ ਲਾਹ ਦਿੱਤੇ। ਭੀੜ ਵਿਚਲੇ ਮਰਦਾਂ ਨੇ ਮੈਨੂੰ ਥੱਪੜ ਤੇ ਮੁੱਕੇ ਮਾਰੇ। ਮੈਨੂੰ ਪਤਾ ਨਹੀਂ ਲੱਗਾ ਕਿ ਮੇਰੀ 21 ਸਾਲਾ ਗੁਆਂਢਣ ਨਾਲ ਕੀ ਹੋ ਰਿਹਾ ਹੈ, ਕਿਉਂਕਿ ਉਹ ਕੁਝ ਦੂਰ ਸੀ। ਮੈਨੂੰ ਝੋਨੇ ਦੇ ਖੇਤ ਵਿਚ ਧੂਹ ਕੇ ਕੁਝ ਮਰਦਾਂ ਨੇ ਲੇਟਣ ਲਈ ਕਿਹਾ। ਮੈਂ ਲੇਟ ਗਈ। ਤਿੰਨ ਲੋਕਾਂ ਨੇ ਮੈਨੂੰ ਘੇਰ ਰੱਖਿਆ ਸੀ। ਇਕ ਨੇ ਦੂਜੇ ਨੂੰ ਕਿਹਾ ਕਿ ਚਲੋ ਇਸ ਦਾ ਰੇਪ ਕਰਦੇ ਹਾਂ, ਪਰ ਕੀਤਾ ਨਹੀਂ। ਮੈਂ ਖੁਸ਼ਕਿਸਮਤ ਸੀ ਕਿ ਮੇਰੇ ਨਾਲ ਰੇਪ ਨਹੀਂ ਹੋਇਆ, ਪਰ ਉਨ੍ਹਾਂ ਮੇਰੇ ਸਰੀਰ ਨੂੰ ਜ਼ਰੂਰ ਛੂਹਿਆ।

ਇਕ ਸੀਨੀਅਰ ਪੁਲਸ ਅਫਸਰ ਨੇ ਦੱਸਿਆ ਕਿ ਘਟਨਾ ਚਾਰ ਮਈ ਨੂੰ ਥੋਬਲ ਜ਼ਿਲ੍ਹੇ ਵਿਚ ਵਾਪਰੀ ਤੇ 18 ਮਈ ਨੂੰ ਕਾਂਗਪੋਕਪੀ ਜ਼ਿਲ੍ਹੇ ਵਿਚ ਜ਼ੀਰੋ ਐੱਫ ਆਈ ਆਰ ਦਰਜ ਕਰਾਈ ਗਈ ਸੀ। ਇਸ ਦੇ ਬਾਅਦ ਮਾਮਲਾ ਥੋਬਲ ਥਾਣੇ ਨੂੰ ਭੇਜ ਦਿੱਤਾ ਗਿਆ। ਅਣਪਛਾਤੇ ਬਦਮਾਸ਼ਾਂ ਖਿਲਾਫ ਅਗਵਾ, ਸਮੂਹਕ ਬਲਾਤਕਾਰ ਤੇ ਹੱਤਿਆ ਦੀਆਂ ਧਾਰਾਵਾਂ ਤਹਿਤ ਐੱਫ ਆਈ ਆਰ ਦਰਜ ਹੋਈ ਸੀ। ਐੱਸ ਪੀ ਮੇਘਚੰਦਰ ਸਿੰਘ ਨੇ ਵੀਡੀਓ ਵਾਇਰਲ ਹੋਣ 'ਤੇ 19 ਜੁਲਾਈ ਨੂੰ ਕਿਹਾ ਕਿ ਦੋਸ਼ੀਆਂ ਨੂੰ ਫੜਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਵੀਰਵਾਰ ਪੁਲਸ ਨੇ ਕਿਹਾ ਕਿ ਮੁੱਖ ਮੁਲਜ਼ਮਾਂ ਵਿੱਚੋਂ ਇਕ ਨੂੰ ਫੜ ਲਿਆ ਗਿਆ ਹੈ।

ਇਸੇ ਦੌਰਾਨ ਸੁਪਰੀਮ ਕੋਰਟ ਨੇ ਇਸ ਘਟਨਾ 'ਤੇ ਡੂੰਘੀ ਚਿੰਤਾ ਪ੍ਰਗਟਾਉਂਦਿਆਂ ਸੂਬਾਈ ਤੇ ਕੇਂਦਰ ਸਰਕਾਰ ਨੂੰ ਕਿਹਾ ਕਿ ਉਹ ਦੱਸਣ ਕਿ ਉਨ੍ਹਾਂ ਹਮਲਾਵਰਾਂ ਵਿਰੁੱਧ ਕੀ ਕਾਰਵਾਈ ਕੀਤੀ ਹੈ। ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਅਟਾਰਨੀ ਜਨਰਲ ਵੈਂਕਟਰਮਣੀ ਤੇ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਕੋਲ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਉਹ ਸਰਕਾਰ ਨੂੰ ਕੁਝ ਹੋਰ ਸਮਾਂ ਦੇ ਰਹੇ ਹਨ ਅਤੇ ਜੇ ਕੋਈ ਕਾਰਵਾਈ ਨਾ ਹੋਈ ਤਾਂ ਖੁਦ ਦਖਲ ਦੇਣਗੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਕਿਹਾ ਕਿ ਇਹ ਘਟਨਾ ਕਿਸੇ ਵੀ ਸੱਭਿਅਕ ਸਮਾਜ ਲਈ ਸ਼ਰਮਨਾਕ ਹੈ ਅਤੇ ਇਸ ਨਾਲ ਪੂਰੇ ਦੇਸ਼ ਦਾ ਅਪਮਾਨ ਹੋਇਆ ਹੈ। ਸੰਸਦ ਦੇ ਮੌਨਸੂਨ ਸੈਸ਼ਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਮੀਡੀਆ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਦੇਸ਼ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਇਸ ਮਾਮਲੇ 'ਚ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਕਾਨੂੰਨ ਇੱਕ ਤੋਂ ਬਾਅਦ ਇੱਕ ਸਖਤ ਕਦਮ ਚੁੱਕੇਗਾ। ਕਾਂਗਰਸ ਨੇ ਮੋਦੀ ਦੇ ਬਿਆਨ ਤੋਂ ਬਾਅਦ ਕਿਹਾ ਕਿ ਪ੍ਰਧਾਨ ਮੰਤਰੀ ਨੇ ਮਨੀਪੁਰ ਵਿਚ ਜਾਤੀ ਟਕਰਾਅ ਦੇ ਮੁੱਦੇ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਤੇ ਮੁੱਖ ਮੰਤਰੀ ਐੱਨ ਬੀਰੇਨ ਸਿੰਘ ਨੂੰ ਵੀ ਅਹੁਦਾ ਛੱਡਣ ਦਾ ਨਿਰਦੇਸ਼ ਨਹੀਂ ਦਿੱਤਾ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ ਹੈ ਅਤੇ ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਆਪਣੀ ਜਵਾਬਦੇਹੀ ਤੋਂ ਭੱਜ ਨਹੀਂ ਸਕਦੇ। ਸੰਸਦ ਦੇ ਮੌਨਸੂਨ ਸੈਸ਼ਨ ਦਾ ਪਹਿਲਾ ਦਿਨ ਕਾਫੀ ਹੰਗਾਮਾ ਭਰਪੂਰ ਰਿਹਾ ਤੇ ਮਨੀਪੁਰ ਘਟਨਾ ਤੋਂ ਨਾਰਾਜ਼ ਵਿਰੋਧੀ ਮੈਂਬਰਾਂ ਦੇ ਹੰਗਾਮੇ ਕਾਰਨ ਲੋਕ ਸਭਾ ਬਾਅਦ ਦੁਪਹਿਰ ਬਾਕੀ ਸਾਰੇ ਦਿਨ ਲਈ ਉਠਾਅ ਦਿੱਤੀ ਗਈ। ਇਸ ਤੋਂ ਪਹਿਲਾਂ ਸਵੇਰੇ ਇਸ ਨੂੰ ਮੁਲਤਵੀ ਕੀਤਾ ਗਿਆ। ਬਾਅਦ ਦੁਪਹਿਰ 2 ਵਜੇ ਜਦੋਂ ਸਦਨ ਮੁੜ ਜੁੜਿਆ ਤਾਂ ਹਾਲਾਤ ਪਹਿਲਾਂ ਵਾਲੇ ਰਹੇ ਤੇ ਪੰਜ ਮਿੰਟਾਂ ਦੇ ਅੰਦਰ ਕਾਰਵਾਈ ਦਿਨ ਲਈ ਮੁਲਤਵੀ ਕਰ ਦਿੱਤੀ ਗਈ। ਦੂਜੇ ਪਾਸੇ ਮਨੀਪੁਰ ਹਿੰਸਾ 'ਤੇ ਨਿਯਮ 267 ਦੇ ਤਹਿਤ ਚਰਚਾ ਕਰਨ ਦੀ ਮੰਗ ਨੂੰ ਲੈ ਕੇ ਵਿਰੋਧੀ ਪਾਰਟੀਆਂ ਦੇ ਹੰਗਾਮੇ ਤੋਂ ਬਾਅਦ ਰਾਜ ਸਭਾ ਦੀ ਕਾਰਵਾਈ ਬਾਅਦ ਦੁਪਹਿਰ 2.08 ਵਜੇ ਪੂਰੇ ਦਿਨ ਲਈ ਮੁਲਤਵੀ ਕਰ ਦਿੱਤੀ ਗਈ। ਇਸ ਤੋਂ ਪਹਿਲਾਂ ਵੀ ਹੰਗਾਮੇ ਕਾਰਨ ਸਦਨ 'ਚ ਕੰਮ ਨਹੀਂ ਹੋਇਆ।

## ਹਰਿਆਣਾ ਨੂੰ ਅਸੰਬਲੀ ਲਈ ਚੰਡੀਗੜ੍ਹ 'ਚ ਜ਼ਮੀਨ ਦੇਣ ਦਾ ਫੈਸਲਾ ਤੁਰੰਤ ਵਾਪਸ ਲੈਣ ਦੀ ਮੰਗ





**ਜਲੰਧਰ, (ਰਾਜੇਸ਼ ਥਾਪਾ, ਕੇਸਰ)**-ਦੇਸ਼ ਭਗਤ ਯਾਦਗਾਰ ਜਲੰਧਰ ਦੇ ਗ਼ਦਰੀ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ' ਵਿੱਚ ਵੀਰਵਾਰ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ), ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ), ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਅਤੇ ਮਾਰਕਸਿਸਟ ਕਮਿਊਨਿਸਟ ਪਾਰਟੀ ਆਫ ਇੰਡੀਆ-ਯੂਨਾਈਟਿਡ (ਐੱਮ ਸੀ ਪੀ ਆਈ-ਯੂ) ਵੱਲੋਂ ਇੱਕ ਪ੍ਰਭਾਵਸ਼ਾਲੀ ਸੂਬਾਈ ਕਨਵੈਨਸ਼ਨ ਕੀਤੀ ਗਈ।

ਕਨਵੈਨਸ਼ਨ ਨੇ ਹਰਿਆਣਾ ਨੂੰ ਵਿਧਾਨ ਸਭਾ ਦੀ ਇਮਾਰਤ ਉਸਾਰਨ ਲਈ ਚੰਡੀਗੜ੍ਹ ਵਿਖੇ ਜ਼ਮੀਨ ਦੇਣ ਲਈ ਮੋਦੀ-ਸ਼ਾਹ ਸਰਕਾਰ ਵਲੋਂ ਸੌੜੇ ਚੁਣਾਵੀ ਲਾਭ ਲੈਣ ਲਈ ਕੀਤਾ ਗਿਆ ਦੋਹਾਂ ਸੂਬਿਆਂ ਦੇ ਲੋਕਾਂ ਦਰਮਿਆਨ ਤਣਾਅ ਪੈਦਾ ਕਰਕੇ ਅਸ਼ਾਂਤੀ ਫੈਲਾਉਣ ਵਾਲਾ ਸਾਜ਼ਿਸ਼ੀ ਫੈਸਲਾ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਕਨਵੈਨਸ਼ਨ ਇਸ ਰਾਇ ਦੀ ਸੀ ਕਿ ਚੰਡੀਗੜ੍ਹ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਹੈ, ਇਸ ਕਰਕੇ ਦੇਸ਼ ਦੀ ਪਾਰਲੀਮੈਂਟ ਵੀ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਹੋਣ ਦਾ ਨਿਤਾਰਾ ਕਰ ਚੁੱਕੀ ਹੈ।

ਮੰਗਤ ਰਾਮ ਪਾਸਲਾ, ਬੰਤ ਬਰਾੜ, ਗੁਰਮੀਤ ਸਿੰਘ ਬਖਤਪੁਰ ਅਤੇ ਕਿਰਨਜੀਤ ਸਿੰਘ ਸੇਖੋਂ ਨੇ ਮੁੱਖ ਬੁਲਾਰਿਆਂ ਵਜੋਂ ਕਨਵੈਨਸ਼ਨ ਦਾ ਮਨੋਰਥ ਸਾਂਝਾ ਕੀਤਾ। ਕੁਲਵੰਤ ਸਿੰਘ ਸੰਧੂ ਅਤੇ ਸੁਖਦਰਸ਼ਨ ਸਿੰਘ ਨੱਤ ਨੇ ਵੀ ਵਿਚਾਰ ਰੱਖੇ।

ਕਨਵੈਨਸ਼ਨ ਦੀ ਪ੍ਰਧਾਨਗੀ ਨਿਰਮਲ ਸਿੰਘ ਧਾਲੀਵਾਲ, ਰਤਨ ਸਿੰਘ ਰੰਧਾਵਾ, ਸੁਖਦੇਵ ਸਿੰਘ ਭਾਗੋਕਾਵਾਂ ਤੇ ਨਰੰਜਣ ਸਿੰਘ ਸਫੀਪੁਰ ਨੇ ਕੀਤੀ। ਮੰਚ ਸੰਚਾਲਕ ਦੇ ਫਰਜ਼ ਪਰਗਟ ਸਿੰਘ ਜਾਮਾਰਾਏ ਨੇ ਬਾਖੂਬੀ ਅਦਾ ਕੀਤੇ।

ਬੁਲਾਰਿਆਂ ਨੇ ਐਲਾਨ ਕੀਤਾ ਕਿ ਖੱਬੀਆਂ ਧਿਰਾਂ ਕੇਂਦਰ ਸਰਕਾਰ ਦੇ ਪੰਜਾਬ ਵਿਰੋਧੀ ਕਦਮਾਂ ਖਿਲਾਫ਼, ਪੰਜਾਬ-ਪੰਜਾਬੀਅਤ ਦਾ ਰੁਤਬਾ ਬੁਲੰਦ ਕਰਨ ਲਈ ਸਮੂਹ ਪੰਜਾਬੀਆਂ ਦਾ ਜਮਹੂਰੀ ਲੀਹਾਂ 'ਤੇ ਸਰਬ-ਸਾਂਝਾ ਘੋਲ ਵਿੱਢਣ ਲਈ ਪੂਰਾ ਤਾਣ ਲਾਉਣਗੀਆਂ। ਇਸ ਦਿਸ਼ਾ ਵਿੱਚ ਛੇਤੀ ਹੀ ਪੰਜਾਬ ਦੇ ਗਵਰਨਰ ਨਾਲ ਮੁਲਾਕਾਤ ਕਰਕੇ ਮੰਗ ਪੱਤਰ ਸੌਂਪਿਆ ਜਾਵੇਗਾ। ਪਹਿਲੀ ਤੋਂ ਪੰਦਰਾਂ ਅਗਸਤ ਤੱਕ ਜ਼ਿਲ੍ਹਾ ਪੱਧਰੀ ਕਨਵੈਨਸ਼ਨਾਂ ਅਤੇ ਜਨਤਕ ਰੋਸ ਐਕਸ਼ਨ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ● ਬਾਕੀ ਸਫ਼ਾ 2 'ਤੇ

## ਮੁਲਕ ਦੀ ਜ਼ਮੀਰ 'ਤੇ ਵੱਡਾ ਕਲੰਕ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮਨੀਪੁਰ ਵਿਚ ਦੋ ਔਰਤਾਂ ਉਤੇ ਜਿਨਸੀ ਹਮਲੇ ਦੀ ਵਾਪਰੀ ਘਿਨਾਉਣੀ ਕਾਰਵਾਈ ਉੱਤੇ ਡੂੰਘਾ ਦੁੱਖ ਜ਼ਾਹਰ ਕਰਦੇ ਹੋਏ ਇਸ ਅਣਮਨੁੱਖੀ ਜੁਰਮ ਨੂੰ ਅੰਜਾਮ ਦੇਣ ਵਾਲਿਆਂ ਨੂੰ ਮਿਸਾਲੀ ਸਜ਼ਾ ਦੇਣ ਦੀ ਮੰਗ ਕੀਤੀ। ਇੱਥੇ ਜਾਰੀ ਬਿਆਨ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਬੇਸਹਾਰਾ ਔਰਤਾਂ ਮਨੁੱਖਤਾ ਵਿਰੁੱਧ ਇਸ ਘਿਨਾਉਣੇ ਅਪਰਾਧ ਦਾ ਸ਼ਿਕਾਰ ਹੋਈਆਂ। ਭਗਵੰਤ ਮਾਨ ਨੇ ਕਿਹਾ ਕਿ ਇਹ ਵਹਿਸ਼ੀ ਘਟਨਾ ਮੁਲਕ ਦੀ ਜ਼ਮੀਰ 'ਤੇ ਵੱਡਾ ਕਲੰਕ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਦੀ ਸਾਰਿਆਂ ਵੱਲੋਂ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਘਿਨਾਉਣਾ ਅਤੇ ਅਣਮਨੁੱਖੀ ਕਾਰਾ ਹੈ, ਜਿਸ ਕਾਰਨ ਅੱਜ ਹਰ ਦੇਸ਼ ਵਾਸੀ ਸ਼ਰਮ ਮਹਿਸੂਸ ਕਰ ਰਿਹਾ ਹੈ।

ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿਵਾਉਣ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਅਪਰਾਧੀ ਕਿਸੇ ਤਰ੍ਹਾਂ ਦੇ ਲਿਹਾਜ਼ ਦੇ ਹੱਕਦਾਰ ਨਹੀਂ ਹਨ ਅਤੇ ਅਜਿਹੇ ਲੋਕਾਂ ਨਾਲ ਦੇਸ਼ ਦੇ ਕਾਨੂੰਨ ਅਨੁਸਾਰ ਸਖਤ ਤੋਂ ਸਖਤ ਸਜ਼ਾ ਦੇ ਕੇ ਨਜਿੱਠਿਆ ਜਾਣਾ ਚਾਹੀਦਾ ਹੈ ਤਾਂ ਜੋ ਕੋਈ ਹੋਰ ਅਜਿਹੀ ਜੁਰਅਤ ਨਾ ਕਰੇ। ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਦੋਸ਼ੀਆਂ ਨੂੰ ਛੇਤੀ ਤੋਂ ਛੇਤੀ ਕਾਨੂੰਨ ਦੇ ਕਟਹਿਰੇ ਵਿਚ ਲਿਆਉਣ ਨੂੰ ਯਕੀਨੀ ਬਣਾਉਣ ਤਾਂ ਜੋ ਪੀੜਤਾਂ ਦੇ ਪਰਵਾਰਾਂ, ਸਾਕ-ਸਨੇਹੀਆਂ ਅਤੇ ਉਨ੍ਹਾਂ ਦੇ ਸ਼ੁੱਭਚਿੰਤਕਾਂ ਨੂੰ ਇਨਸਾਫ ਦਿਵਾਇਆ ਜਾ ਸਕੇ। ਔਰਤਾਂ ਦੇ ਮਾਣ-ਸਨਮਾਨ ਨੂੰ ਯਕੀਨੀ ਬਣਾਉਣ ਲਈ ਆਪਣੇ ਸਟੈਂਡ ਨੂੰ ਦੁਹਰਾਉਂਦਿਆਂ ਉਨ੍ਹਾਂ ਕਿਹਾ ਕਿ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ● ਬਾਕੀ ਸਫ਼ਾ 2 'ਤੇ

## ਜਿਨਸੀ ਸ਼ੋਸ਼ਣ ਮਾਮਲੇ 'ਚ ਬ੍ਰਿਜ ਭੂਸ਼ਣ ਨੂੰ ਜ਼ਮਾਨਤ ਮਿਲੀ



**ਨਵੀਂ ਦਿੱਲੀ** : ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟ੍ਰੇਟ ਹਰਜੀਤ ਸਿੰਘ ਜਸਪਾਲ ਨੇ ਛੇ ਮਹਿਲਾ ਭਲਵਾਨਾਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ ਵੀਰਵਾਰ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਤੇ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਣ ਸਿੰਘ ਤੇ ਸਾਬਕਾ ਸਕੱਤਰ ਵਿਨੋਦ ਤੋਮਰ ਨੂੰ 25-25 ਹਜ਼ਾਰ ਦੇ ਮੁਚੱਲਕੇ ਨਾਲ ਜ਼ਮਾਨਤ ਦੇ ਦਿੱਤੀ। ਅਦਾਲਤ ਨੇ ਕਿਹਾ ਕਿ ਦੋਨੋਂ ਬਿਨਾਂ ਆਗਿਆ ਦੇ ਵਿਦੇਸ਼ ਨਹੀਂ ਜਾਣਗੇ ਤੇ ਸਬੂਤਾਂ ਨਾਲ ਭੰਨਤੋੜ ਨਹੀਂ ਕਰਨਗੇ। ਅਗਲੀ ਸੁਣਵਾਈ 28 ਜੁਲਾਈ ਨੂੰ ਹੋਵੇਗੀ।

ਸੁਣਵਾਈ ਦੌਰਾਨ ਦਿੱਲੀ ਪੁਲਸ ਦੇ ਵਕੀਲ ਨੇ ਕਿਹਾ ਕਿ ਜੇ ਅਦਾਲਤ ਇਨ੍ਹਾਂ ਦੋਹਾਂ ਨੂੰ ਜ਼ਮਾਨਤ ਦਿੰਦੀ ਹੈ ਤਾਂ ਸਖਤ ਸ਼ਰਤਾਂ ਲਾਵੇ। ਜਦੋਂ ਫਾਜ਼ਲ ਜੱਜ ਨੇ ਪੁੱਛਿਆ ਕਿ ਕੀ ਤੁਸੀਂ ਜ਼ਮਾਨਤ ਦਾ ਵਿਰੋਧ ਕਰ ਰਹੇ ਹੋ ਤਾਂ ਵਕੀਲ ਨੇ ਕਿਹਾ—ਨਾ ਮੈਂ ਵਿਰੋਧ ਕਰ ਰਿਹਾਂ ਤੇ ਨਾ ਹਮਾਇਤ। ਜ਼ਮਾਨਤ ਅਰਜ਼ੀ 'ਤੇ ਅਦਾਲਤ ਕਾਨੂੰਨ ਮੁਤਾਬਕ ਹੁਕਮ ਪਾਸ ਕਰੇ।

## ਜਗੂਆਰ ਦੀ ਟੱਕਰ ਨਾਲ 9 ਮੌਤਾਂ



**ਅਹਿਮਦਾਬਾਦ** : ਇਥੇ ਇਸਕਾਨ ਪੁਲ 'ਤੇ ਬੁੱਧਵਾਰ ਰਾਤ ਇਕ ਵਜੇ ਜਗੂਆਰ ਕਾਰ ਨੇ ਕਰੀਬ 25 ਲੋਕਾਂ ਨੂੰ ਕੁਚਲ ਦਿੱਤਾ, ਜਿਨ੍ਹਾਂ ਵਿੱਚੋਂ 9 ਦੀ ਮੌਤ ਹੋ ਗਈ। ਮ੍ਰਿਤਕਾਂ ਵਿਚ ਇਕ ਸਿਪਾਹੀ ਤੇ ਇਕ ਹੋਮਗਾਰਡ ਵੀ ਹਨ। ਟੱਕਰ ਏਨੀ ਜ਼ੋਰਦਾਰ ਸੀ ਕਿ ਲੋਕ 30 ਫੁੱਟ ਦੂਰ ਜਾ ਕੇ ਡਿੱਗੇ। ਪੁਲ 'ਤੇ ਮਹਿੰਦਰਾ ਥਾਰ ਪਿੱਛਿਓਂ ਇਕ ਡੰਪਰ ਨਾਲ ਟਕਰਾਅ ਗਈ ਸੀ। ਇਸ ਨੂੰ ਦੇਖਣ ਲਈ ਲੋਕਾਂ ਦੀ ਭੀੜ ਲੱਗ ਗਈ। ਉਸੇ ਵੇਲੇ ਰਾਜਪਥ ਕਲੱਬ ਵੱਲੋਂ 160 ਕਿੱਲੋਮੀਟਰ ਦੀ ਸਪੀਡ ਨਾਲ ਆਈ ਜਗੂਆਰ ਇਨ੍ਹਾਂ 'ਤੇ ਚੜ੍ਹ ਗਈ। ਜਗੂਆਰ ਦਾ ਡਰਾਈਵਰ ਵੀ ਜ਼ਖਮੀ ਹੋ ਗਿਆ। ਜਗੂਆਰ ਨੂੰ 18-19 ਸਾਲ ਦਾ ਤੱਥਯ ਪਟੇਲ ਚਲਾ ਰਿਹਾ ਸੀ। ਉਸ ਦਾ ਪਿਤਾ ਪ੍ਰਗਯੇਸ਼ ਪਟੇਲ ਗੈਂਗਰੇਪ ਮਾਮਲੇ ਵਿਚ ਮੁਲਜ਼ਮ ਰਹਿ ਚੁੱਕਾ ਹੈ। ਘਟਨਾ ਦੇ ਬਾਅਦ ਸਾਰਾ ਪਰਵਾਰ ਗਾਇਬ ਹੋ ਗਿਆ। ਪੁਲਸ ਮੁਤਾਬਕ ਜਗੂਆਰ ਵਿਚ ਇਕ ਮੁੰਡਾ ਤੇ ਕੁੜੀ ਵੀ ਸਨ।

## ਗੁੰਡਿਆਂ ਦਾ ਸਰਗਨਾ ਗ੍ਰਿਫਤਾਰ ਨਾ ਕੀਤਾ ਤਾਂ ਡੀ ਐੱਸ ਪੀ ਦਫਤਰ ਅੱਗੇ ਮੋਰਚਾ ਲੱਗੇਗਾ : ਮਾੜੀਮੇਘਾ, ਪੂਰਨ ਸਿੰਘ





**ਭਿੱਖੀਵਿੰਡ**—ਭਗਤ ਸਿੰਘ ਦੇ ਚਾਚੇ ਸ਼ਹੀਦ ਸਵਰਨ ਸਿੰਘ ਤੇ ਬਟੁਕੇਸ਼ਵਰ ਦੱਤ ਦੇ ਸ਼ਹੀਦੀ ਦਿਹਾੜੇ 'ਤੇ ਅਲਗੋਂ ਕੋਠੀ ਵਿਖੇ ਸੀ ਪੀ ਆਈ ਬਲਾਕ ਭਿੱਖੀਵਿੰਡ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਨਰੇਗਾ ਕਾਮਿਆਂ ਦੀ ਕੰਮ ਦਿਹਾੜੀ 700 ਰੁਪਏ ਪ੍ਰਤੀ ਦਿਨ, ਸਾਲ ਵਿੱਚ 100 ਦਿਨ ਦੀ ਥਾਂ 200 ਦਿਨ ਕੰਮ ਦੇਣ ਲਈ, ਨਰੇਗਾ ਕਾਮਿਆਂ ਦੇ ਕੰਮ ਲੈਣ ਤੇ ਕੀਤੇ ਹੋਏ ਕੰਮ ਦੇ ਪੈਸੇ ਲੈਣ ਅਤੇ ਪਿਛਲੇ ਦਿਨੀਂ ਨਰੇਗਾ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਅਲਗੋਂ ਨੂੰ ਗੁੰਡਿਆਂ ਵੱਲੋਂ ਧਮਕਾਉਣ ਵਿਰੁੱਧ ਕਾਨਫਰੰਸ ਕਰਨ ਤੋਂ ਬਾਅਦ ਅਲਗੋਂ ਦੇ ਬਾਜ਼ਾਰ ਵਿੱਚ ਰੋਹ ਭਰਪੂਰ ਮੁਜ਼ਾਹਰਾ ਕਰਕੇ ਚੌਂਕ ਜਾਮ ਕੀਤਾ ਗਿਆ।

ਇਸ ਸਮਾਗਮ ਦੀ ਪ੍ਰਧਾਨਗੀ ਟਹਿਲ ਸਿੰਘ ਲੱਧੂ, ਹਰਜਿੰਦਰ ਕੌਰ ਅਲਗੋਂ ਤੇ ਬੀਬੀ ਸਰੋਜ ਮਲਹੋਤਰਾ ਭਿੱਖੀਵਿੰਡ ਨੇ ਕੀਤੀ। ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਤੇ ਸੀ ਪੀ ਆਈ ਦੇ ਜ਼ਿਲ੍ਹਾ ਕਾਰਜਕਾਰਨੀ ਮੈਂਬਰ ਪੂਰਨ ਸਿੰਘ ਮਾੜੀਮੇਘਾ ਨੇ ਸਰਕਾਰ ਤੇ ਪੁਲਸ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਪ੍ਰਸ਼ਾਸਨ ਗੁੰਡਿਆਂ ਦੇ ਸਰਗਨੇ ਨੂੰ ਗ੍ਰਿਫਤਾਰ ਨਹੀਂ ਕਰ ● ਬਾਕੀ ਸਫ਼ਾ 2 'ਤੇ

## ਬਾਲਟੀ ਮਾਰ ਕੇ ਗੁਆਂਢਣ ਦੀ ਹੱਤਿਆ



**ਮਾਨਸਾ. (ਰੀਤਵਾਲ)** ਪਿਉ-ਪੁੱਤ ਦੇ ਝਗੜੇ ਨੂੰ ਹਟਾਉਣ ਗਈ ਗੁਆਂਢਣ ਦੀ ਬਾਲਟੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਡੀ.ਐੱਸ.ਪੀ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ ਪਿੰਡ ਬੀਰੋਕੇ ਖੁਰਦ 'ਚ ਪਿਓ-ਪੁੱਤ ਦਾ ਝਗੜਾ ਚੱਲ ਰਿਹਾ ਸੀ, ਜਿਸ ਨੂੰ ਸ਼ਾਂਤ ਕਰਨ ਲਈ ਗੁਆਂਢ 'ਚੋਂ ਮਿੱਠੂ ਸਿੰਘ ਅਤੇ ਉਸ ਦੀ ਪਤਨੀ ਮਨਜੀਤ ਕੌਰ ਪਹੁੰਚੇ ਤਾਂ ਬਹਿਸਬਾਜ਼ੀ ਦੌਰਾਨ ਗੁਰਤੇਜ ਸਿੰਘ ਗੁਆਂਢਣ ਮਨਜੀਤ ਕੌਰ ਨੂੰ ਕਹਿਣ ਲੱਗਾ ਕਿ ਤੁਸੀਂ ਮੇਰੇ ਘਰ ਅੰਦਰ ਜ਼ਿਆਦਾ ਦਖਲ-ਅੰਦਾਜ਼ੀ ਕਰਦੇ ਹੋ ਅਤੇ ਉਸ ਨੇ ਗੁਆਂਢਣ ਮਨਜੀਤ ਦੇ ਸਿਰ 'ਚ ਬਾਲਟੀ ਨਾਲ ਹਮਲਾ ਕਰ ਦਿੱਤਾ। ਪਰਵਾਰਕ ਮੈਂਬਰਾਂ ਵੱਲੋਂ ਮਨਜੀਤ ਕੌਰ (40 ਸਾਲਾ) ਨੂੰ ਜ਼ਖਮੀ ਹਾਲਤ ਵਿੱਚ ਸਿਵਲ ਹਸਪਤਾਲ ਬੁਢਲਾਡਾ ਲਿਆਂਦਾ ਗਿਆ। ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਸਦਰ ਪੁਲਸ ਵੱਲੋਂ ਮਿੱਠੂ ਸਿੰਘ ਦੇ ਬਿਆਨ 'ਤੇ ਗੁਰਤੇਜ ਸਿੰਘ ਖਿਲਾਫ ਕਤਲ ਦਾ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਅੱਜ-ਨਾਮਾ

ਰਹੀ ਨਾ ਸ਼ਰਮ-ਹਯਾ ਕੋਈ ਦੇਸ਼ ਅੰਦਰ,
ਮਨੀਪੁਰ ਇਹਦਾ ਹੈ ਸਾਫ ਸਬੂਤ ਮੀਆਂ।
ਦਰਿੰਦਗੀ ਵਾਲੀ ਜਦ ਓਸ ਥਾਂ ਹੱਦ ਹੋਈ,
ਮਰ ਗਈ ਰੂਹ ਤੇ ਰੋਂਦਾ ਕਲਬੂਤ ਮੀਆਂ।
ਨਾ ਹੀ ਡਿੱਠੀ ਨਾ ਕਿਤੇ ਸਰਕਾਰ ਰੜਕੀ,
ਸੜਕਾਂ ਉੱਤੇ ਸਨ ਬੜ੍ਹਕਦੇ ਊਤ ਮੀਆਂ।
ਡਬਲ ਇੰਜਣ ਦਾ ਸ਼ੋਸ਼ਾ ਸੀ ਗਿਆ ਕਿੱਥੇ,
ਦਿੱਸਦਾ ਕੰਮ ਨਹੀਂ ਕਿਤੇ ਜੇ ਸੂਤ ਮੀਆਂ।
ਹਾਲਤ ਦੇਸ਼ ਵਿੱਚ ਸੁਧਰਨੀ ਨਹੀਂ ਜੇਕਰ,
ਆਈ ਹਾਕਮ ਨੂੰ ਕੋਈ ਨਾ ਸ਼ਰਮ ਮੀਆਂ।
ਇਹ ਵੀ ਭਰਮ ਕਿ ਕੋਈ ਸਰਕਾਰ ਹੈਗੀ,
ਨਹੀਂ ਸਰਕਾਰ ਨਾ ਦਿੱਸਦਾ ਧਰਮ ਮੀਆਂ।

-ਤੀਸ ਮਾਰ ਖਾਂ

## ਮਹਿਲਾ ਅਫਸਰਾਂ ਨੇ ਸੰਭਾਲੀ ਲੋਕਾਂ ਦੀ ਜਾਨ-ਮਾਲ ਦੀ ਰਾਖੀ ਦੀ ਕਮਾਂਡ



ਸੀ ਐੱਮ ਫੀਲਡ ਅਫਸਰ ਅਨਮਜੋਤ ਕੌਰ | ਐੱਸ ਡੀ ਐੱਮ ਮਨੀਸ਼ਾ ਰਾਣਾ | ਡੀ ਸੀ ਡਾ. ਪ੍ਰੀਤੀ ਯਾਦਵ | ਐੱਸ ਡੀ ਓ ਵਾਟਰ ਸਪਲਾਈ ਭਾਵਨਾ ਦੀਵਾਨ | ਬੀ ਡੀ ਪੀ ਓ ਈਸ਼ਾਨ ਚੌਧਰੀ | ਏ ਡੀ ਸੀ ਈਸ਼ਾ ਸਿੰਗਲ

**ਸ੍ਰੀ ਅਨੰਦਪੁਰ ਸਾਹਿਬ. (ਅਰਵਿੰਦਰ ਸਿੰਘ ਬਿੰਦੀ)**-ਭਾਰੀ ਬਰਸਾਤ ਦੌਰਾਨ ਜ਼ਿਲ੍ਹਾ ਰੂਪਨਗਰ ਵਿੱਚ ਪੈਦਾ ਹੋਏ ਹੜ੍ਹਾਂ ਵਰਗੇ ਹਾਲਾਤ ਨਾਲ ਪ੍ਰਭਾਵਿਤ ਖੇਤਰਾਂ ਵਿੱਚ ਜਿਸ ਤਰ੍ਹਾਂ ਜ਼ਿਲ੍ਹੇ ਦੇ ਮਹਿਲਾ ਅਧਿਕਾਰੀਆਂ ਨੇ ਆਪਣੀ ਭੂਮਿਕਾ ਨਿਭਾਈ ਹੈ, ਉਸ ਦੀ ਚਹੁੰਪਾਸੀਓਂ ਸ਼ਲਾਘਾ ਹੋ ਰਹੀ ਹੈ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਰੂਪਨਗਰ ਜ਼ਿਲ੍ਹੇ ਦੀ ਭੂਗੋਲਿਕ ਸਥਿਤੀ ਮੁਤਾਬਿਕ ਇੱਥੋਂ ਵਗਦੇ ਦਰਿਆਵਾਂ, ਨਹਿਰਾਂ, ਨਦੀਆਂ, ਭਾਖੜਾ ਡੈਮ ਤੇ ਹੋਰ ਪਹਾੜੀ ਖੇਤਰਾਂ ਤੋਂ ਆਉਣ ਵਾਲੇ ਪਾਣੀ ਤੋਂ ਆਮ ਲੋਕਾਂ ਨੂੰ ਬਚਾਉਣ ਲਈ ਸ਼ੁਰੂਆਤੀ ਦੌਰ ਵਿੱਚ ਹੀ ਖੁਦ ਮੋਰਚਾ ਸੰਭਾਲਿਆ ਅਤੇ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਹਰ ਖੇਤਰ ਵਿੱਚ ਤਾਇਨਾਤ ਅਧਿਕਾਰੀ ਅਤੇ ਕਰਮਚਾਰੀ ਨੂੰ ਸਤਰਕ ਕੀਤਾ ਤੇ ਰਾਹਤ ਤੇ ਬਚਾਅ ਕਾਰਜ ਸ਼ੁਰੂ ਕਰਵਾਏ, ਆਪਣੇ ਛੋਟੇ ਬੱਚਿਆਂ ਨੂੰ ਘਰ ਵਿੱਚ ਛੱਡ ਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਖੁਦ ਪ੍ਰਭਾਵਿਤ ਖੇਤਰਾਂ ਵਿੱਚ ਉੱਤਰੇ। ਲੋਕਾਂ ਤੱਕ ਸਹੂਲਤਾਂ ਪਹੁੰਚਾਉਣ ਐੱਨ.ਡੀ.ਆਰ.ਐੱਫ ਟੀਮ ਨੂੰ ਕਿਸ਼ਤੀਆਂ ਰਾਹੀਂ ਲੋਕਾਂ ਦਾ ਬਚਾਅ ਕਰਨ ਵਿੱਚ ਲਗਾਇਆ। ਉਨ੍ਹਾਂ ਵੱਲੋਂ ਸਾਰੇ ਵਿਭਾਗਾਂ ਨੂੰ ਟੀਮ ਵਰਕ ਦੀ ਤਰ੍ਹਾਂ ਕੰਮ ਕਰਨ ਲਈ ਜੋੜਿਆ ਅਤੇ ਖੁਦ ਕਮਾਂਡ ਸੰਭਾਲੀ।

ਭਾਖੜਾ ਡੈਮ, ਦਰਿਆਵਾਂ, ਨਹਿਰਾਂ, ਨਦੀਆਂ ਵਾਲੇ ਜ਼ਿਲ੍ਹਾ ਰੂਪਨਗਰ ਵਿੱਚ ਹਿਮਾਚਲ ਪ੍ਰਦੇਸ਼ ਦੇ ਪਹਾੜਾਂ ਤੋਂ ਆਏ ਵੱਡੀ ਮਾਤਰਾ ਵਿੱਚ ਪਾਣੀ ਤੋਂ ਲੋਕਾਂ ਦੇ ਜਾਨ-ਮਾਲ ਨੂੰ ਬਚਾਉਣ ਲਈ ਡਿਪਟੀ ਕਮਿਸ਼ਨਰ ਦੇ ਨਾਲ ਈਸ਼ਾ ਸਿੰਗਲ ਐਡੀਸ਼ਨਲ ਡਿਪਟੀ ਕਮਿਸ਼ਨਰ ਵੀ ਪੂਰੀ ਤਰ੍ਹਾਂ ਡਟੇ ਰਹੇ। ਸ੍ਰੀ ਅਨੰਦਪੁਰ ਸਾਹਿਬ ਅਤੇ ਨੰਗਲ ਸਬ ਡਵੀਜ਼ਨ ਦੇ ਐੱਸ.ਡੀ.ਐੱਮ ਮਨੀਸ਼ਾ ਰਾਣਾ ਨੇ ਵੀ ਦੋਵੇਂ ਸਬ-ਡਵੀਜ਼ਨਾਂ ਅਤੇ ਸਬ ਤਹਿਸੀਲ ਨੂਰਪੁਰ ਬੇਦੀ ਵਿੱਚ ਕਮਾਂਡ ਸੰਭਾਲਦੇ ਹੋਏ ਅਧਿਕਾਰੀਆਂ/ਕਰਮਚਾਰੀਆਂ ਦਾ ਹੌਸਲਾ ਬੁਲੰਦ ਕੀਤਾ। ਨੰਗਲ-ਭਾਖੜਾ ਡੈਮ ਦੇ ਅਧਿਕਾਰੀਆਂ ਨਾਲ ਤਾਲਮੇਲ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ ਅਤੇ ਸਬ ਤਹਿਸੀਲ ਨੂਰਪੁਰ ਬੇਦੀ ਵਿੱਚ ਦਿਨ-ਰਾਤ ਰਾਹਤ ਤੇ ਬਚਾਅ ਕਾਰਜ ਚੱਲਦੇ ਰਹੇ, ਲੋਕਾਂ ਤੱਕ ਤਿਆਰ ਅਤੇ ਸੁੱਕਾ ਰਾਸ਼ਨ ਪਹੁੰਚਾਇਆ ਗਿਆ, ਰਾਹਤ ਸ਼ਿਵਰ, ਕੰਟਰੋਲ ਰੂਮ, ਹੈਲਪ ਲਾਈਨ ਨੰਬਰ ਜਾਰੀ ਹੋਏ। ਖਾਸ ਤੌਰ 'ਤੇ ਸੀਵਰਮੈਨ, ਸਫਾਈ ਕਰਮਚਾਰੀਆਂ ਦੀ ਸੁਰੱਖਿਆ ਦਾ ਧਿਆਨ ਰੱਖਿਆ ਗਿਆ, ਸੇਫਟੀ ਕਿੱਟ, ਬੂਟ, ਬਰਸਾਤੀਆਂ ਉਪਲੱਬਧ ਕਰਵਾਇਆ ਗਈਆਂ।

ਅਨਮਜੋਤ ਕੌਰ ਮੁੱਖ ਮੰਤਰੀ ਫੀਲਡ ਅਫਸਰ ਵੀ ਪ੍ਰਭਾਵਤ ਖੇਤਰਾਂ ਵਿੱਚ ਦਿਨ-ਰਾਤ ਦੌਰੇ 'ਤੇ ਰਹੇ, ਉਸ ਸਮੇਂ ਤੈਨਾਤ ਨਾਇਬ ਤਹਿਸੀਲਦਾਰ ਨੂਰਪੁਰ ਬੇਦੀ ਰਿਤੂ ਕਪੂਰ ਨਾਲ ਉਨ੍ਹਾਂ ਨੇ ਪਿੰਡ-ਪਿੰਡ ਦੌਰਾ ਕੀਤਾ ਤੇ ਲੋਕਾਂ ਤੱਕ ਰਾਹਤ ਪਹੁੰਚਾਈ। ਈਸ਼ਾਨ ਚੌਧਰੀ ਬੀ.ਡੀ.ਪੀ.ਓ ਪੇਂਡੂ ਖੇਤਰਾਂ ਵਿੱਚ ਨੁਕਸਾਨ ਦਾ ਜਾਇਜ਼ਾ ਲੈਣ ਦੇ ਨਾਲ-ਨਾਲ ਪ੍ਰਭਾਵਿਤ ਖੇਤਰਾਂ ਵਿੱਚ ਲੋਕਾਂ ਨੂੰ ਰਾਹਤ ਵੰਡਦੇ ਰਹੇ, ਉਨ੍ਹਾਂ ਨੇ ਰਾਹਤ ਸ਼ਿਵਰਾਂ ਤੱਕ ਲੋਕਾਂ ਨੂੰ ਪਹੁੰਚਾਇਆ। ਭਾਵਨਾ ਦੀਵਾਨ ਐੱਸ.ਡੀ.ਓ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੇ ਸੌ ਪ੍ਰਤੀਸ਼ਤ ਜਲ ਸਪਲਾਈ ਲਈ ਛੇਤੀ ਤੋਂ ਛੇਤੀ ਬਹਾਲ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ। ਇਨ੍ਹਾਂ ● ਬਾਕੀ ਸਫ਼ਾ 2 'ਤੇ

## ਨੁਕਸਾਨ ਦੀ ਪੂਰੀ ਭਰਪਾਈ ਕਰਾਂਗੇ : ਮਾਨ



**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਨੇ ਹੜ੍ਹਾਂ ਕਾਰਨ ਲੋਕਾਂ ਦੇ ਹੋਏ ਨੁਕਸਾਨ ਦੇ ਇਕ-ਇਕ ਪੈਸੇ ਦੀ ਭਰਪਾਈ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾ ਕਿਹਾ ਕਿ ਭਾਰੀ ਮੀਂਹ ਕਾਰਨ ਫਸਲਾਂ, ਘਰਾਂ ਅਤੇ ਹੋਰ ਨੁਕਸਾਨ ਦਾ ਪਤਾ ਲਾਉਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਡਿਪਟੀ ਕਮਿਸ਼ਨਰਾਂ ਨੂੰ ਫਸਲਾਂ, ਘਰਾਂ ਤੇ ਪਸ਼ੂਆਂ ਦੀ ਗਿਰਦਾਵਰੀ ਪਹਿਲ ਦੇ ਆਧਾਰ 'ਤੇ ਕਰਵਾਉਣ ਦੀਆਂ ਹਦਾਇਤਾਂ ਦਿੱਤੀਆਂ ਜਾ ਚੁੱਕੀਆਂ ਹਨ।

ਮਾਨ ਨੇ ਕਿਹਾ ਕਿ ਉਹ ਪਠਾਨਕੋਟ ਤੋਂ ਸਰਦੂਲਗੜ੍ਹ ਤੱਕ ਸੂਬਾ ਭਰ ਵਿਚ ਹੜ੍ਹਾਂ ਕਾਰਨ ਪੈਦਾ ਹੋਈ ਸਥਿਤੀ ਉਤੇ ਨਜ਼ਰ ਰੱਖ ਰਹੇ ਹਨ। ਸੂਬਾ ਸਰਕਾਰ ਹੜ੍ਹ ਪੀੜਤ ਲੋਕਾਂ ਨੂੰ ਸਮੇਂ ਸਿਰ ਰਾਹਤ ਪਹੁੰਚਾਏ ਜਾਣ ਲਈ ਵਚਨਬੱਧ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਸੂਬਾ ਸਰਕਾਰ ਇਸ ਔਖੀ ਘੜੀ ਵਿਚ ਲੋਕਾਂ ਨਾਲ ਡਟ ਕੇ ਖੜ੍ਹੀ ਹੈ ਅਤੇ ਉਨ੍ਹਾਂ ਨੂੰ ਲੋੜੀਂਦੀ ਮਦਦ ਦਿੱਤੀ ਜਾ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਪ੍ਰਭਾਵਤ ਇਲਾਕਿਆਂ ਵਿਚ ਬਚਾਅ ਤੇ ਰਾਹਤ ਕਾਰਜਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ, ਤਾਂ ਜੋ ਲੋਕਾਂ ਦੀਆਂ ਦੁੱਖ-ਤਕਲੀਫਾਂ ਘਟਾਈਆਂ ਜਾ ਸਕਣ। ਉਨ੍ਹਾ ਕਿਹਾ ਕਿ ਇਨ੍ਹਾਂ ਇਲਾਕਿਆਂ ਵਿਚ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ।

## ਜ਼ਿਲ੍ਹਾ ਕੈਮਿਸਟ ਐਸੋਸੀਏਸ਼ਨ ਕਰੇਗੀ ਹੜ੍ਹ ਪੀੜਤਾਂ ਦੀ ਮਦਦ : ਬਾਲਿਆਂਵਾਲੀ

**ਬਠਿੰਡਾ,(ਪਰਵਿੰਦਰ ਜੀਤ ਸਿੰਘ)** ਜ਼ਿਲ੍ਹਾ ਬਠਿੰਡਾ ਦੇ ਹੜ੍ਹ ਪੀੜਤਾਂ ਦੀ ਸਿਹਤ ਸੁਰੱਖਿਆ ਲਈ ਜ਼ਿਲ੍ਹਾ ਕੈਮਿਸਟ ਐਸੋਸੀਏਸ਼ਨ ਵੱਲੋਂ ਹਰ ਸੰਭਵ ਮਦਦ ਕੀਤੀ ਜਾਵੇਗੀ। ਉਪਰੋਕਤ ਗੱਲਾਂ ਜ਼ਿਲ੍ਹਾ ਕੈਮਿਸਟ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਬਾਲਿਆਂਵਾਲੀ ਨੇ ਸੀ.ਐਮ.ਓ ਨਾਲ ਮੀਟਿੰਗ ਕਰਨ ਉਪਰੰਤ ਕਹੀਆਂ। ਉਕਤ ਮੀਟਿੰਗ ਵਿੱਚ ਸੀ.ਐਮ.ਓ ਡਾ.ਤੇਜਵੰਤ ਸਿੰਘ ਢਿੱਲੋਂ, ਡੀ.ਐਚ.ਓ ਡਾ.ਊਸ਼ਾ ਗੋਇਲ, ਜੈੱਡ.ਐਲ.ਏ ਅਮਨ ਵਰਮਾ, ਜ਼ਿਲ੍ਹਾ ਡਰੱਗ ਅਫਸਰ ਏਕਾਂਤ ਸਿੰਗਲਾ ਅਤੇ ਨਰੇਸ਼ ਕੁਮਾਰ ਤੋਂ ਇਲਾਵਾ ਟੀ.ਬੀ.ਡੀ.ਸੀ.ਏ ਦੇ ਜ਼ਿਲ੍ਹਾ ਵਿੱਤ ਸਕੱਤਰ ਰਮੇਸ਼ ਗਰਗ, ਹੋਲਸੇਲ ਕੈਮਿਸਟ ਐਸੋਸੀਏਸ਼ਨ ਦੇ ਪ੍ਰੀਤਮ ਸਿੰਘ ਵਿਰਕ ਅਤੇ ਕੈਸ਼ੀਅਰ ਵਿਜੇ ਕੁਮਾਰ ਗਣਪਤੀ ਵਾਲੇ ਹਾਜ਼ਰ ਸਨ। ਬਾਲਿਆਂਵਾਲੀ ਨੇ ਦੱਸਿਆ ਕਿ ਹੜ੍ਹ ਪੀੜਤਾਂ ਦੀ ਮਦਦ ਲਈ ਸੀ.ਐਮ.ਓ ਅਤੇ ਉਨ੍ਹਾਂ ਦੀ ਟੀਮ ਨਾਲ ਗੱਲਬਾਤ ਕਰਨ ਤੋਂ ਬਾਅਦ ਜ਼ਿਲ੍ਹਾ ਕੈਮਿਸਟ ਐਸੋਸੀਏਸ਼ਨ ਨੇ ਉਨ੍ਹਾਂ ਨੂੰ ਪੱਤਰ ਦੇ ਕੇ ਭਰੋਸਾ ਦਿੱਤਾ ਹੈ ਕਿ ਜ਼ਿਲ੍ਹਾ ਕੈਮਿਸਟ ਐਸੋਸੀਏਸ਼ਨ ਦੀਆਂ ਸਾਰੀਆਂ 11 ਯੂਨਿਟਾਂ ਭੁੱਚੋ ਮੰਡੀ, ਰਾਮਪੁਰਾ ਫੂਲ, ਗੋਨਿਆਣਾ, ਤਲਵੰਡੀ ਸਾਬੋ, ਸੰਗਤ ਮੰਡੀ, ਨਥਾਣਾ, ਭਗਤਾ ਭਾਈ ਕਾ, ਰਾਮਾਂ ਮੰਡੀ, ਮੌੜ ਮੰਡੀ, ਹੋਲਸੇਲ ਅਤੇ ਰਿਟੇਲ ਕੈਮਿਸਟ ਐਸੋਸੀਏਸ਼ਨ ਹੜ੍ਹ ਪੀੜਤਾਂ ਦੀ ਮਦਦ ਲਈ ਤਿਆਰ ਹਨ, ਜਿਨ੍ਹਾਂ ਵੱਲੋਂ ਸਾਰੇ ਹੜ੍ਹ ਪੀੜਤਾਂ ਨੂੰ ਲੋੜ ਅਨੁਸਾਰ ਦਵਾਈਆਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਦੌਰਾਨ ਜ਼ਿਲ੍ਹਾ ਕੈਮਿਸਟ ਐਸੋਸੀਏਸਨ ਵੱਲੋਂ ਸੀ ਐਮ ਓ ਅਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਕੀਤਾ ਗਿਆ। ਕੋਰੋਨਾ ਮਹਾਂਮਾਰੀ ਦੌਰਾਨ ਵੀ ਜ਼ਿਲ੍ਹਾ ਕੈਮਿਸਟ ਐਸੋਸੀਏਸ਼ਨ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਦੇ ਸਹਿਯੋਗ ਨਾਲ ਦਿਨ-ਰਾਤ ਕੋਰੋਨਾ ਪੀੜਤਾਂ ਦੀ ਮਦਦ ਕੀਤੀ ਗਈ ਸੀ।

## ਡਾਕਟਰ ਮਦਾਨ ਦੇ ਘਰ ਡਾਕਾ, ਲੱਖਾਂ ਦੇ ਗਹਿਣੇ ਤੇ ਨਗਦੀ ਚੋਰੀ

**ਬਠਿੰਡਾ, (ਪਰਵਿੰਦਰ ਜੀਤ ਸਿੰਘ)**-ਸ਼ਹਿਰ ਦੇ ਨਾਮਵਰ ਡਾਕਟਰ ਆਰ. ਕੇ. ਮਦਾਨ ਦੇ ਘਰ ਵਿੱਚ ਤਿੰਨ ਦਿਨ ਪਹਿਲਾਂ ਚੋਰੀ ਹੋਣ ਦੀ ਸੂਚਨਾ ਹੈ। ਚੋਰ ਡਾਕਟਰ ਫੈਮਿਲੀ ਦੀ ਗੈਰ-ਹਾਜ਼ਰੀ 'ਚ ਘਰ ਵਿੱਚ ਬਣੀ ਇਲੈਕਟਰੋਨਿਕ ਸੇਫ ਵਿੱਚੋਂ ਕਰੋੜਾਂ ਰੁਪਏ ਦੀ ਨਗਦੀ ਤੇ ਗਹਿਣੇ ਚੋਰੀ ਕਰਕੇ ਲੈ ਗਏ। ਇਸ ਮਾਮਲੇ ਵਿੱਚ ਥਾਣਾ ਕੋਤਵਾਲੀ ਪੁਲਸ ਵੱਲੋਂ ਡਾ. ਮਦਾਨ ਦੇ ਬਿਆਨਾਂ ਉਪਰ ਅਗਿਆਤ ਵਿਅਕਤੀਆਂ ਵਿਰੁੱਧ ਧਾਰਾ 457 ਤੇ 380 ਆਈ.ਪੀ.ਸੀ. ਤਹਿਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਅਨੁਸਾਰ ਮਾਮਲਾ ਸ਼ਹਿਰ ਦੇ ਨਾਮਵਰ ਡਾਕਟਰ ਨਾਲ ਜੁੜਿਆ ਹੋਣ ਕਾਰਨ ਤੇ ਚੋਰੀ ਹੋਏ ਮਾਲਕ ਦੀ ਕੀਮਤ 'ਕਰੋੜਾਂ' 'ਚ ਹੋਣ ਕਾਰਨ ਪੁਲਸ ਵਿਭਾਗ ਦੇ ਉੱਚ ਅਧਿਕਾਰੀ ਇਸ ਮਾਮਲੇ ਦੀ ਜਾਂਚ ਵਿੱਚ ਜੁਟੇ ਹੋਏ ਹਨ, ਪ੍ਰੰਤੂ ਚੋਰੀ ਦੀ ਘਟਨਾ ਨੂੰ ਵਾਪਰੇ ਤਿੰਨ ਦਿਨ ਬੀਤ ਜਾਣ ਦੇ ਬਾਵਜੂਦ ਹਾਲੇ ਤੱਕ ਪੁਲਸ ਦੇ ਹੱਥ ਖਾਲੀ ਦੱਸੇ ਜਾ ਰਹੇ ਹਨ। ਉਂਞ ਸੰਭਾਵਨਾ ਜਤਾਈ ਜਾ ਰਹੀ ਹੈ ਕਿ ਇਸ ਘਟਨਾ ਨੂੰ ਅੰਜਾਮ ਕਿਸੇ ਘਰ ਦੇ ਭੇਤੀ ਨੇ ਹੀ ਦਿੱਤਾ ਹੈ, ਕਿਉਂਕਿ ਜਿੱਥੇ ਚੋਰ ਨੇ ਨਗਦੀ ਤੇ ਗਹਿਣੇ ਤੋਂ ਇਲਾਵਾ ਘਰ ਵਿੱਚ ਪਏ ਹੋਰ ਕੀਮਤੀ ਸਾਮਾਨ ਨੂੰ ਨਹੀਂ ਛੇੜਿਆ, ਉਥੇ ਫੜੇ ਜਾਣ ਦੇ ਡਰੋਂ ਘਰ ਵਿੱਚ ਲੱਗੇ ਹੋਏ ਸੀਸੀਟੀਵੀ ਕੈਮਰਿਆਂ ਦੀਆਂ ਦੋਨਾਂ ਡੀਵੀਆਰਜ਼ ਵੀ ਨਾਲ ਲੈ ਗਿਆ ਹੈ। ਓਧਰ ਡਾ. ਮਦਾਨ ਨੇ ਇਸ ਘਟਨਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਪੁਲਸ ਲਗਾਤਾਰ ਜਾਂਚ ਕਰ ਰਹੀ ਹੈ ਤੇ ਉਸ ਨੂੰ ਭਰੋਸਾ ਹੈ ਕਿ ਜਲਦੀ ਹੀ ਚੋਰ ਦਾ ਪਤਾ ਲੱਗ ਜਾਵੇਗਾ। ਦੂਜੇ ਪਾਸੇ ਐੱਸ.ਐੱਸ.ਪੀ. ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਹਰ ਪਹਿਲੂ ਤੋਂ ਕੀਤੀ ਜਾ ਰਹੀ ਹੈ ਤੇ ਉਮੀਦ ਹੈ ਕਿ ਇਹ ਜਾਂਚ ਜਲਦ ਹੀ ਕਿਸੇ ਸਿੱਟੇ 'ਤੇ ਪੁੱਜੇਗੀ। ਸਥਾਨਕ ਜੀ ਟੀ ਰੋਡ 'ਤੇ ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ ਦੇ ਸਾਹਮਣੇ ਮਦਾਨ ਨਰਸਿੰਗ ਹੋਮ ਹੈ, ਜਿਸ ਨੂੰ ਡਾ. ਆਰ ਕੇ ਮਦਾਨ ਤੇ ਉਸ ਦੀ ਪਤਨੀ ਡਾ. ਊਸ਼ਾ ਮਦਾਨ ਚਲਾ ਰਹੇ ਹਨ। ਹਸਪਤਾਲ ਦੇ ਉਪਰ ਹੀ ਡਾਕਟਰ ਨੇ ਰਿਹਾਇਸ਼ ਰੱਖੀ ਹੋਈ ਹੈ। ਇਸ ਡਾਕਟਰ ਜੋੜੀ ਦੇ ਪੁੱਤਰ ਡਾ. ਰਾਹੁਲ ਮਦਾਨ ਤੇ ਨੂੰਹ ਡਾਕਟਰ ਪਾਰੁਲ ਮਦਾਨ ਸਥਾਨਕ ਸਰਕਾਰੀ ਹਸਪਤਾਲ ਵਿੱਚ ਸੇਵਾਵਾਂ ਨਿਭਾਅ ਰਹੇ ਹਨ। ਸੂਚਨਾ ਮੁਤਾਬਕ ਉਕਤ ਡਾਕਟਰ ਪ੍ਰਵਾਰ 14 ਜੁਲਾਈ ਨੂੰ ਯੂ ਪੀ ਦੇ ਗਾਜ਼ਿਆਬਾਦ ਤੇ ਦਿੱਲੀ 'ਚ ਅਪਣੇ ਕਿਸੇ ਰਿਸ਼ਤੇਦਾਰਾਂ ਦੀ ਹੋਈ ਮੌਤ 'ਚ ਅਫਸੋਸ ਕਰਨ ਗਏ ਸਨ ਤੇ 17 ਜੁਲਾਈ ਨੂੰ ਸਾਰਾ ਪ੍ਰਵਾਰ ਵਾਪਸ ਆ ਗਿਆ। ਘਰ ਆਉਣ 'ਤੇ ਪਤਾ ਲੱਗਿਆ ਕਿ ਉਪਰਲੀ ਮੰਜ਼ਿਲ ਦੇ ਗੇਟ ਦੀ ਚਿਟਕਣੀ ਟੁੱਟੀ ਹੋਈ ਸੀ, ਇਸ ਤੋਂ ਬਾਅਦ ਜਦ ਇਹ ਡਾਕਟਰ 'ਫੈਮਿਲੀ' ਅੱਗੇ ਗਈ ਤਾਂ ਦੇਖਿਆ ਕਿ ਬੈੱਡਰੂਮ ਦੀ ਵੀ ਚਿਟਕਣੀ ਟੁੱਟੀ ਹੋਈ ਸੀ। ਇਸ ਬੈੱਡਰੂਮ ਦੀ ਕੰਧ 'ਚ ਬਣੀ ਸੇਫ ਵੀ ਖੁੱਲ੍ਹੀ ਪਈ ਹੋਈ ਸੀ, ਜਿਸ ਵਿੱਚ ਪਏ ਲੱਖਾਂ ਰੁਪਏ ਤੇ ਡਾਕਟਰ 'ਫੈਮਿਲੀ' ਵੱਲੋਂ ਬਣਾਈ ਗੁਪਤ ਡਿਜੀਟਲ ਲਾਕਰ ਵਾਲੀ ਸੇਫ ਦੀ ਚਾਬੀ ਗਾਇਬ ਸੀ। ਜਦ ਉਕਤ ਡਿਜੀਟਲ ਲਾਕਰ ਵਾਲੀ ਸੇਫ ਨੂੰ ਦੇਖਿਆ ਤਾਂ ਉਸ ਵਿੱਚ ਪਏ ਹੋਏ ਲੱਖਾਂ ਰੁਪਏ ਦੀ ਨਗਦੀ ਤੇ ਗਹਿਣੇ ਚੋਰੀ ਹੋ ਚੁੱਕੇ ਸਨ। ਬਾਕਸ ਐੱਫ.ਆਈ.ਆਰ. ਮੁਤਾਬਕ ਚੋਰੀ ਹੋਏ ਮਾਲ ਦੀ ਕੀਮਤ 50 ਲੱਖ ਦੇ ਕਰੀਬ ਹੈ।

## ਭਾਜਪਾ ਦੇ ਹੱਥਾਂ 'ਚ ਦੇਸ਼ ਅਸੁਰੱਖਿਅਤ : ਰਾਘਵ ਚੱਢਾ



**ਚੰਡੀਗੜ੍ਹ (ਗੁਰਜੀਤ ਬਿੱਲਾ)** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਮਣੀਪੁਰ 'ਚ ਹੋਈ ਭਿਆਨਕ ਹਿੰਸਾ ਦੀ ਸਖ਼ਤ ਨਿੰਦਾ ਕੀਤੀ ਹੈ। ਦੋ ਔਰਤਾਂ ਨਾਲ ਬਦਸਲੂਕੀ ਦੀ ਵੀਡੀਓ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਇਨਸਾਨੀਅਤ ਨੂੰ ਸ਼ਰਮਸਾਰ ਕੀਤਾ ਹੈ। ਉਨ੍ਹਾਂ ਨੇ ਇਸ ਮੁੱਦੇ 'ਤੇ ਐਨ ਡੀ ਏ ਸਹਿਯੋਗੀਆਂ ਦੀ ਚੁੱਪੀ 'ਤੇ ਸਵਾਲ ਉਠਾਏ। ਉਨ੍ਹਾਂ ਕਿਹਾ, 'ਦੱਸਿਆ ਜਾ ਰਿਹਾ ਹੈ ਕਿ ਐਨ ਡੀ ਏ ਦੀ ਮੀਟਿੰਗ 'ਚ ਸ਼ਾਮਲ ਹੋਈਆਂ 38 'ਚੋਂ ਘੱਟੋ-ਘੱਟ 10 ਪਾਰਟੀਆਂ ਖੁਦ ਉੱਤਰ ਪੂਰਬ ਤੋਂ ਸਨ ਜਾਂ ਜਦੋਂ ਮਣੀਪੁਰ ਜਲ ਰਿਹਾ ਸੀ ਤਾਂ ਉਨ੍ਹਾਂ ਦੀ ਮੌਜੂਦਗੀ ਸੀ, ਪਰ ਕੀ ਉਨ੍ਹਾਂ 'ਚੋਂ ਕਿਸੇ ਨੇ ਪ੍ਰਧਾਨ ਮੰਤਰੀ ਨਾਲ ਗੱਲ ਕਰਨ ਦੀ ਹਿੰਮਤ ਕੀਤੀ? ਪੁੱਛੋ ਕਿ ਮਣੀਪੁਰ ਕਿਉਂ ਜਲ ਰਿਹਾ ਹੈ? ਆਪਣੀ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਰਾਘਵ ਚੱਢਾ ਨੇ ਕਿਹਾ ਕਿ ਉੱਤਰ-ਪੂਰਬੀ ਰਾਜ 'ਚ ਵਹਿਸ਼ਿਆਨਾ ਹਿੰਸਾ ਦੀ ਘਟਨਾਵਾਂ ਹਰ ਦੂਜੇ ਦਿਨ ਸਾਹਮਣੇ ਆ ਰਹੀ ਹਨ। ਉਨ੍ਹਾ ਮਣੀਪੁਰ 'ਚ ਗੰਭੀਰ ਸਥਿਤੀ ਨੂੰ ਸਵੀਕਾਰ ਕਰਨ ਵਿੱਚ ਅਸਫਲ ਰਹਿਣ ਲਈ ਭਾਜਪਾ ਦੀ ਆਲੋਚਨਾ ਕੀਤੀ ਅਤੇ ਪੁੱਛਿਆ ਕਿ ਕੀ ਇਹ ਤੁਹਾਡਾ 'ਨਵਾਂ ਭਾਰਤ' ਹੈ? ਰਾਘਵ ਚੱਢਾ ਨੇ ਕਿਹਾ ਕਿ ਦੁਨੀਆ ਭਰ ਦੀਆਂ ਛੋਟੀਆਂ-ਮੋਟੀਆਂ ਘਟਨਾਵਾਂ 'ਤੇ ਵੀ ਟਵੀਟ ਕਰਨ ਵਾਲੇ ਪ੍ਰਧਾਨ ਮੰਤਰੀ ਨੇ ਕਰੀਬ 80 ਦਿਨਾਂ ਤੋਂ ਮਣੀਪੁਰ 'ਚ ਹੋਈ ਹਿੰਸਾ 'ਤੇ ਕੋਈ ਟਿੱਪਣੀ ਨਹੀਂ ਕੀਤੀ।

## ਮਿਸ਼ਨ ਹਰਿਆਲੀ ਦਿਵਸ ਦੀ ਢੱਡੇ ਵਿਖੇ ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਨੇ ਪੌਦਾ ਲਗਾ ਕੇ ਕੀਤੀ ਸ਼ੁਰੂਆਤ

**ਰਾਮਪੁਰ (ਦਰਸ਼ਨ ਜਿੰਦਲ)**- ਆਪਣਾ ਪੰਜਾਬ ਫਾਊਂਡੇਸ਼ਨ, ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਅਤੇ ਐਸੋਸੀਏਸ਼ਨ ਆਫ ਪੰਜਾਬ ਦੇ ਫਾਊਂਡਰ ਡਾ. ਜਗਜੀਤ ਸਿੰਘ ਧੂਰੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਾਤਾਵਰਣ ਦੀ ਸੰਭਾਲ ਨੂੰ ਲੈ ਮਿਸ਼ਨ ਹਰਿਆਲੀ 2023 ਤਹਿਤ ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਦੀ ਉਪ-ਸ਼ਾਖਾ ਮਾਤਾ ਸੁੰਦਰੀ ਕਾਨਵੈਂਟ ਸਕੂਲ ਢੱਡੇ ਵਿਖੇ ਪੌਦੇ ਲਗਾ ਕੇ ਮਿਸ਼ਨ ਹਰਿਆਲੀ ਦਿਵਸ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਮਾਤਾ ਸੁੰਦਰੀ ਗਰੁੱਪ ਦੇ ਚੇਅਰਮੈਨ ਕੁਲਵੰਤ ਸਿੰਘ ਢੱਡੇ ਅਤੇ ਐਮ.ਡੀ ਗੁਰਬਿੰਦਰ ਸਿੰਘ ਬੱਲੀ ਨੇ ਕਿਹਾ ਕਿ ਇਸ ਸਾਲ ਬਣਾਏ ਜਾਣ ਵਾਲੇ ਵਿਸ਼ਵ ਰਿਕਾਰਡ ਵਿੱਚ ਸਾਡਾ ਹਰੇਕ ਵਿਦਿਆਰਥੀ ਅਤੇ ਸਮੂਹ ਸਟਾਫ ਪੰਜ ਪੰਜ ਪੌਦੇ ਲਗਾਏਗਾ, ਉਸ ਨੂੰ ਪਾਲਣ ਦੀ ਅਤੇ ਵੱਡਾ ਕਰਨ ਦੀ ਜ਼ਿੰਮੇਵਾਰੀ ਵੀ ਨਿਭਾਏਗਾ ਜਿਸ ਨਾਲ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਵਿੱਚ ਵਡਮੁੱਲਾ ਯੋਗਦਾਨ ਪਵੇਗਾ। ਇਸ ਨਾਲ ਜਿੱਥੇ ਵਿਦਿਆਰਥੀ ਵਾਤਾਵਰਣ ਦੀ ਸੰਭਾਲ ਲਈ ਸੁਨੇਹਾ ਦੇਣਗੇ, ਇਸਦੇ ਨਾਲ ਉਹ ਆਪਸ ਵਿੱਚ ਮਿਲਵਰਤਣ ਦੀ ਭਾਵਨਾ ਨਾਲ ਰਹਿਣਾ ਸਿੱਖਣਗੇ । ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ 5 ਹਜ਼ਾਰ ਪੌਦੇ ਲਗਾਉਣ ਦਾ ਟੀਚਾ ਮਿੱਥਿਆ ਗਿਆ ਹੈ।

ਜਿਨ੍ਹਾਂ ਵਿੱਚ ਫਲਦਾਰ ਅਤੇ ਛਾਂਦਾਰ ਪੌਦੇ ਲਗਾਏ ਜਾਣਗੇ। ਇਸ ਮੌਕੇ ਸੰਸਥਾ ਦੇ ਡਾਇਰੈਕਟਰ /ਪ੍ਰਿੰਸੀਪਲ ਪ੍ਰੋ. ਰਾਜ ਸਿੰਘ ਬਾਘਾ ਨੇ ਦੱਸਿਆ ਕਿ ਸੰਸਥਾ ਪਿਛਲੇ 13 ਸਾਲਾਂ ਤੋਂ ਵਾਤਾਵਰਣ ਵੱਖ ਵੱਖ ਯੂਨਿਟਾਂ ਰਾਹੀਂ ਹਮੇਸ਼ਾ ਵਾਤਾਵਰਣ ਸੰਭਾਲ ਲਈ ਯਤਨ ਕਰਦੀ ਆ ਰਹੀ ਹੈ ਅਤੇ ਹਰਿਆਲੀ ਮਿਸ਼ਨ 2023 ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲਵੇਗੀ। ਇਸ ਮੌਕੇ ਕਾਨਵੈਂਟ ਸਕੂਲ ਦੇ ਪ੍ਰਿੰਸੀਪਲ ਮਨਪ੍ਰੀਤ ਕੌਰ, ਕੋਆਰਡੀਨੇਟਰ ਹਰਦੀਪ ਸਿੰਘ ਅਤੇ ਸਮੂਹ ਸਟਾਫ ਹਾਜ਼ਰ ਸੀ।

## ਐਸ.ਡੀ.ਐਮ. ਤੇ ਐਸ.ਐਚ.ਓ. ਦਾ ਸਨਮਾਨ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** -ਸ੍ਰੀ ਬ੍ਰਾਹਮਣ ਸਭਾ ਸਰਹਿੰਦ ਦੀ ਇੱਕ ਵਿਸ਼ੇਸ਼ ਮੀਟਿੰਗ ਚੇਅਰਮੈਨ ਸੁਰੇਸ਼ ਭਾਰਦਵਾਜ ਦੇ ਗ੍ਰਹਿ ਵਿਖੇ ਪ੍ਰਧਾਨ ਵਿਵੇਕ ਸ਼ਰਮਾ ਦੀ ਅਗਵਾਈ ਵਿਚ ਹੋਈ। ਜਿਸ ਵਿਚ ਸਭਾ ਵੱਲੋਂ ਮਾਨਵਤਾ ਦੀ ਸੇਵਾ ਲਈ ਕਰਵਾਏ ਜਾਣ ਵਾਲੇ ਧਾਰਮਕ ਸਮਾਗਮ, ਤੀਰਥ ਯਾਤਰਾ, ਸਮਾਜ ਸੇਵੀ ਕੰਮਾਂ ਤੇ ਮੈਡੀਕਲ ਕੈਂਪਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਪਿਛਲੇ ਦਿਨੀਂ ਹੋਈ ਬਾਰਸ਼ ਕਾਰਨ ਜ਼ਿਲ੍ਹੇ ਵਿਚ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਨੂੰ ਦੇਖਦੇ ਹੋਏ ਹੜ੍ਹ ਪੀੜਤਾਂ ਦਾ ਹਰ ਤਰ੍ਹਾਂ ਦਾ ਸਹਿਯੋਗ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਹੜ੍ਹ ਦੇ ਪਾਣੀ ਵਿਚ ਫਸੇ ਇਕ ਵਿਅਕਤੀ ਨੂੰ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਬਾਹਰ ਕੱਢ ਕੇ ਲਿਆਉਣ ਵਾਲੇ ਐਸ.ਡੀ.ਐਮ. ਖਮਾਣੋਂ ਡਾ. ਸੰਜੀਵ ਸ਼ਰਮਾ ਅਤੇ ਐਸ.ਐਚ.ਓ. ਫ਼ਤਹਿਗੜ੍ਹ ਸਾਹਿਬ ਅਰਸ਼ਦੀਪ ਸ਼ਰਮਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸਰਪ੍ਰਸਤ ਸੁਰਿੰਦਰ ਭਾਰਦਵਾਜ, ਰਾਮ ਨਾਥ ਸ਼ਰਮਾ ਅਤੇ ਵਰਿੰਦਰ ਰਤਨ ਨੇ ਕਿਹਾ ਕਿ ਇਸ ਕੁਦਰਤੀ ਕਰੋਪੀ ਦੌਰਾਨ ਧਾਰਮਕ, ਸਮਾਜ ਸੇਵੀ, ਰਾਜਨੀਤਕ, ਪੁਲਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਇਲਾਵਾ ਹਰ ਨਾਗਰਿਕ ਵੱਲੋਂ ਆਪਣਾ ਬਣਦਾ ਯੋਗਦਾਨ ਪਾ ਕੇ ਕਈ ਜ਼ਿੰਦਗੀਆਂ ਨੂੰ ਬਚਾਇਆ ਗਿਆ ਹੈ। ਇਸ ਮੌਕੇ ਵਾਇਸ ਚੇਅਰਮੈਨ ਤਰਸੇਮ ਸ਼ਰਮਾ, ਵਾਇਸ ਪ੍ਰਧਾਨ ਸੰਜੇ ਐਂਗਰਿਸ਼, ਆਸ਼ੂਤੋਸ਼ ਬਾਤਿਸ਼, ਤਰਸੇਮ ਸ਼ਰਮਾ, ਡਾ. ਐਸ.ਕੇ. ਸੱਘਰ, ਜਨਰਲ ਸੈਕਟਰੀ ਹਰਪ੍ਰੀਤ ਭਾਰਦਵਾਜ (ਹਨੀ), ਜੁਆਇੰਟ ਸੈਕਟਰੀ ਦੀਪਕ ਬਾਤਿਸ਼, ਖਜ਼ਾਨਚੀ ਧੀਰਜ ਮੋਹਨ ਸ਼ਰਮਾ, ਕਾਨੂੰਨੀ ਸਲਾਹਕਾਰ ਨਵਨੀਤ ਭਾਰਦਵਾਜ, ਚਰਨਜੀਵ ਸ਼ਰਮਾ, ਸਾਬਕਾ ਪ੍ਰਧਾਨ ਸੰਜੀਵ ਸ਼ਰਮਾ, ਪਿਤਾਂਬਰ ਸ਼ਰਮਾ, ਅਨੀਲ ਕੁਮਾਰ ਅੱਤਰੀ ਆਦਿ ਵੀ ਹਾਜ਼ਰ ਸਨ।

## ਸ਼ਹੀਦ ਭਗਤ ਕਲੱਬ ਕਪੂਰਗੜ੍ਹ ਦੇ ਉਪਰਾਲੇ ਸ਼ਲਾਘਾਯੋਗ : ਰੰਧਾਵਾ, ਸਿੰਗਲਾ

**ਫਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਸ਼ਹੀਦ ਭਗਤ ਸਿੰਘ ਯੂਥ ਸਪੋਰਟਸ ਅਤੇ ਸੱਭਿਆਚਾਰਕ ਕਲੱਬ (ਰਜਿ.) ਕਪੂਰਗੜ੍ਹ (ਪੰਜਾਬ) ਵੱਲੋਂ ਕਲੱਬ ਪ੍ਰਧਾਨ ਤੀਰਥ ਸਿੰਘ ਕਪੂਰਗੜ੍ਹ ਦੀ ਅਗਵਾਈ ਵਿੱਚ 9ਵਾਂ ਖ਼ੂਨਦਾਨ ਕੈਂਪ ਗੁਰਦੁਆਰਾ ਸਿੰਘ ਸਭਾ ਅਮਲੋਹ ਵਿਖੇ ਅਯੋਜਿਤ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਤਹਿਸੀਲਦਾਰ ਅਮਲੋਹ ਦਿਵਿਆ ਸਿੰਗਲਾ, ਡੀ.ਐਸ.ਪੀ ਅਮਲੋਹ ਜੰਗਜੀਤ ਸਿੰਘ ਰੰਧਾਵਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਖ਼ੂਨਦਾਨੀਆਂ ਦੀ ਹੌਸਲਾ ਆਫਜ਼ਾਈ ਕੀਤੀ ਉਥੇ ਹੀ ਉਨ੍ਹਾਂ ਸ਼ਹੀਦ ਭਗਤ ਸਿੰਘ ਕਲੱਬ ਕਪੂਰਗੜ੍ਹ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਤਹਿਸੀਲਦਾਰ ਅਮਲੋਹ ਦਿਵਿਆ ਸਿੰਗਲਾ ਨੇ ਕਿਹਾ ਕਿ ਕਲੱਬ ਵੱਲੋਂ ਥੈਲੇਸੀਮੀਆ ਬਿਮਾਰੀ ਤੋਂ ਪੀੜਿਤ ਵਿਆਕਤੀਆਂ ਲਈ ਖ਼ੂਨਦਾਨ ਦੇ ਉਪਰਾਲੇ ਨੂੰ ਦੇਖ ਕੇ ਬਾਕੀ ਯੂਥ ਕਲੱਬਾਂ ਨੂੰ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ਰਾਜਿੰਦਰਾ ਹਸਪਤਾਲ ਪਟਿਆਲਾ ਵੱਲੋਂ ਬਲੱਡ ਦੀਆਂ 87 ਯੂਨਿਟਾਂ ਇੱਕਤਰ ਕੀਤੀਆਂ ਗਈਆ। ਇਸ ਮੌਕੇ ਬਾਬਾ ਬੰਦਾ ਸਿੰਘ ਬਹਾਦਰ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਡਾ.ਜਸਵੰਤ ਸਿੰਘ ਅਲਾਦਾਦਪੁਰ ਤੇ ਸਮਾਜ ਸੇਵਕ ਕਮਲਜੀਤ ਚੀਮਾ ਮੱਠੀ ਨੇ ਖ਼ੂਨਦਾਨੀਆਂ ਤੇ ਆਈਆਂ ਸ਼ਖ਼ਸੀਅਤਾਂ ਦਾ ਸਰਟੀਫਿਕੇਟ ਤੇ ਫਲਾਂ ਦੇ ਬੂਟਿਆਂ ਨਾਲ ਸਨਮਾਨ ਤੇ ਧੰਨਵਾਦ ਕੀਤਾ। ਇਸ ਮੌਕੇ ਕਲੱਬ ਪ੍ਰਧਾਨ ਤੀਰਥ ਸਿੰਘ ਕਪੂਰਗੜ੍ਹ, ਸਰਪੰਚ ਹਰਿੰਦਰ ਸਿੰਘ ਸੇਖੋਂ, ਰੇਸ਼ਮ ਸਿੰਘ ਵਿਰਕ, ਕਾਨੂੰਗੋ ਗੁਰਦਰਸ਼ਨ ਸਿੰਘ, ਦਰਸ਼ਨ ਸਿੰਘ ਚੀਮਾ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਅਮਲੋਹ, ਵਿੱਕੀ ਐਸ.ਡੀ.ਐਮ ਦਫਤਰ ਅਮਲੋਹ, ਸਮਾਜ ਸੇਵਕ ਅੱਛਰੂ ਰਾਮ, ਗੁਰੀ ਭੱਦਲਥੂਹਾ, ਗੁਰਜੋਤ ਸਿੰਘ ਮੁੰਡੀ, ਦਵਿੰਦਰ ਰਹਿਲ ਹੈਬਤਪੁਰ, ਗੁਰਵਿੰਦਰ ਸਿੰਘ ਸਲਾਣਾ,ਕੁਲਦੀਪ ਸਿੰਘ ਪਟਵਾਰੀ, ਜੀਤ ਸਿੰਘ ਸਮਸਪੁਰ, ਅੱਤਰ ਸਿੰਘ ਰਾਏਪੁਰ ਚੋਬਦਾਰਾਂ, ਪ੍ਰਭਜੋਤ ਸਿੰਘ ਤੰਦਾਬੱਧਾਂ ਕਲਾਂ, ਜੱਗੀ ਲਾਡਪੁਰ, ਗੁਰਮੀਤ ਸਿੰਘ ਭਾਦਲਾ, ਘੁੰਡਾ ਸਿੰਘ ਮਛਰਾਲ, ਸੁਰਜੀਤ ਸਿੰਘ ਜੀਤ, ਸੁੱਖ ਸਰਪੰਚ, ਜਰਨੈਲ ਰਾਮਗੜ੍ਹ, ਸਤਨਾਮ ਬੁੱਗਾ, ਸਤਨਾਮ ਸਿੰਘ ਮਛਰਾਲ, ਮਨਜੀਤ ਸਿੰਘ, ਮਨਜੋਤ ਗੱਗੂ ਵੱਖ ਵਿਭਾਗਾਂ ਦੇ ਅਧਿਕਾਰੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨੌਜਵਾਨ ਹਾਜ਼ਰ ਸਨ।

## ਦਾਸ ਐਂਡ ਬ੍ਰਾਊਨ ਦੇ ਕਿੰਡਰ ਗਾਰਟਨ 'ਚ ਮੈਂਗੋ ਫੈਸਟ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**: ਦਾਸ ਐਂਡ ਬ੍ਰਾਊਨ ਵਰਲਡ ਸਕੂਲ ਵੱਲੋਂ ਕਿੰਡਰਗਾਰਟਨ ਵਿੱਚ ਮੈਂਗੋ ਫੈਸਟ ਦਾ ਆਯੋਜਨ ਕੀਤਾ ਗਿਆ, ਜਿਸ ਦਾ ਮੁੱਖ ਮੰਤਵ ਨੌਜਵਾਨ ਵਿਦਿਆਰਥੀਆਂ ਨੂੰ ਮੌਸਮੀ ਫਲ ਅਤੇ ਇਸ ਤੋਂ ਬਣੇ ਵੱਖ-ਵੱਖ ਪਕਵਾਨਾਂ ਬਾਰੇ ਜਾਣਕਾਰੀ ਦੇ ਕੇ ਮੌਸਮੀ ਫਲ ਖਾਣ ਲਈ ਪ੍ਰੇਰਿਤ ਕਰਨਾ ਸੀ। ਪ੍ਰਿੰਸੀਪਲ ਡਾ. ਰਾਜੇਸ਼ ਚੰਦੇਲ ਨੇ ਦੱਸਿਆ ਕਿ ਜਿੱਥੇ ਬੱਚੇ ਆਪਣੇ ਘਰਾਂ ਤੋਂ ਅੰਬਾਂ ਤੋਂ ਬਣੇ ਵੱਖ-ਵੱਖ ਪਕਵਾਨ ਲੈ ਕੇ ਆਏ, ਉੱਥੇ ਹੀ ਇਕ ਅਧਿਆਪਕ ਨੇ ਅੰਬਾਂ ਦੀਆਂ ਵੱਖ-ਵੱਖ ਵਸਤੂਆਂ ਸਾਰਿਆਂ ਦੇ ਸਾਹਮਣੇ ਪ੍ਰਦਰਸ਼ਿਤ ਕੀਤੀਆਂ। ਬੱਚਿਆਂ ਨੇ ਅੰਬ ਦੀ ਸਮੂਦੀ, ਪੌਪਸਿਕਲ, ਸਲਾਦ, ਸਲਾਸਾ ਲਿਆ ਕੇ ਆਪਣੇ ਹੁਨਰ ਨਾਲ ਸਭ ਨੂੰ ਹੈਰਾਨ ਕਰ ਦਿੱਤਾ, ਉਥੇ ਹੀ ਅਧਿਆਪਕਾਂ ਨੇ ਅੰਬ ਦੇ ਲੱਡੂ, ਅੰਬ ਦਾ ਜੂਸ, ਮੈਂਗੋ ਆਈਸਕ੍ਰੀਮ, ਅੰਬ ਦਾ ਸਾਲਸਾ ਸਲਾਦ, ਮੈਂਗੋ ਕੇਕ, ਕਾਲੀ ਮਿਰਚ ਅੰਬ ਕਸਟਰਡ, ਅੰਬ ਦੀ ਖੀਰ, ਅੰਬ ਜੈਮ, ਅੰਬ ਪਾਣੀ ਪੂਰੀ, ਅੰਬ ਦੀ ਬਰਫੀ, ਅੰਬ ਦਾ ਦਹੀਂ, ਚਟਨੀ, ਅੰਬ ਦਾ ਹਲਵਾ ਆਦਿ ਤਿਆਰ ਕਰਨ ਦੇ ਨਾਲ-ਨਾਲ ਅੰਬ ਦੇ ਥੀਮ ਦੇ ਗੁਣਾਂ ਤੋਂ ਜਾਣੂ ਕਰਵਾਇਆ। ਮੈਂਗੋ ਫੈਸਟ ਵਿੱਚ ਪ੍ਰੈਪ-2 ਦੇ ਵਿਵਾਨ ਨੇ ਪਹਿਲਾ, ਹਯਾਤ ਨੇ ਦੂਜਾ ਅਤੇ ਅਮਾਇਰਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਹੈੱਡ ਮਿਸਟ੍ਰੈਸ ਬਿੰਦੂ ਗੁਪਤਾ, ਏਵੀਪੀ ਐਲੀਮੈਂਟਰੀ ਸੁਮਨ ਮੋਂਗਾ, ਐਲੀਮੈਂਟਰੀ ਕੋਆਰਡੀਨੇਟਰ ਸ਼ਿਵਾਨੀ ਆਦਿ ਹਾਜ਼ਰ ਸਨ।

## ਅਫ਼ੀਮ ਸਮੇਤ ਨੌਜਵਾਨ ਕਾਬੂ

**ਮਲੋਟ, (ਗੁਰਮੀਤ ਸਿੰਘ ਮੱਕੜ)** : ਥਾਣਾ ਕਬਰਵਾਲਾ ਪੁਲਸ ਨੇ ਅਫ਼ੀਮ ਸਮੇਤ ਇੱਕ ਨੌਜਵਾਨ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਕਬਰਵਾਲਾ ਮੌਜੂਦ ਸੀ ਤਾਂ ਸੜਕ ਦੇ ਇੱਕ ਪਾਸੇ ਇੱਕ ਨੌਜਵਾਨ ਅਰਜਨ ਸਿੰਘ ਵਾਸੀ ਜੈਤਸਰ (ਗੰਗਾਨਗਰ) ਮੋਮੀ ਲਿਫ਼ਾਫੇ ਵਿੱਚੋਂ ਕੁੱਝ ਕਾਲੇ ਰੰਗ ਦਾ ਪਦਾਰਥ ਖਾਂਦਾ ਦਿਖਾਈ ਦਿੱਤਾ, ਜੋ ਪੁਲਸ ਦੀ ਗੱਡੀ ਦੇਖ ਕੇ ਘਬਰਾ ਕੇ ਖਿਸਕਣ ਲੱਗਾ, ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰ ਲਿਆ ਤੇ ਤਲਾਸ਼ੀ ਲੈਣ ਉਪਰੰਤ ਉਸ ਕੋਲੋਂ 200 ਗ੍ਰਾਮ ਅਫ਼ੀਮ ਬਰਾਮਦ ਹੋਈ। ਪੁਲਸ ਨੇ ਉਕਤ ਵਿਅਕਤੀ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਆਂਗਣਵਾੜੀ ਵਰਕਰਾਂ ਵੱਲੋਂ ਦਿੱਲੀ 'ਚ ਦੇਸ਼ ਪੱਧਰੀ ਰੋਸ ਪ੍ਰਦਰਸ਼ਨ 28 ਨੂੰ

**ਮਮਦੋਟ, (ਜਸਬੀਰ ਸਿੰਘ ਕੰਬੋਜ)**-ਆਂਗਣਵਾੜੀ ਇੰਪਲਾਈਜ਼ ਫੈਡਰੇਸ਼ਨ ਆਫ ਇੰਡੀਆ ਦੇ ਸੱਦੇ 'ਤੇ 28 ਜੁਲਾਈ ਨੂੰ ਕੇਂਦਰ ਸਰਕਾਰ ਖਿਲਾਫ ਜੰਤਰ ਮੰਤਰ ਦਿੱਲੀ ਵਿਖੇ ਦੇਸ਼ ਪੱਧਰੀ ਰੋਸ ਪ੍ਰਦਰਸ਼ਨ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਕੀਤਾ ਜਾਵੇਗਾ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ 'ਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਪੁੱਜਣਗੀਆਂ। ਇਸ ਦੀਆਂ ਤਿਆਰੀਆਂ ਲਈ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਬਲਾਕ ਪ੍ਰਧਾਨ ਪ੍ਰਕਾਸ ਕੌਰ ਚਪਾਤੀ ਨੇ ਦੱਸਿਆ ਕਿ ਦੇਸ਼ ਭਰ ਦੀਆਂ ਕਰੀਬ 28 ਲੱਖ ਤੇ ਪੰਜਾਬ ਵਿੱਚ 54 ਹਜ਼ਾਰ ਤੋਂ ਵੱਧ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਕੰਮ ਕਰ ਰਹੀਆਂ ਹਨ, ਪਰ ਸਮੇਂ ਦੀਆਂ ਸਰਕਾਰਾਂ ਨੇ ਇਨ੍ਹਾਂ ਨਾਲ ਹਮੇਸ਼ਾ ਹੀ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ ਤੇ ਅੱਖੋਂ ਪਰੋਖੇ ਕੀਤਾ ਗਿਆ ਹੈ, ਜਿਸ ਕਰਕੇ ਜਥੇਬੰਦੀ ਨੂੰ ਸਰਕਾਰਾਂ ਖਿਲਾਫ ਤਕੜੇ ਸੰਘਰਸ਼ ਕਰਨੇ ਪਏ ਹਨ ਤੇ ਥਾਣਿਆਂ, ਜੇਲਾਂ ਵਿੱਚ ਜਾਣਾ ਪਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਪੰਜ ਸਾਲਾਂ ਤੋਂ ਕੇਂਦਰ ਸਰਕਾਰ ਨੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਮਾਣ ਭੱਤੇ ਵਿੱਚ ਇੱਕ ਰੁਪਈਆ ਵੀ ਵਾਧਾ ਨਹੀਂ ਕੀਤਾ, ਜਿਸ ਕਾਰਨ ਉਨ੍ਹਾਂ ਨੂੰ ਕੇਂਦਰ ਸਰਕਾਰ ਦੇ ਬੂਹੇ ਅੱਗੇ ਧਰਨਾ ਦੇਣਾ ਪੈ ਰਿਹਾ ਹੈ।

## ਕੁੱਟਮਾਰ ਦੇ ਦੋਸ਼ 'ਚ 8 ਖਿਲਾਫ ਕੇਸ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਨੇ ਪਿੰਡ ਥਾਰਾ ਸਿੰਘ ਵਾਲਾ ਵਿਖੇ ਹੋਈ ਲੜਾਈ ਦੇ ਦੌਰਾਨ ਮਾਰਕੁੱਟ ਕਰਨ ਦੇ ਦੋਸ਼ ਵਿੱਚ 8 ਲੋਕਾਂ ਖਿਲਾਫ ਕੇਸ ਦਰਜ ਕੀਤਾ ਹੈ। ਮੁੱਦਈ ਫੌਜਾ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਥਾਰਾ ਸਿੰਘ ਵਾਲਾ ਨੇ ਪੁਲਸ ਕੋਲ ਬਿਆਨ ਲਿਖਾਇਆ ਹੈ ਕਿ ਬੀਤੀ 15-07-2023 ਨੂੰ ਮੇਰੀ ਭਰਜਾਈ ਸੀਮਾ ਰਾਣੀ ਗਲੀ ਵਿੱਚ ਖੜੀ ਸੀ ਤੇ ਮੇਰਾ ਲੜਕਾ ਤੇ ਮੇਰੀ ਪਤਨੀ, ਮੇਰੀ ਭਰਜਾਈ ਦੇ ਘਰ ਵੱਲ ਜਾ ਰਹੇ ਸੀ ਤਾਂ ਕਰੀਬ 8 ਵਜੇ ਰਾਤ ਨੂੰ ਬਲਕਾਰ ਸਿੰਘ, ਹੁਸ਼ਿਆਰ ਸਿੰਘ, ਮੁਖਤਿਆਰ ਸਿੰਘ ਪੁੱਤਰਾਨ ਗੁਰਬਖ਼ਸ਼ ਸਿੰਘ, ਸੋਨਾ ਸਿੰਘ, ਰਾਜੂ ਸਿੰਘ ਪੁਤਰਾਨ ਬਿਸ਼ਨ ਸਿੰਘ, ਬਿੱਟੂ ਪੁੱਤਰ ਰਾਜ ਸਿੰਘ, ਸੰਦੀਪ ਸਿੰਘ ਪੁੱਤਰ ਸੋਨਾ ਸਿੰਘ, ਸਵਰਨਾ ਰਾਣੀ ਪਤਨੀ ਸੋਨਾ ਸਿੰਘ ਵਾਸੀਆਨ ਥਾਰਾ ਸਿੰਘ ਵਾਲਾ, ਜੋਕਿ ਮੇਰੀ ਭਰਜਾਈ ਸੀਮਾ ਰਾਣੀ ਦੇ ਘਰ ਅੱਗੇ ਆ ਗਏ ਤੇ ਮੇਰੇ ਭਰਾ ਚੰਨ ਸਿੰਘ ਦਾ ਨਾਂਅ ਲੈ ਕੇ ਉੱਚੀ ਅਵਾਜ਼ ਵਿੱਚ ਲਲਕਾਰੇ ਮਾਰਨ ਲੱਗੇ, ਇੰਨੇ ਨੂੰ ਮੇਰਾ ਭਰਾ ਚੰਨ ਸਿੰਘ ਘਰ ਤੋਂ ਬਾਹਰ ਆ ਕੇ ਇਨ੍ਹਾਂ ਦੀਆਂ ਮਿਨਤਾਂ ਕਰਨ ਲੱਗਾ, ਪਰ ਉਕਤ ਵਿਅਕਤੀਆਂ ਨੇ ਸਾਡੇ 'ਤੇ ਹਮਲਾ ਕਰ ਦਿੱਤਾ ਤੇ ਕੁੱਟਮਾਰ ਕਰਕੇ ਸਾਨੂੰ ਸੱਟਾਂ ਮਾਰੀਆਂ, ਜਿਸ ਦੇ ਬਾਅਦ ਪਿੰਡ ਵਾਸੀਆਂ ਨੇ ਸਾਨੂੰ ਹਸਪਤਾਲ ਵਿਖੇ ਦਾਖਲ ਕਰਵਾਇਆ। ਥਾਣਾ ਅਮੀਰ ਖਾਸ ਦੀ ਪੁਲਸ ਨੇ ਮੁੱਦਈ ਫੌਜਾ ਸਿੰਘ ਦੇ ਬਿਆਨਾਂ 'ਤੇ ਉਕਤ ਖਿਲਾਫ ਪਰਚਾ ਦਰਜ ਕਰ ਲਿਆ ਹੈ।

## ਹੜ੍ਹ ਪ੍ਰਭਾਵਿਤ ਖੇਤਰਾਂ ਦੇ ਸਕੂਲ 22 ਤੱਕ ਬੰਦ

**ਮਾਨਸਾ, (ਪਮਾਰ)** : ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਸ੍ਰੀ ਰਿਸ਼ੀਪਾਲ ਸਿੰਘ ਨੇ ਦੱਸਿਆ ਕਿ ਪਹਾੜੀ ਇਲਾਕਿਆਂ ਤੇ ਪੰਜਾਬ 'ਚ ਭਾਰੀ ਬਾਰਿਸ਼ ਪੈਣ ਕਾਰਨ ਦਰਿਆਵਾਂ, ਨਦੀਆਂ, ਡੈਮਾਂ, ਘੱਗਰ ਆਦਿ ਵਿੱਚ ਪਾਣੀ ਦਾ ਪੱਧਰ ਵਧ ਗਿਆ ਹੈ। ਉਨ੍ਹਾ ਕਿਹਾ ਕਿ ਬੁਢਲਾਡਾ ਦੇ ਨਜ਼ਦੀਕ ਚਾਂਦਪੁਰਾ ਵਿਖੇ ਘੱਗਰ ਵਿੱਚ ਪਾੜ ਪੈ ਜਾਣ ਕਾਰਨ ਸਰਦੂਲਗੜ੍ਹ ਤੇ ਬੁਢਲਾਡਾ ਦੇ ਕੁੱਝ ਪਿੰਡਾਂ ਤੇ ਸ਼ਹਿਰਾਂ ਵਿੱਚ ਹੜ੍ਹ ਆ ਚੁੱਕੇ ਹਨ। ਇਨ੍ਹਾਂ ਹਾਲਾਤਾਂ ਦੇ ਮੱਦੇਨਜ਼ਰ ਉੱਪ ਮੰਡਲ ਮੈਜਿਸਟ੍ਰੇਟ ਬੁਢਲਾਡਾ ਤੇ ਸਰਦੂਲਗੜ੍ਹ ਦੀ ਰਿਪੋਰਟ ਅਨੁਸਾਰ ਬੁਢਲਾਡਾ ਦੇ ਪਿੰਡਾਂ ਗੋਰਖਨਾਥ, ਚੱਕ ਅਲੀਸ਼ੇਰ ਕਲਾਂ, ਬੀਰੇਵਾਲਾ ਡੋਗਰਾ, ਭਾਵਾ, ਕੁਲਰੀਆਂ, ਰਿਉਂਦ ਕਲਾਂ, ਰਿਉਂਦ ਖੁਰਦ, ਆਦਰਸ਼ ਸੈਕੰਡਰੀ ਸਕੂਲ ਬੋਹਾ ਤੇ ਸਰਦੂਲਗੜ੍ਹ ਦੇ ਪਿੰਡ ਰੋੜਕੀ, ਬਰਨ, ਸਾਧੂਵਾਲਾ, ਫੂਸਮੰਡੀ, ਕਰੀਪੁਰ ਡੂੰਮ ਤੇ ਸਰਦੂਲਗੜ੍ਹ ਦੇ ਸਰਕਾਰੀ, ਏਡਿਡ, ਮਾਨਤਾ ਪ੍ਰਾਪਤ ਤੇ ਪ੍ਰਾਈਵੇਟ ਸਕੂਲਾਂ ਵਿੱਚ 20 ਜੁਲਾਈ ਤੋਂ 22 ਜੁਲਾਈ 2023 ਤੱਕ ਛੁੱਟੀ ਕੀਤੀ ਜਾਂਦੀ ਹੈ।

## ਕੈਂਬ੍ਰਿਜ ਸਕੂਲ 'ਚ ਇੰਟਰ ਹਾਊਸ ਸ਼ਤਰੰਜ ਮੁਕਾਬਲੇ ਕਰਵਾਏ




**ਕੋਟ ਈਸੇ ਖਾਂ, (ਅਰੋੜਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਕੈਂਬ੍ਰਿਜ ਕਾਨਵੈਂਟ ਸਕੂਲ ਮੋਗਾ ਰੋਡ ਕੋਟ ਈਸੇ ਖਾਂ, ਜਿਸ ਵਿੱਚ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਹੋਰ ਵੀ ਸਰੀਰਕ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਸ਼ਤਰੰਜ ਦਿਵਸ ਮੌਕੇ ਸਕੂਲ ਵਿੱਚ ਇੰਟਰਹਾਊਸ ਸ਼ਤਰੰਜ ਮੁਕਾਬਲੇ ਕਰਵਾਏ, ਜਿਨ੍ਹਾਂ ਦਾ ਉਦਘਾਟਨ ਸਕੂਲ ਦੇ ਚੇਅਰਮੈਨ ਸਾਹਿਬ ਮਨਦੀਪ ਮਾਲੜਾ ਵੱਲੋਂ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ, ਜਿਸ ਵਿੱਚ ਸਕੂਲ ਦੇ ਅੰਡਰ-14 ਲੜਕਿਆਂ ਵਿੱਚੋਂ ਪ੍ਰਭਜੋਤ ਸਿੰਘ ਹਾਊਸ ਵੈਸਟ ਨੇ ਪਹਿਲਾ ਸਥਾਨ ਹਾਸਲ, ਗੁਰਕੀਰਤ ਸਿੰਘ ਹਾਊਸ ਨੌਰਥ ਨੇ ਦੂਜਾ ਤੇ ਸਮਰਵੀਰ ਸਿੰਘ ਹਾਊਸ ਵੈਸਟ ਨੇ ਤੀਜਾ ਸਥਾਨ ਹਾਸਲ ਕੀਤਾ। ਅੰਡਰ-17 ਲੜਕਿਆਂ ਵਿੱਚੋਂ ਸੀਰਾਜ ਗੱਖੜ ਹਾਊਸ ਨੌਰਥ ਨੇ ਪਹਿਲਾ, ਕੇਵਿਨ ਮਾਲੜਾ ਹਾਊਸ ਈਸਟ ਨੇ ਦੂਜਾ ਸਥਾਨ ਤੇ ਗੁਰਕੀਰਤ ਸਿੰਘ ਹਾਊਸ ਸਾਊਥ ਨੇ ਤੀਜਾ ਸਥਾਨ ਹਾਸਲ ਕੀਤਾ ਅਤੇ ਲੜਕੀਆਂ ਵਿੱਚੋਂ ਸਹਿਜਪਰੀਤ ਕੌਰ ਹਾਊਸ ਈਸਟ ਨੇ ਪਹਿਲਾ, ਸੁਖਮਪ੍ਰੀਤ ਕੌਰ ਹਾਊਸ ਨੌਰਥ ਤੇ ਅਮਾਨਤ ਕੌਰ ਹਾਊਸ ਸਾਊਥ ਨੇ ਦੂਜਾ ਸਥਾਨ ਅਤੇ ਰਵਨੀਤ ਕੌਰ ਹਾਊਸ ਨੌਰਥ ਨੇ ਤੀਜਾ ਸਥਾਨ ਹਾਸਲ ਕੀਤਾ। ਸੰਸਥਾ ਦੇ ਪ੍ਰਿੰਸੀਪਲ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸ ਸਮੇਂ ਕੈਂਬ੍ਰਿਜ ਕਾਨਵੈਂਟ ਸਕੂਲ ਦੇ ਚੇਅਰਮੈਨ ਡਾਇਰੈਕਟਰ ਤੇ ਐੱਮ ਡੀ ਸਾਹਿਬਾਨ ਤੇ ਪ੍ਰਿੰਸੀਪਲ ਸਾਹਿਬ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

## ਹਠੂਰ ਤੇ ਲੱਖੇ ਦੀਆਂ ਟੁੱਟੀਆਂ ਸੜਕਾਂ ਤੋਂ ਲੋਕ ਦੁਖੀ

### ਪ੍ਰਸ਼ਾਸਨ ਤੇ ਵਿਧਾਇਕ ਨੂੰ ਮੰਗ ਪੱਤਰ ਦੇਣ 'ਤੇ ਵੀ ਨਹੀਂ ਹੋਈ ਕਾਰਵਾਈ



**ਹਠੂਰ, (ਨਛੱਤਰ ਸੰਧੂ)**-ਜਗਰਾਉਂ ਮੁੱਖ ਸੜਕ ਬੁਰੀ ਤਰ੍ਹਾਂ ਟੁੱਟ ਚੁੱਕੀ ਹੈ, ਜਿਸ ਦੇ ਟੋਇਆਂ ਵਿੱਚ ਪਾਣੀ ਵੀ ਖੜ੍ਹਾ ਰਹਿੰਦਾ ਹੈ ਤੇ ਆਏ ਦਿਨ ਹਾਦਸੇ ਵਾਪਰਦੇ ਰਹਿੰਦੇ ਹਨ, ਜਿਸ ਕਾਰਨ ਕਈ ਵਾਰ ਨੌਜਵਾਨਾਂ ਦੀ ਮੌਤ ਦਾ ਕਾਰਨ ਇਹ ਬੁਰੀ ਤਰ੍ਹਾਂ ਟੁੱਟੀ ਸੜਕ ਹੀ ਬਣੀ ਹੈ। ਇਲਾਕੇ ਦੇ ਸਮਾਜਸੇਵੀ ਲੋਕਾਂ ਨੇ ਇਹ ਟੁੱਟ ਚੁੱਕੀਆਂ ਸੜਕਾਂ ਦਾ ਮੁੱਦਾ ਹਲਕੇ ਦੀ ਵਿਧਾਇਕ ਸਰਬਜੀਤ ਕੌਰ, ਐੱਸ ਡੀ ਐੱਮ ਜਗਰਾਉਂ ਨੂੰ ਮੰਗ ਪੱਤਰ ਦੇ ਕੇ ਉਨ੍ਹਾਂ ਕੋਲ ਚੁੱਕਿਆ ਸੀ ਅਤੇ ਸਥਾਨਕ ਲੋਕਾਂ ਨੇ ਵੀ ਉਨ੍ਹਾਂ ਕੋਲ ਇਨ੍ਹਾਂ ਟੁੱਟੀਆਂ ਸੜਕਾਂ ਦਾ ਮੁੱਦਾ ਉਠਾਇਆ ਹੈ, ਪ੍ਰੰਤੂ ਇਨ੍ਹਾਂ ਸੜਕਾਂ ਦਾ ਕੋਈ ਵੀ ਹੱਲ ਕਰਨ ਲਈ ਤਿਆਰ ਨਹੀਂ ਜਾਪਦਾ, ਜਿਸ ਕਾਰਨ ਹੁਣ ਲੋਕ ਸੰਘਰਸ਼ ਵਿੱਢਣ ਲਈ ਮਜਬੂਰ ਹੋ ਗਏ ਹਨ। ਇਸ ਸੰਬਧੀ ਪ੍ਰਧਾਨ ਪਰਮਿੰਦਰ ਸਿੰਘ ਹਠੂਰ, ਪ੍ਰਧਾਨ ਸੁਰਜੀਤ ਲੱਖਾ, ਪ੍ਰਧਾਨ ਸਰਬਜੀਤ ਸਿੰਘ ਹਠੂਰ, ਪੰਚ ਅਮਰਜੀਤ ਸਿੰਘ ਹਠੂਰ, ਗੁਰਪ੍ਰੀਤ ਸਿੰਘ ਖਾਲਸਾ, ਕਿਸਾਨ ਆਗੂ ਹਰਪਾਲ ਸਿੰਘ ਗਿੱਲ, ਪ੍ਰਧਾਨ ਗੁਰਮੀਤ ਸਿੰਘ ਹਠੂਰ ਆਦਿ ਨੇ ਕਿਹਾ ਕਿ ਸਰਕਾਰ ਇਨ੍ਹਾਂ ਸੜਕਾਂ ਦੀ ਰਿਪੇਅਰ ਕਰੇ ਜਾਂ ਨਵੀਆਂ ਬਣਾਵੇ, ਨਹੀਂ ਤਾਂ ਅਸੀਂ ਸੰਘਰਸ਼ ਵਿੱਢਣ ਲਈ ਮਜਬੂਰ ਹੋਵਾਂਗੇ।

ਇਸੇ ਤਰ੍ਹਾਂ ਹੀ ਬੁਰਜ ਕਲਾਰਾਂ, ਲੱਖਾ, ਚਕਰ ਤੇ ਮਾਣੂਕੇ ਪਿੰਡਾਂ ਦੀਆਂ ਸੜਕਾਂ ਵੀ ਬੁਰੀ ਤਰ੍ਹਾਂ ਟੁੱਟ ਚੁੱਕੀਆਂ ਹਨ, ਜਿਸ ਕਾਰਨ ਇਨ੍ਹਾਂ ਪਿੰਡਾਂ ਦੇ ਲੋਕਾਂ ਵੱਲੋਂ ਸਮੇਂ-ਸਮੇਂ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਵੀ ਕੀਤੀ ਗਈ ਹੈ, ਪ੍ਰੰਤੂ ਸਰਕਾਰ ਤੇ ਪ੍ਰਸ਼ਾਸਨ ਦੀ ਅਣਦੇਖੀ ਕਾਰਨ ਇਨ੍ਹਾਂ ਸੜਕਾਂ ਦੀ ਰਿਪੇਅਰ ਤੱਕ ਨਹੀਂ ਕੀਤੀ ਗਈ, ਜਿਸ ਕਾਰਨ ਇਹ ਸੜਕਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਹੁਣ ਪਿੰਡਾਂ ਦੇ ਸਮਾਜਸੇਵੀ ਲੋਕਾਂ ਨੇ ਕਿਹਾ ਕਿ ਜੇਕਰ ਟੁੱਟ ਚੁੱਕੀਆਂ ਸੜਕਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਅਸੀਂ ਆਉਣ ਵਾਲੇ ਸਮੇਂ ਵਿੱਚ ਸਖ਼ਤ ਫੈਸਲਾ ਲਾਵਾਂਗੇ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਪ੍ਰਧਾਨ ਰਾਜਵਿੰਦਰ ਸਿੰਘ ਬੁਰਜ ਕਲਾਰਾਂ, ਮੇਹਰਦੀਪ ਸਿੰਘ, ਹਰਮੇਲ ਸਿੰਘ ਗਿੱਲ, ਲੋਕ ਗਾਇਕ ਦਰਸ਼ਨ ਲੱਖੇਵਾਲਾ, ਜਸਵੀਰ ਸਿੰਘ ਗਰੇਵਾਲ, ਰਾਮ ਕ੍ਰਿਸ਼ਨ ਗਰਗ, ਪੰਕਜ ਚੇਅਰਮੈਨ, ਅਜੇ ਕੁਮਾਰ ਆਦਿ ਆਗੂਆਂ ਨੇ ਕਿਹਾ ਕਿ ਅਸੀਂ ਬਹੁਤ ਵਾਰ ਇਨ੍ਹਾਂ ਸੜਕਾਂ ਦੀ ਰਿਪੇਅਰ ਜਾਂ ਨਵੀਆਂ ਬਣਾਉਣ ਲਈ ਮੰਗ ਕਰ ਚੁੱਕੇ ਹਾਂ, ਪ੍ਰੰਤੂ ਪ੍ਰਸ਼ਾਸਨ ਤੇ ਸਰਕਾਰ ਨੇ ਇਨ੍ਹਾਂ ਸੜਕਾਂ ਦੀ ਮੁਰੰਮਤ ਦਾ ਕੋਈ ਕੰਮ ਨਹੀਂ ਕੀਤਾ, ਜਿਸ ਕਾਰਨ ਇਨ੍ਹਾਂ ਸੜਕਾਂ ਦੀ ਹਾਲਤ ਗੰਭੀਰ ਸਮੱਸਿਆ ਬਣੀ ਹੋਈ ਹੈ। ਜੇਕਰ ਇਨ੍ਹਾਂ ਟੁੱਟ ਚੁੱਕੀਆਂ ਸੜਕਾਂ ਦੀ ਮੁਰੰਮਤ ਨਾ ਕੀਤੀ ਤਾਂ ਅਸੀਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਸ਼ੁਰੂ ਕਰਾਂਗੇ।

## ਸਹਿਜ ਪਾਠ ਸੁਸਾਇਟੀ ਵੱਲੋਂ ਗੁਰਮਤਿ ਪ੍ਰਚਾਰ ਲਈ ਸੈਮੀਨਾਰ

**ਚੀਮਾ ਮੰਡੀ (ਰਵਿੰਦਰ ਚੀਮਾ)**-ਕਲਗੀਧਰ ਟਰਸਟ ਬੜੂ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਵਿੱਦਿਅਕ ਸੰਸਥਾ ਅਕਾਲ ਅਕੈਡਮੀ ਉੱਭਿਆ ਵਿਖੇ ਸਹਿਜਪਾਠ ਸੋਸਾਇਟੀ ਵੱਲੋਂ ਗੁਰਮਤਿ ਪ੍ਰਚਾਰ ਲਈ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਗੁਰਦੁਆਰਾ ਮਸਤੂਆਣਾ ਸਾਹਿਬ ਦੇ ਕਥਾਵਾਚਕ ਭਾਈ ਅੰਮ੍ਰਿਤਪਾਲ ਸਿੰਘ ਨੇ ਬੱਚਿਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਤੇ ਬੱਚਿਆਂ ਨੂੰ ਅੰਮ੍ਰਿਤ ਦੀ ਮਹਾਨਤਾ ਬਾਰੇ ਜਾਣੂ ਕਰਵਾਇਆ। ਇਸ ਦੇ ਨਾਲ ਹੀ ਬੱਚਿਆਂ ਨੂੰ ਨਿੱਤਨੇਮ ਕਰਨ, ਅੰਮ੍ਰਿਤ ਛਕਣ ਤੇ ਸਹਿਜ ਪਾਠ ਕਰਨ ਲਈ ਪ੍ਰੇਰਿਤ ਕੀਤਾ। ਇਸ ਸਮੇਂ ਅਕੈਡਮੀ ਦਾ ਸਮੂਹ ਸਟਾਫ ਤੇ ਪ੍ਰਿੰਸੀਪਲ ਗੁਰਜੀਤ ਕੌਰ ਹਾਜ਼ਰ ਸਨ, ਜਿਨ੍ਹਾਂ ਨੇ ਭਾਈ ਜੀ ਦਾ ਧੰਨਵਾਦ ਕੀਤਾ।



## ...ਸ.ਫਾ 1 ਦੇ ਬਾਕੀ

### ਹਰਿਆਣਾ ਨੂੰ ਅਸੰਬਲੀ ...

ਭਾਰਤੀ ਸੰਵਿਧਾਨ ਦੇ ਬੁਨਿਆਦੀ ਥੰਮ੍ਹ-ਲੋਕਰਾਜ, ਧਰਮ ਨਿਰਪੱਖਤਾ ਤੇ ਫੈਡਰਲ ਅਧਿਕਾਰਾਂ ਨੂੰ ਉਲਟਾ ਕੇ ਤਾਨਾਸ਼ਾਹੀ ਰਾਜ ਪ੍ਰਬੰਧ ਕਾਇਮ ਕਰਨ ਦੇ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐੱਸ ਐੱਸ) ਦੇ ਤਬਾਹਕੁੰਨ, ਵੰਡਵਾਦੀ ਏਜੰਡੇ ਮੁਤਾਬਕ ਰਾਜ-ਭਾਗ ਚਲਾ ਰਹੀ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਦੀ ਫਿਰਕੂ-ਫਾਸ਼ੀ ਮੋਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਹਰ ਮੁਹਾਜ਼ 'ਤੇ ਘੋਲ ਪ੍ਰਚੰਡ ਕਰਨੇ ਅਜੋਕੇ ਸਮੇਂ ਦੀ ਪ੍ਰਮੁੱਖ ਲੋੜ ਹੈ।

ਉਨ੍ਹਾਂ ਮੋਦੀ ਸਰਕਾਰ ਵੱਲੋਂ ਚੱਲੀਆਂ ਜਾ ਰਹੀਆਂ ਸੂਬੇ ਦੇ ਹਿੱਤਾਂ ਨੂੰ ਗੰਭੀਰ ਨੁਕਸਾਨ ਪੁਚਾਉਣ ਵਾਲੀਆਂ ਕੁਚਾਲਾਂ ਪ੍ਰਤੀ ਸੂਬੇ ਦੀ ਮਾਨ ਸਰਕਾਰ ਵੱਲੋਂ ਧਾਰੀ ਹੋਈ ਸ਼ੱਕੀ ਚੁੱਪ ਦੀ ਵੀ ਡਟਵੀਂ ਨਿੰਦਾ ਕੀਤੀ।

ਸਰਬਸੰਮਤੀ ਨਾਲ ਪਾਸ ਕੀਤੇ ਇਕ ਮਤੇ ਰਾਹੀਂ ਚੰਡੀਗੜ੍ਹ ਪੱਕੇ ਤੌਰ 'ਤੇ ਪੰਜਾਬ ਦੇ ਹਵਾਲੇ ਕਰਨ, ਦਰਿਆਈ ਪਾਣੀਆਂ ਦੀ ਸਰਵ-ਪ੍ਰਵਾਨਤ ਤੇ ਨਿਆਂਸੰਗਤ ਵੰਡ ਕਰਨ, ਗੁਆਂਢੀ ਸੂਬਿਆਂ ਅਤੇ ਦੇਸ਼ ਦੇ ਹੋਰਨਾਂ ਭਾਗਾਂ 'ਚ ਪੰਜਾਬੀ ਮਾਤ ਭਾਸ਼ਾ ਨੂੰ ਬਣਦਾ ਮਾਣ-ਸਤਿਕਾਰ ਦੇਣ, ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਲ ਕਰਨ, ਭਾਖੜਾ-ਬਿਆਸ ਪ੍ਰਬੰਧਕੀ ਬੋਰਡ 'ਚੋਂ ਪੰਜਾਬ ਦੀ ਖੋਹੀ ਮੈਂਬਰੀ ਬਹਾਲ ਕਰਨ ਅਤੇ ਡੈਮਾਂ ਦੀ ਮੈਨੇਜਮੈਂਟ 'ਚੋਂ ਸੂਬਿਆਂ ਨੂੰ ਬੇਦਖ਼ਲ ਕਰਨ ਵਾਲਾ ਡੈਮ ਸੁਰੱਖਿਆ ਐਕਟ ਰੱਦ ਕਰਨ, ਸੀਮਾ ਸੁਰੱਖਿਆ ਬਲ ਨੂੰ ਦਿੱਤੇ ਸਰਹੱਦੀ ਇਲਾਕਿਆਂ ਅੰਦਰ ਵਧੇਰੇ ਦੂਰ ਤੱਕ ਮਨਮਰਜ਼ੀ ਨਾਲ ਗਸ਼ਤ ਕਰਨ ਦੇ ਅਧਿਕਾਰ ਵਾਪਸ ਲੈਣ ਦੀ ਮੰਗ ਕੀਤੀ ਗਈ।

ਇੱਕ ਵੱਖਰੇ ਮਤੇ ਰਾਹੀਂ ਪੰਜਾਬ ਅੰਦਰ ਆਏ ਹੜ੍ਹਾਂ ਨਾਲ ਹੋਏ ਜਾਨ-ਮਾਲ ਦੇ ਨੁਕਸਾਨ ਤੇ ਵਿਆਪਕ ਤਬਾਹੀ 'ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਪੀੜਤਾਂ ਨੂੰ ਫੌਰੀ ਢੁਕਵਾਂ ਮੁਆਵਜ਼ਾ ਦੇਣ, ਹਰ ਪ੍ਰਕਾਰ ਦੀ ਰਾਹਤ ਸਮਗਰੀ ਬਿਨਾਂ ਦੇਰੀ ਲੋਕਾਂ ਤੱਕ ਪੁੱਜਦੀ ਕਰਨ ਅਤੇ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਠੋਸ ਕਦਮ ਚੁੱਕਣ ਦੀ ਮੰਗ ਕੀਤੀ ਗਈ।

ਕਨਵੈਨਸ਼ਨ ਦੀ ਸਮਾਪਤੀ 'ਤੇ ਸ਼ਹਿਰ ਵਿੱਚ ਰੋਹ ਭਰਪੂਰ ਮਾਰਚ ਵੀ ਕੱਢਿਆ ਗਿਆ।

### ਮਹਿਲਾ ਅਫਸਰਾਂ ਨੇ ...

ਮਹਿਲਾ ਅਧਿਕਾਰੀਆਂ ਨੇ ਜਿਸ ਤਰ੍ਹਾਂ ਜ਼ਿਲ੍ਹਾ ਰੂਪਨਗਰ ਵਿੱਚ ਪ੍ਰਭਾਵਿਤ ਖੇਤਰਾਂ ਨੂੰ ਰਾਹਤ ਲਈ ਕਮਾਂਡ ਸੰਭਾਲੀ, ਉਸ ਨਾਲ ਲੋਕਾਂ ਵਿੱਚ ਹੋਰ ਆਤਮ-ਵਿਸ਼ਵਾਸ ਵਧਿਆ। ਇਨ੍ਹਾਂ ਅਧਿਕਾਰੀਆਂ ਨੇ ਆਪਣੇ ਛੋਟੇ-ਛੋਟੇ ਬੱਚੇ ਘਰਾਂ ਵਿਚ ਛੱਡ ਕੇ ਖ਼ੁਦ ਫੀਲਡ ਵਿਚ ਦਿਨ-ਰਾਤ ਕੰਮ ਕੀਤਾ। ਭਾਵੇਂ ਜ਼ਿਲ੍ਹੇ ਦੇ ਬਾਕੀ ਅਧਿਕਾਰੀ ਵੀ ਪੂਰੀ ਮਿਹਨਤ ਤੇ ਲਗਨ ਨਾਲ ਕੁਦਰਤੀ ਆਫਤ ਦਾ ਮੁਕਾਬਲਾ ਕਰਦੇ ਰਹੇ, ਪ੍ਰੰਤੂ ਮਹਿਲਾ ਅਧਿਕਾਰੀਆਂ ਦੀ ਸ਼ਾਨਦਾਰ ਭੂਮਿਕਾ ਦੀ ਹਰ ਪਾਸੇ ਚਰਚਾ ਹੈ।

### ਗੁੰਡਿਆਂ ਦਾ ਸਰਗਨਾ...

ਰਿਹਾ, ਉਲਟਾ ਨਰਿੰਦਰ ਸਿੰਘ 'ਤੇ ਦਬਾਅ ਪਾ ਰਿਹਾ ਹੈ ਕਿ ਤੁਸੀਂ ਉਸ ਗੁੰਡਿਆਂ ਦੇ ਸਰਗਨੇ ਨਾਲ ਸਮਝੌਤਾ ਕਰੋ। ਆਗੂਆਂ ਕਿਹਾ ਕਿ ਗੁੰਡਿਆਂ ਦਾ ਸਰਗਨਾ ਸਰੇਆਮ ਮੂੰਹ ਚਿੜਾ ਰਿਹਾ ਹੈ ਕਿ ਹੁਣ ਤੱਕ ਕਾਮਰੇਡਾਂ ਨੇ ਮੇਰਾ ਕੀ ਵਿਗਾੜ ਲਿਆ ਹੈ ਤੇ ਇਹ ਕਾਮਰੇਡ ਮੇਰਾ ਅੱਗੇ ਵੀ ਕੁਝ ਨਹੀਂ ਵਿਗਾੜ ਸਕਦੇ। ਆਗੂਆਂ ਨੇ ਕਿਹਾ ਕਿ ਇਸ ਸਰਗਨੇ ਨੇ ਇਕੱਲੇ ਨਰਿੰਦਰ ਨੂੰ ਦਬਾਉਣ ਲਈ ਗੁੰਡੇ ਹੀ ਨਹੀਂ ਭੇਜੇ, ਉਲਟਾ ਝੂਠਾ ਕੇਸ ਵੀ ਨਰਿੰਦਰ 'ਤੇ ਖਰੜ ਵਿਖੇ ਦਰਜ ਕਰਾ ਦਿੱਤਾ, ਜਿਸ ਦੀ ਤਰੀਕ 8 ਅਗਸਤ ਹੈ। ਸਰਗਨਾ ਨਰਿੰਦਰ ਨੂੰ ਇਹ ਕਹਿੰਦਾ ਹੈ ਕਿ ਜਿਹੜੀਆਂ ਤੂੰ ਮੇਰੇ ਘਪਲਿਆਂ ਦੀ ਪੜਤਾਲ ਕਰਾਉਣ ਵਾਸਤੇ ਉਪਰਲੇ ਅਧਿਕਾਰੀਆਂ ਨੂੰ ਦਰਖਾਸਤਾਂ ਦਿੱਤੀਆਂ ਹਨ, ਉਹ ਵਾਪਸ ਲੈ। ਘਪਲੇ ਇਹ ਹਨ ਕਿ ਉਕਤ ਸਰਗਨਾ ਇੱਕ ਸਕੂਲ ਵਿੱਚ ਆਰਜ਼ੀ ਕਲਰਕ ਹੈ ਤੇ ਆਪਣੇ ਆਪ ਪ੍ਰਿੰਸੀਪਲ ਬਣਿਆ ਬੈਠਾ ਹੈ। ਪ੍ਰਿੰਸੀਪਲ ਦੀ ਮੋਹਰ ਲਾ ਕੇ ਸਭ ਘਪਲੇਬਾਜ਼ੀ ਕਰ ਰਿਹਾ ਹੈ। ਇਹ ਵਿਅਕਤੀ ਦਸਵੀਂ ਦੇ ਸਰਟੀਫਿਕੇਟ ਦੇਣ ਲੱਗਿਆਂ ਵਿਦਿਆਰਥੀਆਂ ਕੋਲੋਂ ਵੱਢੀ ਰਕਮ 20,000 ਤੱਕ ਲੈਂਦਾ ਹੈ। ਇਹੋ ਕੁਝ ਨਰਿੰਦਰ ਸਿੰਘ ਦੇ ਲੜਕੇ ਨਾਲ ਵਾਪਰਿਆ ਹੈ। ਨਰਿੰਦਰ ਸਿੰਘ ਨੇ ਵੱਢੀ ਨਹੀਂ ਦਿੱਤੀ ਤੇ ਉਸ ਦੇ ਮੁੰਡੇ ਨੂੰ ਦਸਵੀਂ ਦਾ ਸਰਟੀਫਿਕੇਟ ਹੀ ਨਹੀਂ ਦਿੱਤਾ ਗਿਆ। ਨਰਿੰਦਰ ਦੀ ਪੜਤਾਲ ਦੀ ਦਰਖਾਸਤ 'ਤੇ ਉਸ ਸਰਗਨੇ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧਿਕਾਰੀਆਂ ਨਾਲ ਮਿਲ ਕੇ ਪਿੰਡ ਮਾੜੀਮੇਘਾ ਦੇ ਸਰਕਾਰੀ ਸਕੂਲ ਦੇ ਪ੍ਰਿੰਸੀਪਲ ਤੋਂ ਜਾਅਲੀ ਸਰਟੀਫਿਕੇਟ ਲੈ ਲਿਆ ਹੈ ਕਿ ਕਿਸੇ ਵੀ ਕੰਮ ਵਿੱਚ ਕੋਈ ਹੇਰਾਫੇਰੀ ਨਹੀਂ ਹੋਈ। ਆਗੂਆਂ ਮੰਗ ਕੀਤੀ ਕਿ ਜੇ ਇਸ ਸਰਗਨੇ, ਇਸ ਵੱਲੋਂ ਭੇਜੇ ਗੁੰਡਿਆਂ ਤੇ ਖਰੜ ਵਾਲੇ ਵਿਅਕਤੀ ਨੂੰ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਸੀ ਪੀ ਆਈ ਨਰੇਗਾ ਯੂਨੀਅਨ ਤੋਂ ਕੇਸ ਲੈ ਕੇ ਆਪ ਭਿੱਖੀਵਿੰਡ ਦੇ ਡੀ ਐੱਸ ਪੀ ਦਫਤਰ ਅੱਗੇ ਪੱਕਾ ਮੋਰਚਾ ਲਾ ਦੇਵਗੀ। ਇਹ ਮੋਰਚਾ 7 ਦਿਨ ਚੱਲੇਗਾ, ਜੇ ਫਿਰ ਵੀ ਇਨਸਾਫ ਨਾ ਮਿਲਿਆ ਤੇ 7 ਦਿਨ ਐੱਸ ਐੱਸ ਪੀ ਦਫਤਰ ਤਰਨ ਤਾਰਨ ਵਿਖੇ ਜ਼ਿਲ੍ਹਾ ਪੱਧਰ 'ਤੇ ਸੰਘਰਸ ਚੱਲੇਗਾ, ਜੇ ਫਿਰ ਵੀ ਨਿਆਂ ਨਾ ਮਿਲਿਆ ਤਾਂ ਅਣਮਿਥੇ ਸਮੇਂ ਲਈ ਡਿਪਟੀ ਕਮਿਸ਼ਨਰ ਤਰਨ ਤਾਰਨ ਦੇ ਦਫਤਰ ਅੱਗੇ ਮੋਰਚਾ ਲਾ ਦਿੱਤਾ ਜਾਵੇਗਾ। ਉਕਤ ਫੈਸਲਾ ਬਹੁਤ ਹੀ ਜਲਦੀ ਸੀ ਪੀ ਆਈ ਬਲਾਕ ਭਿੱਖੀਵਿੰਡ ਦੀ ਮੀਟਿੰਗ ਕਰੇਗੀ ਲੈ ਰਹੀ ਹੈ।

ਸਮਾਗਮ ਨੂੰ ਸੀ ਪੀ ਆਈ ਦੇ ਭਿੱਖੀਵਿੰਡ ਬਲਾਕ ਦੇ ਮੀਤ ਸਕੱਤਰ ਰਛਪਾਲ ਸਿੰਘ ਬਾਠ, ਸੁਖਦੇਵ ਸਿੰਘ ਕਾਲਾ, ਬਲਦੇਵ ਰਾਜ ਭਿੱਖੀਵਿੰਡ, ਜਸਵੰਤ ਸਿੰਘ, ਸਰਬਜੀਤ ਕੌਰ ਸੁਰਵਿੰਡ, ਕਿਸਾਨ ਆਗੂ ਇਕਬਾਲ ਸਿੰਘ ਮਾੜੀ ਕੰਬੋਕੀ, ਬਲਵਿੰਦਰ ਸਿੰਘ ਦਦੇਹਰ ਸਾਹਿਬ, ਬਲਬੀਰ ਬੱਲੂ , ਕਮਲਜੀਤ ਸਿੰਘ ਨਾਗੋਕੇ ਤੇ ਸ਼ਿਖਾ ਨੇ ਵੀ ਸੰਬੋਧਨ ਕੀਤਾ।

ਅੰਤ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਬਲਾਕ ਭਿੱਖੀਵਿੰਡ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ, ਜਿਸ ਵਿੱਚ ਪ੍ਰਧਾਨ ਟਹਿਲ ਸਿੰਘ ਲੱਧੂ, ਸਕੱਤਰ ਮਨਜੀਤ ਕੌਰ ਅਲਗੋਂ, ਖ਼ਜ਼ਾਨਚੀ ਬੀਬੀ ਵੀਰੋ ਸਾਂਡਪੁਰਾ, ਮੀਤ ਪ੍ਰਧਾਨ ਪਰਮਜੀਤ ਕੌਰ ਮਾੜੀਮੇਘਾ, ਸੁਖਬੀਰ ਕੌਰ ਕਲਸੀਆਂ, ਕੁਲਵਿੰਦਰ ਕੌਰ ਭਗਵਾਨਪੁਰਾ, ਮੀਤ ਸਕੱਤਰ ਕੁਲਦੀਪ ਸਿੰਘ ਤਤਲੇ, ਗੁਰਦੇਵ ਸਿੰਘ ਮਾੜੀ ਕੰਬੋਕੀ, ਬੀਬੀ ਬਿੰਦੂ ਅਲਗੋਂ ਕਲਾਂ, ਕਾਬਲ ਸਿੰਘ ਖਾਲੜਾ ਅਤੇ ਬਲਜਿੰਦਰ ਕੌਰ ਹਨ। ਵਰਕਿੰਗ ਕਮੇਟੀ 21 ਮੈਂਬਰਾਂ ਦੀ ਚੁਣੀ ਗਈ।

### ਮੁਲਕ ਦੀ ਜ਼ਮੀਰ...

ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਇਸ ਮਾਮਲੇ ਵਿੱਚ ਤੁਰੰਤ ਦਖਲ ਦੇ ਕੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇਣੀ ਯਕੀਨੀ ਬਣਾਉਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਮਨੀਪੁਰ 'ਚ ਸਥਿਤੀ ਕਾਬੂ ਤੋਂ ਬਾਹਰ ਹੁੰਦੀ ਜਾ ਰਹੀ ਹੈ ਅਤੇ ਪ੍ਰਧਾਨ ਮੰਤਰੀ ਨੂੰ ਵੀ ਇਸ 'ਤੇ ਤੁਰੰਤ ਧਿਆਨ ਦੇਣਾ ਚਾਹੀਦਾ ਹੈ। ਭਗਵੰਤ ਮਾਨ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਅਜਿਹੇ ਅਣਮਨੁੱਖੀ ਕਾਰਿਆਂ ਦੀ ਕਿਸੇ ਵੀ ਸੱਭਿਅਕ ਸਮਾਜ ਵਿੱਚ ਕੋਈ ਥਾਂ ਨਹੀਂ ਹੈ ਅਤੇ ਸਮੁੱਚੇ ਦੇਸ਼ ਨੂੰ ਇਸ ਦੀ ਇੱਕਜੁਟ ਹੋ ਕੇ ਨਿਖੇਧੀ ਕਰਨੀ ਚਾਹੀਦੀ ਹੈ।

## ਸਮਾਂ ਰਹਿੰਦੇ ਬੰਨ੍ਹ ਮਜ਼ਬੂਤ ਹੁੰਦੇ ਤਾਂ ਅਜਿਹੇ ਹਾਲਤਾਂ ਤੋਂ ਬਚਿਆ ਜਾ ਸਕਦਾ ਸੀ : ਵਿਰਕ

**ਸਿਰਸਾ (ਸੁਰਿੰਦਰ ਪਾਲ ਸਿੰਘ)** – ਸੀਨੀਅਰ ਕਿਸਾਨ ਆਗੂ ਸਵਰਨ ਸਿੰਘ ਵਿਰਕ, ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਬਲਰਾਜ ਸਿੰਘ ਬਣੀ ਤੇ ਲੋਕ ਪੰਚਾਇਤ ਦੇ ਜਰਨਲ ਸੱਕਤਰ ਸੁਖਦੇਵ ਸਿੰਘ ਕੱਕਾ, ਸੀਤਲ ਸਿੰਘ ਨੰਬਰਦਾਰ ਤੇ ਲਖਵੀਰ ਸਿੰਘ ਝੱਬਰ ਦੇ ਪ੍ਰਤੀਨੀਧੀ ਮੰਡਲ ਨੇ ਪਿੰਡ ਕਰੀਵਾਲਾ ਤੋਂ ਲੈ ਕੇ ਫਿਰੋਜ਼ਾਬਾਦ ਤੱਕ ਹੜ੍ਹ ਮਾਰੇ ਇਲਾਕਿਆਂ ਦੇ ਦੌਰੇ ਦੌਰਾਨ ਪੀੜਤ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਨ੍ਹਾਂ ਕਿਸਾਨ ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਹਰਿਆਣਾ ਸਰਕਾਰ ਤੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਬਣਦਾ ਉਚਿਤ ਮੁਆਵਜ਼ਾ ਦੇਣ ਦੀ ਮੰਗ ਕੀਤੀ ।ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਉਟੂ ਝੀਲ ਦੀ ਲਗਭਗ 20 ਫੁੱਟ ਖ਼ੁਦਾਈ ਕੀਤੀ ਜਾਵੇ ਤੇ ਪ੍ਰਾਪਤ ਮਿੱਟੀ ਨੂੰ ਘੱਗਰ ਦੇ ਕਿਨਾਰਿਆਂ 'ਤੇ ਲਾਇਆ ਜਾਵੇ ਤਾਂ ਜੋ ਕਿਨਾਰੇ ਮਜ਼ਬੂਤ ਹੋ ਸਕਣ। ਇਸ ਕਿਸਾਨ ਪ੍ਰਤੀਨਿਧੀ ਮੰਡਲ ਦਾ ਕਹਿਣਾ ਸੀ ਕਿ ਸਥਾਨਕ ਪ੍ਰਸ਼ਾਸਨ ਤੇ ਸਰਕਾਰਾਂ ਦੀ ਲਾਪ੍ਰਵਾਹੀ ਕਾਰਨ ਇਸ ਖੇਤਰ ਦੇ ਲੋਕਾਂ ਨੂੰ ਘਰਾਂ ਦੇ ਹੜ੍ਹਾਂ ਦੀ ਮਾਰ ਝੱਲਣੀ ਪੈ ਰਹੀ ਹੈ।ਉਨ੍ਹਾਂ ਕਿਹਾ ਕਿ ਜੇਕਰ ਸਮਾਂ ਰਹਿੰਦੇ ਬੰਨ੍ਹ ਮਜ਼ਬੂਤ ਕੀਤੇ ਗਏ ਹੁੰਦੇ ਤਾਂ ਅਜਿਹੀ ਤਰਾਸਦੀ ਹੋਣ ਤੋਂ ਬਚਿਆ ਜਾ ਸਕਦਾ ਸੀ। ਇਨ੍ਹਾਂ ਕਿਸਾਨ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੀੜਤ ਕਿਸਾਨ ਨੂੰ 50 ਹਜ਼ਾਰ ਰੁਪਏ ਪ੍ਰਤੀ ਕਿੱਲ੍ਹਾ ਮੁਆਵਜ਼ਾ ਦੇਣ ਦੇ ਨਾਲ ਨਾਲ ਉਨ੍ਹਾਂ ਦੇ ਘਰਾਂ ਤੇ ਮੋਟਰਾਂ ਅਤੇ ਹੋਰ ਨੁਕਸਾਨ ਦਾ ਮੁਆਵਜ਼ਾ ਵੀ ਦਿੱਤਾ ਜਾਵੇ। ਮੀਡੀਆ ਨੂੰ ਦਿੱਤੇ ਅਪਣੇ ਬਿਆਨ ਵਿੱਚ ਇਨ੍ਹਾਂ ਕਿਸਾਨ ਆਗੂਆਂ ਨੇ ਉਨ੍ਹਾਂ ਸਮੂਹ ਸਸਥਾਵਾਂ ਦਾ ਧੰਨਵਾਦ ਵੀ ਕੀਤਾ, ਜੋ ਇਸ ਸੰਕਟ ਦੀ ਘੜੀ ਵਿੱਚ ਜਨ ਸੇਵਾ ਵਿੱਚ ਲੱਗੀਆਂ ਹੋਈਆਂ ਹਨ।

## ਪਵਨ ਗੁਲਾਟੀ ਨੇ ਬਤੌਰ ਤਹਿਸੀਲਦਾਰ ਅਹੁਦਾ ਸੰਭਾਲਿਆ

**ਤਪਾ ਮੰਡੀ (ਅਰੁਣ ਗੋਇਲ)**-ਪੰਜਾਬ ਸਰਕਾਰ ਵੱਲੋਂ ਕੀਤੀਆਂ ਗਈਆਂ ਬਦਲੀਆਂ ਦੀ ਪਾਲਣਾ ਕਰਦੇ ਹੋਏ ਤਹਿਸੀਲਦਾਰ ਪਵਨ ਕੁਮਾਰ ਗੁਲਾਟੀ ਨੇ ਅਪਣਾ ਅਹੁਦਾ ਸੰਭਾਲ ਕੇ ਕੰਮਕਾਜ ਕਰਨਾ ਸ਼ੁਰੂ ਕਰ ਦਿੱਤਾ ਹੈ, ਉਹ ਬਾਘਾ ਪੁਰਾਣਾ ਤੋਂ ਬਦਲ ਕੇ ਇਥੇ ਆਏ ਹਨ। ਗੱਲਬਾਤ ਦੌਰਾਨ ਨਵ-ਨਿਯੁਕਤ ਤਹਿਸੀਲਦਾਰ ਭਾਟੀਆ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲੋਕਾਂ ਨੂੰ ਜਾਇਦਾਦ ਦੀਆਂ ਰਜਿਸਟਰੀਆਂ ਤੇ ਹੋਰ ਦਸਤਾਵੇਜ਼ਾਂ ਸੰਬੰਧੀ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ ਤੇ ਉਨ੍ਹਾਂ ਦੀ ਸੋਚ ਹੋਵੇਗੀ ਕਿ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਾ ਆਉਣ ਦਿੱਤੀ ਜਾਵੇ ਤੇ ਹਰੇਕ ਵਰਗ ਦੇ ਲੋਕਾਂ ਨੂੰ ਮਾਣ ਸਤਿਕਾਰ ਦਿੱਤਾ ਜਾਵੇ।

ਇਸ ਮੌਕੇ ਸਟੈਨੋਗ੍ਰਾਫਰ ਹਰਜਿੰਦਰ ਸਿੰਘ, ਜਸਵਿੰਦਰ ਕੌਰ, ਲਾਲੀ, ਜੱਸੀ ਸਿੰਘ, ਗੁਰਲਾਲ ਸਿੰਘ, ਨਨਪਾਲ ਸਿੰਘ, ਸ਼ਿਵ ਕੁਮਾਰ, ਰਿੰਕੂ ਕੁਮਾਰ, ਕਿਰਪਾਲ ਸਿੰਘ, ਭਗਵਾਨ ਸਿੰਘ, ਮਨਪ੍ਰੀਤ ਸਿੰਘ, ਜਗਸੀਰ ਸਿੰਘ ਆਦਿ ਸਟਾਫ ਹਾਜ਼ਰ ਸੀ।

**Capital Small Finance Bank**

CAPITAL SMALL FINANCE BANK LIMITED
Regd. Office: Midas Corporate Park, 3rd Floor, 37, G.T Road, Jalandhar -144001, Punjab INDIA
Ph.: +91 181-5051111, 5052222; Fax: +91 181 5053333 CIN: U65110PB1999PLC022634
E-mail: cs@capitalbank.co.in Website : www.capitalbank.co.in

**24ਵੀਂ ਸਾਲਾਨਾ ਜਨਰਲ ਮੀਟਿੰਗ ਦਾ ਨੋਟਿਸ**

ਕੰਪਨੀਜ਼ ਐਕਟ, 2013 ('ਐਕਟ') ਦੀਆਂ ਵਿਵਸਥਾਵਾਂ ਅਤੇ ਉਹਨਾਂ ਅਧੀਨ ਬਣੇ ਨਿਯਮਾਂ ਨਾਲ ਪੜ੍ਹਦਿਆਂ ਜਨਰਲ ਸਰਕੂਲਰਜ਼ 14/2020, 17/2020, 20/2020, 02/2021, 19/2021, 21/2021, 02/2022, 10/2022 ਮਿਤੀ ਅਪ੍ਰੈਲ 08, 2020, ਅਪ੍ਰੈਲ 13, 2020, ਮਈ 05, 2020, ਜਨਵਰੀ 13, 2021, ਦਸੰਬਰ 08, 2021, ਦਸੰਬਰ 14, 2021, ਮਈ 05, 2022 ਅਤੇ 28 ਦਸੰਬਰ 2022 ਅਤੇ ਕਾਰਪੋਰੇਟ ਮਾਮਲੇ ਮੰਤਰਾਲਾ (ਐੱਮ ਸੀ ਏ) ਭਾਰਤ ਸਰਕਾਰ (ਸਾਂਝੇ ਤੌਰ 'ਤੇ 'ਐੱਮ ਸੀ ਏ ਸਰਕੂਲਰਜ਼' ਵਜੋਂ ਹਵਾਲਾ) ਵੱਲੋਂ ਜਾਰੀ ਹੋਰ ਲਾਗੂ ਕਾਨੂੰਨਾਂ ਅਤੇ ਸਰਕੂਲਰਾਂ ਦੀ ਪਾਲਣਾ 'ਚ ਨੋਟਿਸ ਦਿੱਤਾ ਜਾਂਦਾ ਹੈ ਕਿ ਵੀਡੀਓ ਕਾਨਫਰੰਸ ('ਵੀ ਸੀ') ਹੋਰ ਆਡੀਓ ਵਿਯੂਅਲ ਢੰਗ ('ਓ ਏ ਵੀ ਐੱਮ') ਰਾਹੀਂ ਸ਼ੇਅਰ ਹੋਲਡਰਾਂ ਦੀ ਭੌਤਿਕ ਹਾਜ਼ਰੀ ਤੋਂ ਬਿਨਾਂ ਇੱਕ ਸਾਂਝੇ ਸਥਾਨ 'ਤੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਮੈਂਬਰਾਂ ਦੀ 24ਵੀਂ ਸਾਲਾਨਾ ਜਨਰਲ ਮੀਟਿੰਗ ('ਏ ਜੀ ਐੱਮ'), ਮਿਤੀ 26 ਜੂਨ 2023 ਨੂੰ ਏ ਜੀ ਐੱਮ ਦੇ ਨੋਟਿਸ 'ਚ ਉਲੀਕੇ ਗਏ ਕਾਰੋਬਾਰ ਦੇ ਨਿਪਟਾਰੇ ਲਈ ਸ਼ੁੱਕਰਵਾਰ 11 ਅਗਸਤ 2023 ਨੂੰ ਸਵੇਰੇ 11.00 ਵਜੇ ਆਈ ਐੱਸ ਟੀ ਹੋਵੇਗੀ।

ਬੈਂਕ ਨੇ ਈ-ਵੋਟਿੰਗ ਪ੍ਰਕਿਰਿਆ ਕਾਨੂੰਨ ਅਨੁਸਾਰ, ਪਾਰਦਰਸ਼ਤਾ ਅਤੇ ਸਪੱਸ਼ਟ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਪ੍ਰੈਕਟਿਸਿੰਗ ਕੰਪਨੀ ਸੈਕਟਰੀ ਕੁਮਾਰੀ ਸਾਗਰਿਕਾ ਜੇ ਈ (ਐੱਮ ਨੰ. ਏ 61678 ਸੀ ਓ ਪੀ ਨੰ. 263597) ਨੂੰ ਸਕਰਿਊਟੇਨਾਈਜ਼ਰ ਨਿਯੁਕਤ ਕੀਤਾ ਹੈ।

ਰਿਮੋਟ-ਈ-ਵੋਟਿੰਗ ਰਾਹੀਂ ਵੋਟ ਪਾਉਣ, ਏ ਜੀ ਐੱਮ 'ਚ ਵੀ ਸੀ/ਓ ਏ ਵੀ ਐੱਮ 'ਚ ਹਿੱਸਾ ਲੈਣ ਅਤੇ ਏ ਜੀ ਐੱਮ ਦੌਰਾਨ ਈ-ਵੋਟਿੰਗ ਲਈ ਬੈਂਕ ਨੇ ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ (ਇੰਡੀਆ) ਲਿਮ: ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਹਨ।

ਉਪਰੋਕਤ ਐੱਮ ਸੀ ਏ ਸਰਕੂਲਰਾਂ ਅਤੇ ਸਕਿਉਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਸੇਬੀ) ਵੱਲੋਂ ਜਾਰੀ ਲਾਗੂ ਸਰਕੂਲਰਾਂ ਦੀ ਪਾਲਣਾ 'ਚ ਏ ਜੀ ਐੱਮ ਨੋਟਿਸ ਸਮੇਤ ਵਿੱਤੀ ਵਰ੍ਹੇ 2022-23 ਦੀ ਸਾਲਾਨਾ ਰਿਪੋਰਟ ਕੇਵਲ ਇਲੈਕਟ੍ਰਾਨਿਕ ਤਰੀਕੇ ਈ ਮੇਲ ਰਾਹੀਂ ਉਹਨਾਂ ਸ਼ੇਅਰ ਹੋਲਡਰਾਂ ਨੂੰ ਭੇਜੀ ਜਾ ਚੁੱਕੀ ਹੈ, ਜਿਨ੍ਹਾਂ ਦੇ ਈ ਮੇਲ ਪਤੇ ਸ਼ੁੱਕਰਵਾਰ 14 ਜੁਲਾਈ, 2023 ਨੂੰ ਜਾਂ ਪਹਿਲਾਂ ਬੈਂਕ/ਡਿਪਾਜ਼ਟਰੀ ਪਾਰਟੀਸੀਪੈਂਟਸ/ਰਜਿਸਟਰਾਰ ਕੋਲ ਰਜਿਸਟਰਡ ਹਨ।

ਵਿੱਤੀ ਵਰ੍ਹੇ 2022-2023 ਦੀ ਸਾਲਾਨਾ ਰਿਪੋਰਟ ਅਤੇ ਏ ਜੀ ਐੱਮ ਨੋਟਿਸ, ਬੈਂਕ ਦੀ ਵੈੱਬਸਾਈਟ www.capitalbank.co.in ਸੀ ਡੀ ਐੱਸ ਐੱਲ ਦੀ ਵੈੱਬਸਾਈਟ www.evotingindia.com ਅਤੇ ਸਟਾਕ ਐਕਸਚੇਂਜ ਦੀ ਵੈੱਬਸਾਈਟ, ਜੋ ਕਿ ਬੀ ਐੱਸ ਈ ਲਿਮਟਿਡ ਹੈ www.bseindia.com 'ਤੇ ਵੀ ਉਪਲੱਬਧ ਹੈ।

ਡੀਮਟੀਰੇਲਾਈਜ਼ਡ ਤੌਰ 'ਤੇ ਸ਼ੇਅਰ ਰੱਖਣ ਵਾਲੇ ਸ਼ੇਅਰ ਧਾਰਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਈਮੇਲ ਪਤੇ ਅਤੇ ਮੋਬਾਈਲ ਨੰ: ਆਪਣੇ ਸੰਬੰਧਤ ਡੀਪਾਜ਼ਿਟਰੀਜ਼ ਕੋਲ ਆਪਣੇ ਡਿਪਾਜ਼ਿਟਰੀ ਪਾਰਟੀਸੀਪੈਂਟਸ ਰਾਹੀਂ ਰਜਿਸਟਰਡ ਕਰਵਾਉਣ। ਬੇਸ਼ੱਕ ਨੋਟਿਸ ਪ੍ਰਾਪਤ ਕਰਨ ਲਈ ਆਰਜ਼ੀ ਰਜਿਸਟਰੇਸ਼ਨ ਵਾਸਤੇ ਸ਼ੇਅਰਧਾਰਕ ਆਪਣੇ ਈਮੇਲ ਆਈਡੀਜ਼ ਬੈਂਕ ਨਾਲ ਰਜਿਸਟਰਡ ਕਰਵਾ ਸਕਦੇ ਹਨ।

ਭੌਤਿਕ ਮੋਡ 'ਚ ਸ਼ੇਅਰ ਰੱਖਣ ਵਾਲੇ ਸ਼ੇਅਰ ਹੋਲਡਰ ਅਤੇ /ਜਾਂ ਜਿਨ੍ਹਾਂ ਦੇ ਈਮੇਲ ਪਤੇ ਰਜਿਸਟਰਡ ਨਹੀਂ ਹਨ, ਨੂੰ ਏ ਜੀ ਐੱਮ ਦਾ ਨੋਟਿਸ, ਇਲੈਕਟ੍ਰਾਨੀਕਲੀ ਸਾਲਾਨਾ ਰਿਪੋਰਟ ਪ੍ਰਾਪਤ ਕਰਨ ਲਈ ਆਪਣੇ ਈਮੇਲ ਪਤੇ ਬੈਂਕ ਕੋਲ ਰਜਿਸਟਰਡ ਕਰਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ ਅਤੇ ਈ ਵੋਟਿੰਗ ਲਈ ਲਾਗਇਨ ਆਈ ਡੀ ਪ੍ਰਾਪਤ ਕਰਨ ਅਤੇ ਰਜਿਸਟਰੇਸ਼ਨ ਲਈ ਕਿਰਪਾ ਕਰਕੇ ਸ੍ਰੀ ਅਮਿਤ ਸ਼ਰਮਾ, ਕੰਪਨੀ ਸੈਕਟਰੀ ਦੀ ਈ-ਮੇਲ ਆਈ ਡੀ .cs@capitalbank.co.in ਜਾਂ amit1.sharma@capitalbank.co.in 'ਤੇ ਤੁਹਾਡਾ ਫੋਲੀਓ ਨੰ./ਡੀ ਪੀ ਕਲਾਂਇਟ ਆਈ ਡੀ, ਸਰਟੀਫਿਕੇਟ ਨੰ., ਪੈਨ /ਅਧਾਰ/ਵੈਧ ਪਾਸਪੋਰਟ ਅਤੇ ਸ਼ੇਅਰ ਸਰਟੀਫਿਕੇਟ ਆਦਿ ਦੀ ਨਕਲ ਨਾਲ ਲਿਖਿਆ ਜਾਵੇ।

ਰਿਮੋਟ ਈ-ਵੋਟਿੰਗ ਰਾਹੀਂ ਵੋਟ ਪਾਉਣ, ਵੀ ਸੀ/ਓ ਏ ਵੀ ਐੱਮ ਰਾਹੀਂ ਏ ਜੀ ਐੱਮ 'ਚ ਹਾਜ਼ਰੀ ਅਤੇ ਏ ਜੀ ਐੱਮ ਮੌਕੇ ਈ-ਵੋਟਿੰਗ, ਏ ਜੀ ਐੱਮ ਦੇ ਸੱਦੇ ਦੇ ਨੋਟਿਸ 'ਚ ਮੁਹੱਈਆ ਕਰਵਾਏ ਗਏ ਹਨ ਅਤੇ ਸ਼ੇਅਰ ਹੋਲਡਰਾਂ ਨੂੰ ਇਸ ਨੂੰ ਧਿਆਨ ਨਾਲ ਪੜ੍ਹਨ ਦੀ ਬੇਨਤੀ ਕੀਤੀ ਜਾਂਦੀ ਹੈ।

ਬੈਂਕ ਸ਼ੇਅਰਧਾਰਕਾਂ ਨੂੰ ਏ ਜੀ ਐੱਮ 'ਚ ਉਲੇਖ ਕੰਮਕਾਜ ਲਈ ਇਲੈਕਟ੍ਰਾਨਿਕ ਵੋਟਿੰਗ ਪ੍ਰਣਾਲੀ ਰਾਹੀਂ ਰਿਮੋਟ ਤਰੀਕੇ ਨਾਲ ਵੋਟ ਪਾਉਣ ਦੀ ਸਹੂਲਤ ਵੀ ਪ੍ਰਦਾਨ ਕਰ ਰਿਹਾ ਹੈ। ਈ-ਵੋਟਿੰਗ ਦਾ ਤਰੀਕਾ ਹੇਠਾਂ ਦਰਸਾਏ ਅਨੁਸਾਰ ਹੈ :

1. ਇੱਕ ਵਿਅਕਤੀ ਜਿਸ ਦਾ ਨਾਂਅ ਮੈਂਬਰਾਂ ਦੇ ਰਜਿਸਟਰ ਜਾਂ ਡਿਪਾਜ਼ਿਟਰੀਜ਼ ਦੇ ਰੱਖ-ਰਖਾਵ ਵਾਲੇ ਲਾਭਪਾਤਰੀ ਮਾਲਕਾਂ ਦੇ ਰਜਿਸਟਰ 'ਚ ਕਟ-ਆਫ-ਡੇਟ ਜੋ ਕਿ ਸ਼ੁੱਕਰਵਾਰ, 04 ਅਗਸਤ 2023 ਨੂੰ ਰਿਕਾਰਡਿਡ ਹੋਵੇਗਾ, ਹੀ ਸਿਰਫ ਏ ਜੀ ਐੱਮ ਦੌਰਾਨ ਰਿਮੋਟ ਈ-ਵੋਟਿੰਗ ਜਾਂ ਈ ਵੋਟਿੰਗ ਰਾਹੀਂ ਵੋਟਿੰਗ ਦੀ ਸਹੂਲਤ ਪ੍ਰਾਪਤ ਕਰਨ ਯੋਗ ਹੋਵੇਗਾ। ਇੱਕ ਵਿਅਕਤੀ ਜੋ ਕਿ ਕੱਟ ਆਫ ਡੇਟ 'ਤੇ ਮੈਂਬਰ ਨਹੀਂ ਹੋਵੇਗਾ, ਇਸ ਨੋਟਿਸ ਨੂੰ ਸਿਰਫ ਸੂਚਨਾ ਦੇ ਮੰਤਵ ਵਜੋਂ ਹੀ ਸਮਝੇ।

2. ਈ-ਵੋਟਿੰਗ ਦਾ ਸਮਾਂ ਮੰਗਲਵਾਰ 8 ਅਗਸਤ 2023 (9.00 ਵਜੇ ਸਵੇਰੇ ਆਈ ਐੱਸ ਟੀ) ਨੂੰ ਸ਼ੁਰੂ ਅਤੇ ਵੀਰਵਾਰ 10 ਅਗਸਤ 2023 (5.00 ਵਜੇ ਸ਼ਾਮ ਆਈ ਐੱਸ ਟੀ) ਨੂੰ ਖਤਮ ਹੋਵੇਗਾ। ਇਸ ਤੋਂ ਬਾਅਦ ਸੀ ਡੀ ਐੱਸ ਐੱਲ ਵੋਟਿੰਗ ਲਈ ਈ-ਵੋਟਿੰਗ ਮੋਡਿਊਲ ਅਯੋਗ ਕਰ ਦਿੱਤਾ ਜਾਵੇਗਾ। ਇੱਕ ਸ਼ੇਅਰ ਹੋਲਡਰ ਵੱਲੋਂ ਰੇਜ਼ੋਲੂਸ਼ਨ 'ਤੇ ਇੱਕ ਵਾਰ ਵੋਟ ਪਾਏ ਜਾਣ ਤੋਂ ਬਾਅਦ ਉਸ ਨੂੰ ਇਸ ਵਿੱਚ ਤਬਦੀਲੀ ਕਰਨ ਜਾਂ ਦੁਬਾਰਾ ਵੋਟ ਪਾਉਣ ਦੀ ਆਗਿਆ ਨਹੀਂ ਹੋਵੇਗੀ।

3. ਕੋਈ ਵਿਅਕਤੀ ਜੋ ਬੈਂਕ ਦੇ ਸ਼ੇਅਰ ਅਕੁਆਇਰ ਕਰਦਾ ਹੈ ਅਤੇ ਨੋਟਿਸ ਡਿਸਪੈਚ ਕਰਨ ਤੋਂ ਬਾਅਦ ਬੈਂਕ ਦਾ ਮੈਂਬਰ ਬਣਦਾ ਹੈ ਅਤੇ ਕਟ-ਆਫ ਡੇਟ ਨੂੰ ਸ਼ੇਅਰਧਾਰਕ ਹੈ ਤਾਂ ਉਹ helpdesk.evoting@cdslindia.com 'ਤੇ ਬੇਨਤੀ ਭੇਜ ਕੇ ਲਾਗਇਨ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ। ਬੇਸ਼ੱਕ ਜੇਕਰ ਉਹ ਪਹਿਲਾਂ ਹੀ ਸੀ ਡੀ ਐੱਸ ਐੱਲ ਨਾਲ ਰਿਮੋਟ ਈ-ਵੋਟਿੰਗ ਲਈ ਰਜਿਸਟਰਡ ਹੈ ਤਾਂ ਉਹ ਆਪਣੀ ਮੌਜੂਦਾ ਯੂਜ਼ਰ ਆਈ ਡੀ ਅਤੇ ਪਾਸਵਰਡ ਵੋਟ ਪਾਉਣ ਲਈ ਵਰਤ ਸਕਦਾ ਹੈ।

4. ਏ ਜੀ ਐੱਮ ਵਾਲੇ ਦਿਨ ਈ-ਵੋਟਿੰਗ ਦਾ ਤਰੀਕਾ, ਨੋਟਿਸ 'ਚ ਰਿਮੋਟ ਈ-ਵੋਟਿੰਗ ਸੰਬੰਧੀ ਦਰਸਾਈਆਂ ਹਦਾਇਤਾਂ ਵਾਂਗ ਹੀ ਹੋਵੇਗਾ।

5. ਸਿਰਫ ਉਹ ਸ਼ੇਅਰ ਧਾਰਕ, ਜੋ ਏ ਜੀ ਐੱਮ 'ਚ ਵੀ ਸੀ/ਓ ਏ ਵੀ ਐੱਮ ਸਹੂਲਤ ਰਾਹੀਂ ਹਾਜ਼ਰ ਹੋਣਗੇ ਅਤੇ ਰਿਮੋਟ ਈ-ਵੋਟਿੰਗ ਰਾਹੀਂ ਰੈਜ਼ੋਲੂਸ਼ਨਜ਼ 'ਤੇ ਆਪਣੀ ਵੋਟ ਨਹੀਂ ਪਾਈ ਹੋਵੇਗੀ ਅਤੇ ਅਜਿਹਾ ਕਰਨ ਤੋਂ ਰੋਕੇ ਨਾ ਗਏ ਹੋਣਗੇ, ਏ ਜੀ ਐੱਮ ਦੌਰਾਨ ਈ-ਵੋਟਿੰਗ ਪ੍ਰਣਾਲੀ ਰਾਹੀਂ ਆਪਣੀ ਵੋਟ ਪਾਉਣ ਦੇ ਯੋਗ ਹੋਣਗੇ।

6. ਰਿਮੋਟ ਈ ਵੋਟਿੰਗ ਰਾਹੀਂ ਵੋਟ ਪਾ ਚੁੱਕੇ ਸ਼ੇਅਰਧਾਰਕ ਏ ਜੀ ਐੱਮ 'ਚ ਹਾਜ਼ਰ ਹੋਣ ਦੇ ਯੋਗ ਹੋਣਗੇ। ਬੇਸ਼ੱਕ ਏ ਜੀ ਐੱਮ ਦੌਰਾਨ ਉਹ ਵੋਟ ਪਾਉਣ ਦੇ ਯੋਗ ਨਹੀਂ ਹੋਣਗੇ।

ਵੀ ਸੀ ਜਾਂ ਓ ਏ ਵੀ ਐੱਮ ਰਾਹੀਂ ਮੀਟਿੰਗ 'ਚ ਹਾਜ਼ਰ ਹੋਣ ਸੰਬੰਧੀ ਵਿਸਥਾਰਤ ਹਦਾਇਤਾਂ ਲਈ ਕ੍ਰਿਪਾ ਕਰਕੇ ਨੋਟਿਸ ਦਾ ਹਵਾਲਾ ਲਿਆ ਜਾਵੇ। ਰਿਮੋਟ ਈ-ਵੋਟਿੰਗ ਨਾਲ ਸੰਬੰਧਤ ਕਿਸੇ ਤਰ੍ਹਾਂ ਦੀ ਪੁੱਛਗਿੱਛ/ਮੁਸ਼ਕਲ ਲਈ ਕ੍ਰਿਪਾ ਕਰਕੇ ਅਕਸਰ ਪੁੱਛੇ ਜਾਂਦੇ ਸਵਾਲ (ਐੱਫ ਏ ਕਿਊਜ਼) ਅਤੇ ਸ਼ੇਅਰ ਹੋਲਡਰਾਂ ਲਈ ਈ-ਵੋਟਿੰਗ ਯੂਜ਼ਰ ਮੈਨੂਅਲ ਦੇ ਡਾਊਨਲੋਡ ਸੈਕਸ਼ਨ https://www.evotingindia.com/Help.jsp ਦਾ ਹਵਾਲਾ ਲਿਆ ਜਾਵੇ ਜਾਂ ਸ੍ਰੀ ਰਕੇਸ਼ ਦਲਵੀ, ਪਤਾ ਯੂਨਿਟ ਨੰ: ਏ-2501 ਮਰੈਥਨ ਫਿਊਚਰੈਕਸ, ਮਫਤਲਾਲ ਮਿੱਲਜ਼ ਕੰਪਾਊਂਡ, ਐੱਨ ਐੱਮ ਜੋਸ਼ੀ ਮਾਰਗ, ਲੋਵਰ ਪਾਰੇਲ (ਈ) ਮੁੰਬਈ ਸਿਟੀ, ਐੱਮ ਐੱਚ 400013, ਆਈ ਐੱਨ ਈ ਮੇਲ ਆਈ ਡੀ helpdesk.evoting@cdslindia.com ਜਾਂ ਸੈਂਟਰਲ ਡਿਪਾਜ਼ਿਟਰੀ ਸਰਵਿਸਿਜ਼ (ਇੰਡੀਆ) ਲਿਮਟਿਡ (ਸੀ ਡੀ ਐੱਸ ਐੱਲ) ਟੋਲ ਫਰੀ ਨੰ: 180-0225533 ਨਾਲ ਸੰਪਰਕ ਕੀਤਾ ਜਾਵੇ।

ਸ਼ੇਅਰ ਹੋਲਡਰ ਕਿਰਪਾ ਕਰਕੇ ਅੱਗੇ ਧਿਆਨ ਦੇਣ ਕਿ ਬੋਰਡ ਦੇ ਡਾਇਰੈਕਟਰਾਂ ਨੇ 26 ਜੂਨ 2023 ਨੂੰ ਹੋਈ ਮੀਟਿੰਗ 'ਚ ਵਿੱਤੀ ਵਰ੍ਹੇ 2022-2023 ਲਈ ਬੈਂਕ ਦੇ ਪ੍ਰਤੀ ਇਕੁਇਟੀ ਸ਼ੇਅਰ ਦੀ ਫੇਸ ਵੈਲਿਊ 10 ਰੁਪਏ ਹਰੇਕ 'ਤੇ ਰੁਪਏ 1.20 ਅੰਤਮ ਲਾਭਾਂਸ਼ ਦੀ ਸਿਫਾਰਸ਼ ਕੀਤੀ ਹੈ। ਲਾਭਾਂਸ਼ ਦੇ ਮੰਤਵ ਲਈ ਰਿਕਾਰਡ ਮਿਤੀ ਸ਼ੁੱਕਰਵਾਰ, 07 ਜੁਲਾਈ 2023 ਹੈ।

ਸ਼ੇਅਰ ਹੋਲਡਰ ਕਿਰਪਾ ਕਰਕੇ ਧਿਆਨ ਦੇਣ ਕਿ ਫਾਇਨਾਂਸ ਐਕਟ 2020 ਸੋਧੇ ਗਏ ਇਨਕਮ ਟੈਕਸ ਐਕਟ 1961 ("ਦਾ ਆਈ ਟੀ ਐਕਟ") ਦੇ ਹੁਕਮ ਅਨੁਸਾਰ ਕੰਪਨੀ ਵੱਲੋਂ 01 ਅਪ੍ਰੈਲ 2020 ਨੂੰ ਜਾਂ ਬਾਅਦ 'ਚ ਵੰਡੇ ਗਏ ਜਾਂ ਅਦਾ ਕੀਤੇ ਗਏ ਲਾਭਾਂਸ਼ ਸ਼ੇਅਰ ਹੋਲਡਰਾਂ ਦੇ ਹੱਥਾਂ 'ਚ ਟੈਕਸਯੋਗ ਹਨ। ਇਸ ਲਈ ਕੰਪਨੀ ਅੰਤਮ ਲਾਭਾਂਸ਼ ਦੀ ਅਦਾਇਗੀ ਦੇ ਸਮੇਂ 'ਤੇ ਟੈਕਸ ਐਟ ਸੋਰਸ (ਟੀ ਡੀ ਐੱਸ) ਕੱਟ ਲਵੇਗੀ। ਹੋਰ ਵੇਰਵਿਆਂ ਲਈ ਕਿਰਪਾ ਕਰਕੇ ਏ ਜੀ ਐੱਮ ਨੋਟਿਸ ਦਾ ਹਵਾਲਾ ਲਿਆ ਜਾਵੇ।

ਵਾਸਤੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ:
ਸਹੀ/- ਅਮਿਤ ਸ਼ਰਮਾ
ਸਥਾਨ : ਜਲੰਧਰ, ਮਿਤੀ : 20 ਜੁਲਾਈ, 2023 (ਐੱਫ ਸੀ ਐੱਸ 10888) ਕੰਪਨੀ ਸੈਕਟਰੀ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

CMYK

# ਕਲਾਨੌਰ 'ਚ ਆਇਰਨ ਮੁਕਤ ਪਾਣੀ ਲੈਣ ਲਈ ਵਾਟਰ ਏ ਟੀ ਐੱਮ ਕਾਰਡ ਵੰਡੇ



**ਕਲਾਨੌਰ, (ਮਨਦੀਪ ਕੁਮਾਰ)**-ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਪਿੰਡ ਕਲਾਨੌਰ ਵਿਖੇ ਲਗਾਏ ਗਏ 2 ਆਰਸੈਨਿਕ ਪਲਾਂਟਾਂ ਨੂੰ ਚਾਲੂ ਕਰਦੇ ਹੋਏ ਲਾਭਪਾਤਰੀਆਂ ਨੂੰ ਪਲਾਂਟਾਂ ਤੋਂ ਆਰਸੈਨਿਕ ਅਤੇ ਆਇਰਨ ਮੁਕਤ ਪਾਣੀ ਲੈਣ ਲਈ ਵਾਟਰ ਏ.ਟੀ.ਐਮ. ਕਾਰਡ ਵੰਡੇ ਗਏ । ਇਸ ਮੌਕੇ ਆਮ ਆਦਮੀ ਪਾਰਟੀ ਦੇ ਬਲਾਕ ਕਲਾਨੌਰ ਦੇ ਪ੍ਰਧਾਨ ਨਵਪ੍ਰੀਤ ਸਿੰਘ ਪਵਾਰ ਆਪਣੀ ਟੀਮ ਅਤੇ ਵਿਭਾਗ ਦੇ ਏ.ਈ. ਹਰਜੀਤ ਸਿੰਘ ਅਤੇ ਜੇ.ਈ. ਅਨਿਲ ਕੁਮਾਰ ਨੇ ਦੱਸਿਆ ਕਿ ਇਹਨਾਂ ਪਲਾਂਟਾਂ ਦੇ ਚਾਲੂ ਹੋਣ ਨਾਲ ਪਿੰਡ ਵਾਸੀਆਂ ਨੂੰ ਸਾਫ ਅਤੇ ਸ਼ੁੱਧ ਪਾਣੀ ਮੁਹੱਈਆ ਹੋਣ ਦੇ ਨਾਲ ਨਾਲ ਕੈਂਸਰ ਵਰਗੇ ਰੋਗਾਂ ਤੋਂ ਵੀ ਮੁਕਤੀ ਮਿਲੇਗੀ ।ਉਹਨਾਂ ਦੱਸਿਆ ਕਿ ਵਿਭਾਗ ਵੱਲੋਂ ਬਲਾਕ ਕਲਾਨੌਰ ਵਿਖੇ ਇਸ ਤਰ੍ਹਾਂ ਦੇ 32 ਪਲਾਂਟ ਸ਼ੁਰੂ ਕੀਤੇ ਗਏ ਹਨ। ਮੌਕੇ ਤੇ ਹਾਜ਼ਰ ਪਿੰਡ ਕਲਾਨੌਰ ਦੇ ਲਾਭਪਤਾਰੀਆਂ ਵੱਲੋਂ ਪੰਜਾਬ ਸਰਕਾਰ ਅਤੇ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਬਲਾਕ ਪ੍ਰਧਾਨ ਨਵਪ੍ਰੀਤ ਸਿੰਘ ਪਵਾਰ, ਜਤਿੰਦਰ ਸਿੰਘ ਸਿੱਧੂ ਸਰਕਲ ਪ੍ਰਧਾਨ, ਮਹਿਕਪ੍ਰੀਤ ਸਿੰਘ ਬਾਜਵਾ ਯੂਥ ਆਗੂ, ਇੰਦਰਜੀਤ ਸਰਕਲ ਪ੍ਰਧਾਨ ਅਤੇ ਸਮੂਹ ਆਪ ਟੀਮ ਸਮੇਤ ਵਿਭਾਗ ਦੇ ਅਧਿਕਾਰੀਆਂ ਅਤੇ ਮੌਕੇ 'ਤੇ ਹਾਜ਼ਰ ਏ.ਈ. ਹਰਜੀਤ ਸਿੰਘ, ਜੇ.ਈ. ਅਨਿਲ ਕੁਮਾਰ, ਬੀ.ਆਰ.ਸੀ. ਕਰਮਜੀਤ ਸਿੰਘ ਅਤੇ ਮੀਨਾ ਕੁਮਾਰੀ ਦਾ ਧੰਨਵਾਦ ਕੀਤਾ ਗਿਆ ਅਤੇ ਮੰਗ ਕੀਤੀ ਗਈ ਕਿ ਬਾਕੀ ਰਹਿੰਦੇ ਲਾਭਪਾਤਰੀਆਂ ਨੂੰ ਵੀ ਜਲਦ ਵਾਟਰ ਏ.ਟੀ.ਐਮ. ਕਾਰਡ ਮੁਹੱਈਆ ਕਰਵਾਏ ਜਾਣ ।

# ਦਰਬਾਰ ਸਾਹਿਬ ਦੇ ਰਸਤਿਆਂ ਦੀ ਸਾਫ਼-ਸਫ਼ਾਈ ਸੰਬੰਧੀ ਮੇਅਰ ਤੇ ਕਮਿਸ਼ਨਰ ਨੂੰ ਪੱਤਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਰਸਤਿਆਂ 'ਤੇ ਦੁਕਾਨਦਾਰਾਂ ਵੱਲੋਂ ਕੀਤੇ ਕਬਜ਼ਿਆਂ ਅਤੇ ਸਾਫ਼ ਸਫਾਈ ਨੂੰ ਲੈ ਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਵੱਲੋਂ ਅੰਮ੍ਰਿਤਸਰ ਨਗਰ ਨਿਗਮ ਦੇ ਮੇਅਰ ਅਤੇ ਕਮਿਸ਼ਨਰ ਨੂੰ ਲੋੜੀਂਦੇ ਕਦਮ ਉਠਾਉਣ ਲਈ ਪੱਤਰ ਲਿਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਕਰਕੇ ਅੰਮ੍ਰਿਤਸਰ ਪੂਰੇ ਵਿਸ਼ਵ ਦੇ ਲੋਕਾਂ ਲਈ ਖਿੱਚ ਦਾ ਕੇਂਦਰ ਹੈ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਡੀ ਗਿਣਤੀ ਵਿਚ ਇਥੇ ਸ਼ਰਧਾ ਸਹਿਤ ਨਤਮਸਤਕ ਹੋਣ ਦੇ ਨਾਲ-ਨਾਲ ਇਥੇ ਸਥਿਤ ਇਤਿਹਾਸਕ ਅਸਥਾਨਾਂ ਦੀ ਯਾਤਰਾ ਕਰਦੀਆਂ ਹਨ। ਉਨ੍ਹਾ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਸਾਹਿਬ ਨੂੰ ਆਉਂਦੀਆਂ ਸੜਕਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਸੁਲਤਾਨਵਿੰਡ ਗੇਟ ਤੋਂ ਬਜ਼ਾਰ ਕਹੀਆਂ ਵਾਲਾ, ਮਾਹਣਾ ਸਿੰਘ ਰੋਡ ਕਈ ਥਾਵਾਂ ਤੋਂ ਟੁੱਟਿਆ ਹੋਇਆ ਹੈ ਅਤੇ ਦੋਹੀਂ ਪਾਸੀਂ ਪਾਣੀ ਦੀ ਨਿਕਾਸੀ ਵਾਲਾ ਨਾਲਾ ਬਾਹਰ ਵਹਿ ਰਿਹਾ ਹੈ। ਰਸਤੇ ਵਿਚ ਗੰਦਗੀ ਕਾਰਨ ਜਿਥੇ ਬਦਬੂ ਆਉਂਦੀ ਹੈ, ਉਥੇ ਹੀ ਜਾਮ ਲੱਗਣ ਕਰਕੇ ਸੰਗਤਾਂ ਨੂੰ ਭਾਰੀ ਮੁਸ਼ਕਲ ਪੇਸ਼ ਆਉਂਦੀ ਹੈ। ਉਨ੍ਹਾ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਨੂੰ ਆਉਂਦੇ ਰਸਤਿਆਂ 'ਤੇ ਸੀਵਰੇਜ ਬੰਦ ਹੋਣ ਕਾਰਨ ਵੀ ਬਜ਼ਾਰਾਂ ਵਿਚ ਪਾਣੀ ਖੜ੍ਹ ਜਾਂਦਾ ਹੈ, ਜੋ ਸੰਗਤਾਂ ਲਈ ਭਾਰੀ ਮੁਸ਼ਕਲ ਦਾ ਕਾਰਨ ਬਣਦਾ ਹੈ। ਪ੍ਰਤਾਪ ਸਿੰਘ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਕਈ ਵਾਰ ਸਰਕਾਰ ਅਤੇ ਪ੍ਰਸ਼ਾਸਨ ਨੂੰ ਪੱਤਰ ਲਿਖੇ ਗਏ ਹਨ, ਪਰੰਤੂ ਸਰਕਾਰ ਵੱਲੋਂ ਇਸ ਪਾਸੇ ਧਿਆਨ ਨਹੀਂ ਦਿੱਤਾ ਜਾਂਦਾ। ਉਨ੍ਹਾ ਕਿਹਾ ਕਿ ਹੁਣ ਫਿਰ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਵੱਲੋਂ ਅੰਮ੍ਰਿਤਸਰ ਦੇ ਮੇਅਰ ਅਤੇ ਕਮਿਸ਼ਨਰ ਨੂੰ ਸ੍ਰੀ ਦਰਬਾਰ ਸਾਹਿਬ ਨੂੰ ਆਉਂਦੇ ਰਸਤਿਆਂ ਦੀ ਮੁਰੰਮਤ, ਸਾਫ ਸਫਾਈ ਦੇ ਨਾਲ-ਨਾਲ ਸੀਵਰੇਜ ਸਾਫ ਕਰਵਾਉਣ ਲਈ ਪੱਤਰ ਲਿਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਸਕੱਤਰ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਦੁਨੀਆ ਭਰ ਤੋਂ ਸ਼ਰਧਾਲੂ ਆਉਂਦੇ ਹਨ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਨੂੰ ਆਉਂਦੇ ਰਸਤਿਆਂ ਵੱਲ ਵਿਸ਼ੇਸ਼ ਧਿਆਨ ਦੇਵੇ, ਤਾਂ ਜੋ ਸ਼ਰਧਾਲੂ ਚੰਗਾ ਸੁਨੇਹਾ ਲੈ ਕੇ ਜਾਣ।

# ਆਂਗਣਵਾੜੀ ਇੰਪਲਾਈਜ਼ ਫੈਡਰੇਸ਼ਨ ਆਫ਼ ਇੰਡੀਆ ਦੇ ਸੱਦੇ 'ਤੇ ਦਿੱਲੀ 'ਚ ਦੇਸ਼ ਪੱਧਰੀ ਰੋਸ ਪ੍ਰਦਰਸ਼ਨ 28 ਨੂੰ



**ਗੁਰਦਾਸਪੁਰ (ਜਨਕ ਮਹਾਜਨ)**-ਆਂਗਣਵਾੜੀ ਇੰਪਲਾਈਜ ਫੈਡਰੇਸ਼ਨ ਆਫ਼ ਇੰਡੀਆ ਦੇ ਸੱਦੇ 'ਤੇ 28 ਜੁਲਾਈ ਨੂੰ ਕੇਂਦਰ ਸਰਕਾਰ ਦੇ ਖਿਲਾਫ ਜੰਤਰ ਮੰਤਰ ਦਿੱਲੀ ਰੋਡ ਵਿਖੇ ਦੇਸ਼ ਪੱਧਰੀ ਰੋਸ ਪ੍ਰਦਰਸ਼ਨ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਕੀਤਾ ਜਾਵੇਗਾ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਪੁੱਜਣਗੀਆਂ। ਇਸ ਦੀਆਂ ਤਿਆਰੀਆਂ ਲਈ ਮੀਟਿੰਗਾਂ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਜ਼ਿਲ੍ਹਾ ਤੇ ਬਲਾਕ ਕਾਰਜਕਾਰੀ ਪ੍ਰਧਾਨ ਸੁਨਿਰਮਲ ਕੌਰ ਨੇ ਕੀਤਾ। ਉਨ੍ਹਾ ਕਿਹਾ ਕਿ ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ ਅਤੇ ਹੈਲਪਰਾਂ ਨੂੰ ਚੌਥੇ ਦਰਜੇ ਦਾ ਗਰੇਡ ਦਿੱਤਾ ਜਾਵੇ। ਜਿੰਨਾ ਚਿਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਰਕਾਰੀ ਮੁਲਾਜ਼ਮ ਦਾ ਦਰਜਾ ਨਹੀਂ ਦਿੱਤਾ ਜਾਂਦਾ ਓਨਾ ਚਿਰ ਕੇਂਦਰੀ ਕਾਨੂੰਨ ਮੁਤਾਬਿਕ ਘੱਟੋ-ਘੱਟ ਉਜਰਤਾਂ ਅਨੁਸਾਰ ਆਂਗਣਵਾੜੀ ਵਰਕਰਾਂ ਨੂੰ 28258 ਰੁਪਏ ਅਤੇ ਆਂਗਣਵਾੜੀ ਹੈਲਪਰਾਂ ਨੂੰ 25560 ਰੁਪਏ ਮਾਣ ਭੱਤਾ ਹਰ ਮਹੀਨੇ ਦਿੱਤਾ ਜਾਵੇ। ਉਨ੍ਹਾ ਕਿਹਾ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਕੇਂਦਰ ਸਰਕਾਰ ਦੀ ਆਈ ਸੀ ਡੀ ਐਸ ਸਕੀਮ ਅਧੀਨ 2 ਅਕਤੂਬਰ 1975 ਤੋਂ ਆਂਗਣਵਾੜੀ ਸੈਂਟਰਾਂ ਵਿੱਚ ਕੰਮ ਕਰ ਰਹੀਆਂ ਹਨ ਪਰ ਲਗਭਗ 48 ਸਾਲ ਬੀਤ ਜਾਣ ਦੇ ਬਾਵਜੂਦ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਰਕਾਰੀ ਮੁਲਾਜ਼ਮ ਦਾ ਦਰਜਾ ਨਹੀਂ ਦਿੱਤਾ ਗਿਆ। ਉਨ੍ਹਾ ਕਿਹਾ ਕਿ ਮਿੰਨੀ ਆਂਗਣਵਾੜੀ ਵਰਕਰਾਂ ਨੂੰ ਪੂਰੀ ਵਰਕਰ ਦਾ ਦਰਜਾ ਦੇ ਕੇ ਪੂਰੀ ਤਨਖਾਹ ਦਿੱਤੀ ਜਾਵੇ, ਆਂਗਣਵਾੜੀ ਸੈਂਟਰਾਂ ਵਿਚ ਗਰਮੀ ਤੇ ਸਰਦੀ ਦੀਆਂ ਛੁੱਟੀਆਂ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਬਰਾਬਰ ਦਿੱਤੀਆਂ ਜਾਣ, ਲਾਭਪਾਤਰੀਆਂ ਨੂੰ ਦਿੱਤਾ ਜਾਣ ਵਾਲਾ ਰਾਸ਼ਨ ਮਹਿੰਗਾਈ ਸੂਚਕ ਅੰਕ ਨਾਲ ਜੋੜ ਕੇ ਸਾਲ ਵਿਚ 300 ਦਿਨ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਦਿੱਤਾ ਜਾਵੇ, ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਪੈਨਸ਼ਨ, ਗਰੈਚੁਟੀ ਅਤੇ ਸਿਹਤ ਸਹੂਲਤਾਂ ਦਿੱਤੀਆਂ ਜਾਣ ਅਤੇ ਆਂਗਣਵਾੜੀ ਸੈਂਟਰਾਂ ਦੀਆਂ ਇਮਾਰਤਾਂ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਉਨ੍ਹਾ ਦੱਸਿਆ ਕਿ ਦੇਸ਼ ਭਰ ਦੀਆਂ ਕਰੀਬ 28 ਲੱਖ ਅਤੇ ਪੰਜਾਬ ਵਿਚ 54 ਹਜ਼ਾਰ ਤੋਂ ਵੱਧ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਕੰਮ ਕਰ ਰਹੀਆਂ ਹਨ ਪਰ ਸਮੇਂ ਦੀਆਂ ਸਰਕਾਰਾਂ ਨੇ ਇਨ੍ਹਾਂ ਨਾਲ ਹਮੇਸ਼ਾ ਹੀ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ ਤੇ ਅੱਖੋਂ ਪਰੋਖੇ ਕੀਤਾ ਗਿਆ ਹੈ। ਜਿਸ ਕਰਕੇ ਜਥੇਬੰਦੀ ਵਲੋਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰਾਂ ਦੇ ਖਿਲਾਫ ਸੰਘਰਸ਼ ਕਰਨੇ ਪਏ ਹਨ। ਇਸ ਮੌਕੇ ਉਨ੍ਹਾਂ ਨਾਲ ਆਂਗਣਵਾੜੀ ਵਰਕਰ ਅਤੇ ਆਗੂ ਹਾਜ਼ਰ ਸਨ।

# ਨਵਾਂ ਛਿਛਰੇਵਾਲ ਤੋਂ ਰਾਹਤ ਸਮਗਰੀ ਲੈ ਕੇ ਟਰਾਲੀਆਂ ਰਵਾਨਾ



**ਫਤਹਿਗੜ੍ਹ ਚੂੜੀਆਂ (ਜਸਦੇਵ ਮਾਨ)**-ਪੰਜਾਬ ਵਿੱਚ ਹੜ੍ਹ ਆਉਣ ਨਾਲ ਕਈ ਜ਼ਿਲ੍ਹਿਆਂ ਵਿੱਚ ਕਿਸਾਨਾਂ ਦੀਆਂ ਫਸਲਾਂ ਤੇ ਪਸ਼ੂਆਂ ਦਾ ਹਰਾ ਚਾਰਾ ਬੁਰੀ ਤਰਾਂ ਤਬਾਹ ਹੋ ਗਿਆ ਹੈ ਅਤੇ ਕਈ ਪਰਵਾਰਾਂ ਕੋਲ ਨਾ ਤਾਂ ਸਿਰ ਲੁਕਾਉਣ ਲਈ ਛੱਤ ਰਹੀ ਹੈ। ਅਜਿਹੇ ਸਮੇਂ ਪਰਵਾਰ ਰੋਟੀ ਅਤੇ ਸਾਫ ਪਾਣੀ ਪੀਣ ਤੋਂ ਆਤੁਰ ਹੋ ਗਏ ਹਨ। ਉਹਨਾਂ ਲੋੜਵੰਦ ਪਰਵਾਰਾਂ ਦੀ ਮਦਦ ਲਈ ਬਲਾਕ ਫਤਿਹਗੜ੍ਹ ਚੂੜੀਆਂ ਅਧੀਨ ਆਉਦੇ ਨਵਾਂ ਛਿਛਰੇਵਾਲ ਪਿੰਡ ਦੇ ਫਤਹਿ ਫੋਰਸ ਕਲੱਬ ਦੇ ਨੌਜਵਾਨਾਂ ਵੱਲੋਂ ਵਿਦੇਸ਼ਾਂ 'ਚ ਵੱਸਦੇ ਰਾਜ ਸੰਦੀਪ ਸਿੰਘ ਨਿਊਜ਼ੀਲੈਂਡ , ਏਕਮ ਯੂ ਕੇ , ਮਨਪ੍ਰੀਤ ਯੂ ਕੇ, ਗੋਪੀ ਕੁਵੈਤ ਸਮੇਤ ਸਰਪੰਚ ਸਚਿਨ ਬਾਠ, ਗੁਰਪ੍ਰੀਤ ਸਿੰਘ ਗੋਪੀ, ਗੁਰਸ਼ਰਨ ਸਿੰਘ, ਲਵਪ੍ਰੀਤ ਲੱਡੂ, ਨਵਰਾਜ ਅਠਵਾਲ, ਆਸ਼ੂ, ਅਕਾਸ਼, ਅਨਮੋਲ, ਜਸ਼ਨ ਕਾਲਾ ਅਫਗਾਨਾ, ਹਰਮਨਪ੍ਰੀਤ ਸਿੰਘ, ਗਗਨਪ੍ਰੀਤ ਸਿੰਘ ਸਮੇਤ ਨਗਰ ਦੇ ਸਹਿਯੋਗ ਨਾਲ ਪਾਣੀ ਦੀ ਪੇਟੀਆਂ, ਤੂੜੀ ਤੇ ਚੌਕਰ ਲੈ ਕੇ ਟਰਾਲੀਆਂ ਰਵਾਨਾ ਹੋਈਆਂ।

# ਨਸ਼ੀਲੇ ਪਦਾਰਥ ਤੇ 2300 ਰੁਪਏ ਡਰੱਗ ਮਨੀ ਸਮੇਤ ਕਾਬੂ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਦੀਨਾਨਗਰ ਦੇ ਐਸ.ਆਈ. ਦਲਜੀਤ ਸਿੰਘ ਨੇ ਸਮੇਤ ਪੁਲਸ ਪਾਰਟੀ ਬਹਿਰਾਮਪੁਰ ਰੋਡ ਪਿੰਡ ਅਵਾਂਖਾ ਕੇਸਵ ਪੈਟਰੋਲ ਪੰਪ ਤੋਂ ਥੋੜ੍ਹਾ ਪਿੱਛੇ ਤੋਂ ਦੋਸ਼ੀ ਜਸਵੰਤ ਉਰਫ ਬੱਲੂ ਪੁੱਤਰ ਕੁਲਵੰਤ ਸਿੰਘ ਵਾਸੀ ਪੁਰਾਣੀ ਅਬਾਦੀ ਅਵਾਂਖਾ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਦੋਸ਼ੀ ਦੀ ਤਲਾਸ਼ੀ ਕੀਤੀ ਤਾਂ ਦੋਸ਼ੀ ਵੱਲੋਂ ਪਹਿਨੀ ਹੋਈ ਪੈਂਟ ਦੀ ਸੱਜੀ ਜੇਬ ਵਿੱਚੋ 100 ਗ੍ਰਾਮ ਚਰਸ ਅਤੇ 2300 ਰੁਪਏ ਡਰੱਗ ਮਨੀ ਬਰਾਮਦ ਹੋਈ। ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਪ੍ਰਾਪਰਟੀ ਟਰਾਂਸਫਰ ਕਰਨ ਸਬੰਧੀ ਲੱਗੇ ਕੈਂਪ ਦਾ 68 ਲੋਕਾਂ ਨੇ ਲਿਆ ਲਾਭ

**ਬਟਾਲਾ, (ਡਾ. ਮਲਵਿੰਦਰ ਸਿੰਘ)**-ਅਸੈਸਮੈਂਟ ਰਜਿਸਟਰ ਵਿੱਚ ਪ੍ਰਾਪਰਟੀ ਟਰਾਂਸਫਰ ਕਰਨ ਸਬੰਧੀ ਕਾਰਪੋਰੇਸ਼ਨ ਬਟਾਲਾ ਵਿਖੇ ਲੱਗੇ ਵਿਸ਼ੇਸ ਕੈਂਪ ਦੇ ਤੀਜੇ ਦਿਨ 68 ਲੋਕਾਂ ਨੇ ਲਾਭ ਲਿਆ ਹੈ। ਹੁਣ ਤੱਕ 193 ਲੋਕ ਵਿਸੇਸ ਕੈਂਪ ਦਾ ਲਾਭ ਹਾਸਲ ਲੈ ਚੁੱਕੇ ਹਨ। ਇਹ ਕੈਂਪ 22 ਜੁਲਾਈ 2023 ਤੱਕ ਦਫਤਰ ਨਗਰ ਨਿਗਮ ਦੇ ਕਮਰਾ ਨੰਬਰ 1 ਵਿੱਚ ਲੱਗੇਗਾ। ਵਿਸ਼ੇਸ ਕੈਂਪ ਵਿੱਚ ਲਾਭ ਹਾਸਲ ਕਰ ਚੁੱਕੇ ਲੋਕਾਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਨਾਂ ਵਲੋਂ ਸ਼ਹਿਰ ਵਾਸੀਆਂ ਲਈ ਕੀਤਾ ਉਪਰਾਲਾ ਸ਼ਲਾਘਾਯੋਗ ਹੈ ਅਤੇ ਇਸ ਨਾਲ ਲੋਕਾਂ ਨੂੰ ਬਹੁਤ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਉਹ ਇਸ ਮੁਸ਼ਕਿਲ ਨਾਲ ਪੀੜਤ ਸਨ ਪਰ ਵਿਧਾਇਕ ਸ਼ੈਰੀ ਕਲਸੀ ਵਲੋਂ ਲੋਕਾਂ ਦੀ ਸਹੂਲਤ ਲਈ ਕੀਤੇ ਜਾ ਰਹੇ ਲਗਾਤਾਰ ਉਪਰਾਲਿਆਂ ਤਹਿਤ ਉਨਾਂ ਦੀ ਇਹ ਸਮੱਸਿਆ ਦੂਰ ਹੋਈ ਹੈ। ਦੱਸਣਯੋਗ ਹੈ ਕਿ ਵਿਧਾਇਕ ਸ਼ੈਰੀ ਕਲਸੀ ਦੇ ਯਤਨਾਂ ਸਦਕਾ ਇਹ ਵਿਸ਼ੇਸ਼ ਕੈਂਪ ਲਗਾਇਆ ਹੈ ਕਿਉਂਕਿ ਸ਼ਹਿਰ ਵਾਸੀਆਂ ਨੇ ਦੱਸਿਆ ਸੀ ਕਿ ਭਾਰੀ ਜੁਰਮਾਨੇ ਕਰਕੇ ਪ੍ਰਾਪਰਟੀ ਟਰਾਂਸਫਰ ਕਰਨ ਦੇ ਕੇਸ ਕਾਫੀ ਸਮੇਂ ਤੋਂ ਪੈਂਡਿੰਗ ਹਨ। ਹੁਣ ਲੱਗੇ ਇਸ ਵਿਸ਼ੇਸ਼ ਕੈਂਪ ਵਿੱਚ ਸਿਰਫ 500 ਰੁਪਏ ਪੈਨਲਟੀ ਲਗਾ ਕੇ ਕੇਸ ਟਰਾਂਸਫਰ ਕੀਤਾ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਕੈਂਪ ਵਿੱਚ ਪੁਹੰਚ ਕੇ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ ਹੈ।

# ਹੜ੍ਹ ਪੀੜਤਾਂ ਲਈ ਹਰੇ ਚਾਰੇ ਦੇ ਦੋ ਟਰਾਲੇ, 22 ਹਜ਼ਾਰ ਰੁਪਏ ਤੇ 20 ਪੇਟੀਆਂ ਪਾਣੀ ਭੇਜੀਆਂ



**ਤਰਨ ਤਾਰਨ ( ਪ੍ਰਿਤਪਾਲ ਸਿੰਘ)** -ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਰਸੂਲਪੁਰ ਦੇ ਸਮੂਹ ਨਗਰ ਵਿਚੋਂ ਨੌਜਵਾਨਾਂ ਦੀ ਹਿੰਮਤ ਸਦਕਾ ਹੜ੍ਹ ਪੀੜਤਾਂ ਦੀ ਸਹਾਇਤਾ ਲਈ 22 ਹਜ਼ਾਰ ਰੁਪਏ ਦੀ ਰਾਸ਼ੀ ਇਕੱਠੀ ਕੀਤੀ ਗਈ, ਪਾਣੀ ਦੀਆਂ 20 ਪੇਟੀਆਂ ਤੇ ਹੜ੍ਹ ਪੀੜਤਾਂ ਦੇ ਪਸ਼ੂਆਂ ਵਾਸਤੇ ਦੋ ਟਰਾਲੇ ਰਵਾਨਾ ਕੀਤੇ ਗਏ। ਹੜ੍ਹ ਪੀੜਤਾਂ ਦੀ ਸਹਾਇਤਾ ਲਈ ਸਾਰੇ ਨਗਰ ਦੇ ਮੋਹਤਬਰਾਂ ਨੇ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਇਸ ਆਫਤ ਦੇ ਸ਼ਿਕਾਰ ਹੋਏ ਪੀੜਤਾਂ ਦੀ ਹੋਰ ਵੀ ਮਦਦ ਦਾ ਭਰੋਸਾ ਦਿੱਤਾ। ਇਸ ਮੌਕੇ ਅਮਰੀਕ ਸਿੰਘ ਮੈਂਬਰ, ਅਵਤਾਰ ਸਿੰਘ ਬੋਹੜਾਂ, ਹਰਜੀਤ ਸਿੰਘ ਮੈਂਬਰ, ਸੋਨਾ ਵਪਾਰੀ, ਵਿਕਰਮਜੀਤ ਸਿੰਘ, ਲਾਡਾ ਸਰਪੰਚ, ਪਰਮਜੀਤ ਸਿੰਘ ਸਾਬਕਾ ਸਰਪੰਚ, ਮੰਨਾ ਬਾਠ, ਕੁਲਵੰਤ ਸਿੰਘ ਸਾਬਕਾ ਸੈਨਿਕ, ਮੰਗਜੀਤ ਸਿੰਘ ਮੰਗਾ, ਸਨਦੀਪ ਸਿੰਘ ਸੋਨੂੰ ਸਾਬੀ ਪੇਂਟਰ ਜੀਣ ਸਿੰਘ, ਮਲਾਈ ਹਲਵਾਈ ਆਦਿ ਹੋਰ ਸੱਜਣ ਹਾਜ਼ਰ ਸਨ।

# ਦਰਜਾ ਚਾਰ ਕਰਮਚਾਰੀ ਰਿਸ਼ਵਤ ਲੈਂਦਾ ਕਾਬੂ

**ਪੱਟੀ, (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ)** - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਰਿਸ਼ਵਤਖੋਰੀ ਤੇ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ ਲਈ ਚਲਾਈ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਜ਼ਿਲ੍ਹਾ ਤਰਨ ਤਾਰਨ ਦੇ ਤਹਿਸੀਲਦਾਰ, ਐਸ ਡੀ ਐਮ ਤੇ ਡੀ ਸੀ ਦਫਤਰਾਂ 'ਚ ਰਿਸ਼ਵਤਖੋਰੀ ਦਾ ਪੂਰਾ ਬੋਲਬਾਲਾ ਹੈ। ਰਿਸ਼ਵਤਖੋਰੀ ਤੇ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਜ਼ਿਲ੍ਹਾ ਤਰਨ ਤਾਰਨ ਨੇ ਸੂਬੇ ਦੇ ਬਾਕੀ ਜ਼ਿਲ੍ਹਿਆਂ ਨੂੰ ਮਾਤ ਪਾ ਰਿਹਾ ਹੈ । ਸਰਕਾਰੀ ਬਾਬੂਆਂ ਵੱਲੋਂ ਆਮ ਜਨਤਾ ਦੇ ਕਾਗਜ਼ਾਤ 'ਚ ਬਿਨਾਂ ਵਜ੍ਹਾ ਨੁਕਸ ਕੱਢ ਕੇ ਉਨ੍ਹਾਂ ਨੂੰ ਖੱਜਲ ਖੁਆਰ ਕਰਕੇ ਰਿਸ਼ਵਤ ਦੇਣ ਲਈ ਮਜਬੂਰ ਕੀਤਾ ਜਾਂਦਾ। ਜ਼ਿਲ੍ਹੇ ਦੇ ਸਰਕਾਰੀ ਦਫਤਰਾਂ 'ਚ ਬਾਬੂਆਂ ਵੱਲੋਂ ਆਪਣੇ ਨਾਲ ਪ੍ਰਾਈਵੇਟ ਕਰਿੰਦੇ ਰੱਖੇ ਹੋਏ ਹਨ ਜਿਹੜੇ ਗਾਹਕਾਂ ਨਾਲ ਸੌਦੇਬਾਜ਼ੀ ਕਰਕੇ ਮਾਮਲੇ ਨੂੰ ਨੇਪਰੇ ਚਾੜ੍ਹਨ ਲਈ ਅੱਡੀ ਚੋਟੀ ਦਾ ਜ਼ੋਰ ਲਗਾਉਂਦੇ ਹਨ। ਜਗਰੂਪ ਸਿੰਘ ਸੰਧੂ ਵਾਸੀ ਮਰਗਿੰਦਪੁਰਾ ਨੇ ਵਿਜੀਲੈਂਸ ਵਿਭਾਗ ਕੋਲ ਸ਼ਿਕਾਇਤ ਦਰਜ ਕਰਵਾਈ ਕਿ ਤਰਨ ਤਾਰਨ ਜ਼ਿਲ੍ਹੇ ਦੇ ਤਹਿਸੀਲ ਦਫਤਰ ਪੱਟੀ ਵਿਖੇ ਤਾਇਨਾਤ ਦਰਜਾ ਚਾਰ ਮੁਲਾਜ਼ਮ ਸੁਖਦੇਵ ਸਿੰਘ ਰਿਸ਼ਵਤ ਦੀ ਮੰਗ ਕਰ ਰਿਹਾ ਹੈ। ਸੁਖਦੇਵ ਸਿੰਘ ਨੂੰ 10,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਕਾਬੂ ਕੀਤਾ ਹੈ। ਇੱਥੇ ਵੇਰਵੇ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੇ ਦਾਦਾ ਜੀ ਦੀ 12-08-2021 ਨੂੰ ਮੌਤ ਹੋ ਗਈ ਸੀ ਅਤੇ ਉਸ ਨੇ ਤਹਿਸੀਲਦਾਰ ਪੱਟੀ ਵਿਖੇ ਦਸੰਬਰ 2022 ਵਿੱਚ ਨੰਬਰਦਾਰ ਦੇ ਅਹੁਦੇ ਲਈ ਦਫਤਰ ਵਿਖੇ ਅਰਜ਼ੀ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਦੋਸ਼ੀ ਮੁਲਾਜ਼ਮ ਨੇ ਅਗਲੇਰੀ ਕਾਰਵਾਈ ਲਈ ਫਾਈਲ ਐਸ.ਡੀ.ਐਮ ਪੱਟੀ ਨੂੰ ਭੇਜ ਦਿੱਤੀ। ਉਸ (ਮੁਲਾਜ਼ਮ) ਨੇ ਐਸ.ਡੀ.ਐਮ. ਦਫਤਰ ਤੋਂ ਉਸ ਦੀ ਫਾਈਲ ਕਲੀਅਰ ਕਰਵਾਉਣ ਬਦਲੇ 10 ਹਜ਼ਾਰ ਰੁਪਏ ਰਿਸ਼ਵਤ ਦੀ ਮੰਗ ਕੀਤੀ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਯੂਨਿਟ ਤਰਨ ਤਾਰਨ ਦੀ ਟੀਮ ਨੇ ਸਰਕਾਰੀ ਗਵਾਹ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਦੀ ਰਿਸਵਤ ਲੈਂਦਿਆਂ ਦੋਸ਼ੀ ਕਰਮਚਾਰੀ ਨੂੰ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਦਰਿਆ 'ਚ ਪਾਣੀ ਦਾ ਪੱਧਰ ਵਧਣ ਨਾਲ ਕਿਸਾਨਾਂ ਦੇ ਸਾਹ ਸੂਤੇ

**ਪੱਟੀ, (ਬਲਦੇਵ ਸਿੰਘ ਸੰਧੂ, ਸ਼ਮਸ਼ੇਰ ਸਿੰਘ ਯੋਧਾ)** - ਦਰਿਆ ਬਿਆਸ ਨਾਲ ਲੱਗਦੇ ਪਿੰਡ ਚੰਬਾ ਕਲਾਂ, ਕੰਬੋ ਢਾਏ ਵਾਲਾ, ਧੁੰਨ ਢਾਏ ਵਾਲਾ, ਘੜ੍ਹਕਾ, ਕਰਮੂਵਾਲਾ, ਗੁੱਜਰਪੁਰਾ, ਮੁੰਡਾ ਪਿੰਡ ਆਦਿ ਪਿੰਡ ਦੇ ਮੰਡ ਖੇਤਰ ਵਿੱਚ ਬਿਆਸ ਦਰਿਆ ਦਾ ਪਾਣੀ ਚੜ੍ਹਨ ਕਾਰਨ ਕਿਸਾਨਾਂ ਦੀਆਂ ਫਸਲਾਂ ਜਿਵੇਂ ਝੋਨਾ, ਬਾਸਮਤੀ, ਚਾਰਾ ਆਦਿ ਸਭ ਬਰਬਾਦ ਹੋ ਗਏ ਹਨ ਜਿਸ ਨਾਲ ਕਿਸਾਨਾਂ ਦੇ ਚਿਹਰੇ ਮਾਯੂਸ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਿਸਾਨ ਸੰਗਰਸ਼ ਕਮੇਟੀ ਪੰਜਾਬ ਦੇ ਆਗੂ ਪਰਗਟ ਸਿੰਘ ਚੰਬਾ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾ ਕਿਹਾ ਕਿ ਇਹ ਮਾਰ ਸਾਡੇ ਪਿੰਡਾਂ ਨੂੰ ਹਰ ਸਾਲ ਪੈ ਰਹੀ ਹੈ। ਪਰ ਕਿਸੇ ਵੀ ਸਰਕਾਰ ਨੇ ਇਸ 'ਤੇ ਤਵੱਜੋ ਨਹੀਂ ਦਿੱਤੀ। ਕਿਸਾਨ ਹਰ ਸਾਲ ਹੜ੍ਹ ਦੀ ਮਾਰ ਵੱਜਣ ਕਾਰਨ ਹੋਰ ਕਰਜ਼ਾਈ ਹੋ ਰਹੇ ਹਨ। ਉਨ੍ਹਾ ਕਿਹਾ ਕਿ ਸਾਡੇ ਪਿੰਡਾਂ ਦੀ ਜ਼ਮੀਨ ਜ਼ਿਆਦਾਤਰ ਮੰਡ ਖੇਤਰ ਵਿੱਚ ਪੈਂਦੀ ਹੈ ਜੋ ਕਿ ਮਾਲਕੀ ਹੈ। ਪਰ ਜੋ ਕੋਈ ਥੋੜ੍ਹੀ ਬਹੁਤੀ ਆਮਦਨ ਸਾਨੂੰ ਉਪਰਲੀ (ਉਤਾਂਹ) ਵਾਲੀ ਜ਼ਮੀਨ ਵਿੱਚੋਂ ਆਉਂਦੀ ਹੈ ਉਹ ਵੀ ਅਸੀਂ ਮੰਡ ਵਾਲੀ ਜ਼ਮੀਨ ਵਿੱਚ ਲਗਾ ਦਿੰਦੇ ਹਾਂ ਜਿਸ ਨਾਲ ਪਿੰਡਾਂ ਦੇ ਕਿਸਾਨਾਂ ਨੂੰ ਦੋਹਰੀ ਮਾਰ ਪੈ ਰਹੀ ਹੈ। ਉਨ੍ਹਾ ਦੱਸਿਆ ਕਿ ਅਜੇ ਤੱਕ ਸਾਨੂੰ ਪਿਛਲੇ ਸਾਲ ਦੇ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਵੀ ਨਹੀਂ ਮਿਲਿਆ। ਉਨ੍ਹਾ ਸਰਕਾਰ ਕੋਲੋਂ ਮੰਗ ਕੀਤੀ ਕੀਤੀ ਕਿ ਪੀੜਤ ਕਿਸਾਨਾਂ ਨੂੰ ਪਿਛਲੇ ਸਾਲ ਵਾਲਾ ਮੁਆਵਜ਼ਾ ਤੇ ਇਸ ਸਾਲ ਵਾਲਾ ਮੁਆਵਜ਼ਾ ਘੱਟੋ ਘੱਟ 50000 ਰੁਪਏ ਪ੍ਰਤੀ ਏਕੜ ਇੱਕ ਸੀਜ਼ਨ ਦਾ ਦਿੱਤਾ ਜਾਵੇ। ਪਿਛਲੇ ਸਾਲ ਵੀ ਪਿੰਡ ਚੰਬਾ ਕਲਾਂ ਦੇ ਕਿਸਾਨਾਂ ਨੇ ਉਗਰਾਹੀ ਕਰਕੇ ਆਰਜ਼ੀ ਬੰਨ੍ਹ ਬੰਨ੍ਹਿਆ ਸੀ, ਉਹ ਵੀ ਟੁੱਟ ਚੁੱਕਾ ਹੈ। ਇਸ ਮੌਕੇ ਗੁਰਨਾਮ ਸਿੰਘ, ਜੋਗਿੰਦਰ ਸਿੰਘ, ਗੁਰਮੁਖ ਸਿੰਘ, ਦਿਲਬਾਗ ਸਿੰਘ, ਪਰਮਜੀਤ ਸਿੰਘ, ਬਲਬੀਰ ਸਿੰਘ, ਮਹਿੰਦਰ ਸਿੰਘ, ਗੁਰਚੇਤਨ ਸਿੰਘ, ਜਗਤਾਰ ਸਿੰਘ, ਹਜਾਰਾ ਸਿੰਘ, ਸਵਿੰਦਰ ਸਿੰਘ, ਦਲਬੀਰ ਸਿੰਘ, ਦਲਜੀਤ ਸਿੰਘ, ਅਜੀਤਪਾਲ ਸਿੰਘ ਬਿੱਟੂ, ਨਿਰਮਲ ਸਿੰਘ, ਕਾਬਲ ਸਿੰਘ ਆਦਿ ਕਿਸਾਨ ਹਾਜ਼ਰ ਸਨ।

# ਐੱਨ ਆਰ ਆਈਜ਼ ਦਿੱਤੀ ਮਦਦ ਬਣੀ ਸਕੂਲ ਦੀ ਬਿਲਡਿੰਗ ਦਾ ਉਦਘਾਟਨ



**ਫਿਲੌਰ (ਨਿਰਮਲ)**- ਹਲਕਾ ਫਿਲੌਰ ਦੇ ਨੇੜੇ ਕਸਬਾ ਅੱਪਰਾ ਵਿਖੇ ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਦੀ ਜੋ ਪੁਰਾਣੀ ਬਿਲਡਿੰਗ ਖਰਾਬ ਹੋ ਗਈ ਸੀ। ਉਸ ਦੀ ਥਾਂ 'ਤੇ ਐਨ ਆਰ ਆਈਜ ਲੋਹੀਆਂ ਪਰਵਾਰ ਅਤੇ ਹੋਰ ਦਾਨੀ ਸੱਜਣਾਂ ਵੱਲੋਂ ਦਿੱਤੇ ਗਈ 35 ਲੱਖ ਰੁਪਏ ਦੀ ਸਹਾਇਤਾਂ ਨਾਲ ਨਵੀਂ ਬਿਲਡਿੰਗ ਬਣਾਈ ਗਈ ਅਤੇ ਬਿਲਡਿੰਗ ਦਾ ਉਦਘਾਟਨ ਮੁੱਖ ਮਹਿਮਾਨ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਵੱਲੋਂ ਆਪਣੇ ਕਰ ਕਮਲਾ ਨਾਲ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਜੋ ਕੰਮ ਸਕੂਲ ਦੇ ਰਹਿ ਗਏ ਹਨ ਉਸ ਕੰਮ ਨੂੰ ਪੰਜਾਬ ਦੀ ਮਾਨ ਸਰਕਾਰ ਨੇਪਰੇ ਚਾੜ੍ਹੇਗੀ। ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ 16 ਹਜ਼ਾਰ ਨਵੇਂ ਅਧਿਆਪਕ ਭਰਤੀ ਕੀਤੇ ਗਏ ਹਨ। ਕੱਚੇ ਅਧਿਆਪਕਾਂ ਨੂੰ ਪੱਕੇ ਕਰਕੇ ਜਲਦ ਨਿਯੁਕਤੀ ਪੱਤਰ ਦਿੱਤੇ ਜਾਣਗੇ। ਮੰਤਰੀ ਸਾਹਿਬ ਨੇ ਅੱਗੇ ਦੱਸਿਆ ਕਿ ਪੰਜਾਬ ਦੇ 66 ਪ੍ਰਿੰਸੀਪਲਾਂ ਨੂੰ ਵਿਦੇਸ਼ ਭੇਜਿਆ ਹੈ, ਜੋ ਉੱਥੋਂ ਨਵੀਂ ਸਿੱਖਿਆ ਤਕਨੀਕ ਲੈਕੇ ਆਉਣਗੇ ਅਤੇ 72 ਸਰਕਾਰੀ ਸਕੂਲਾਂ ਦੇ ਹੈੱਡਮਾਸਟਰਾਂ ਨੂੰ 29 ਜੁਲਾਈ ਨੂੰ ਟ੍ਰੇਨਿੰਗ ਲੈਣ ਲਈ ਭੇਜਿਆ ਜਾਵੇਗਾ। ਪੰਜਾਬ ਦੇ ਕੁਝ ਅਧਿਆਪਕਾਂ ਨੂੰ ਨਵੰਬਰ 2023 ਵਿੱਚ ਫਿਲਪਾਈਨ ਵਿੱਚ ਭੇਜਿਆ ਜਾਵੇਗਾ ਜੋ ਉੱਥੋਂ ਨਵੀਂ ਸਿੱਖਿਆ ਤਕਨੀਕ ਲੈਕੇ ਆਉਣਗੇ। ਪੂਰੇ ਪੰਜਾਬ ਵਿੱਚ 3 ਹਜ਼ਾਰ ਕਲਾਸ ਰੂਮ ਬਣਾਏ ਜਾ ਰਹੇ ਹਨ ਅਤੇ 65 ਸੌ ਸਰਕਾਰੀ ਦੀਆਂ ਦੀਵਾਰਾਂ ਬਣਾਈਆਂ ਜਾ ਰਹੀਆ ਹਨ। ਉਨ੍ਹਾਂ ਕਿਹਾ ਨੇ ਇਹ ਕੰਮ ਲੰਬੇ ਸਮੇਂ ਤੋਂ ਅਧੂਰੇ ਪਏ ਹਨ ਜਿਨ੍ਹਾਂ ਨੂੰ ਪੰਜਾਬ ਦੀ ਮਾਨ ਸਰਕਾਰ ਨੇਪਰੇ ਚਾੜ੍ਹਨ ਜਾ ਰਹੀ ਹੈ। ਉਨ੍ਹਾਂ ਸਕੂਲਾਂ ਦੇ ਅਧਿਆਪਕਾਂ ਨੂੰ ਕਿਹਾ ਕਿ ਉਹ ਸਕੂਲਾਂ ਵਿੱਚ ਬੱਚਿਆ ਦੀ ਗਿਣਤੀ ਵਧਾਉਣ ਦੇ ਯਤਨ ਕਰਨ ਤਾਂ ਜੋ ਕੋਈ ਵੀ ਬੱਚਾ ਵਿੱਦਿਆ ਤੋਂ ਵਾਂਝਾ ਨਾ ਰਹਿ ਜਾਏ, ਕਿਉਂਕਿ ਵਿੱਦਿਆ ਹੀ ਬੱਚਿਆ ਦਾ ਅਸਲੀ ਧੰਨ 'ਤੇ ਆਉਣ ਵਾਲਾ ਭਵਿੱਖ ਹੈ। ਇਸ ਮੌਕੇ ਐਨ.ਆਰ.ਆਈਜ ਲੋਹੀਆ ਪਰਿਵਾਰ ਅਤੇ ਦਾਨੀ ਸੱਜਣਾਂ, ਪਿੰਡ ਦੀ ਪੰਚਾਇਤ 'ਤੇ ਪਿੰਡ ਦੇ ਮੋਹਤਬਰਾਂ ਦਾ ਧੰਨਵਾਦ ਮੰਤਰੀ ਬੈਂਸ ਵੱਲੋਂ ਕੀਤਾ ਗਿਆ 'ਤੇ ਹਲਕਾ ਬੁਲ੍ਹੋਆਣਾ ਤੋਂ ਵਿਧਾਇਕ ਅਮਨਦੀਪ ਸਿੰਘ ਮੁਸਾਫਰ, ਆਮ ਆਦਮੀ ਪਾਰਟੀ ਜੁਆਇੰਟ ਸਕੱਤਰ ਪੰਜਾਬ ਅਤੇ ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਵੱਲੋਂ ਪਿੰਡ ਅੱਪਰਾ ਦੀ ਪੰਚਾਇਤ ਵੱਲੋਂ ਸਭਨਾਂ ਨੂੰ ਸਨਮਾਨਿਤ ਕੀਤਾ ਗਿਆ। ਮੌਕੇ 'ਤੇ ਸਕੂਲ ਦੇ ਬੱਚਿਆ ਵੱਲੋਂ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ 'ਤੇ ਮਾਰਕਿਟ ਕਮੇਟੀ ਫਿਲੌਰ ਦੇ ਚੇਅਰਮੈਨ ਰੋਸ਼ਨ ਲਾਲ ਰੋਸ਼ੀ, ਆਪ ਆਗੂ ਸੁਖਦੀਪ ਸਿੰਘ ਅੱਪਰਾ, ਸਰਪੰਚ ਬੀਬੀ ਬਲਵਿੰਦਰ ਕੌਰ, ਬਲਜੀਤ ਕਲੇਰ, ਕੇਸ਼ੀ ਨੰਬਰਦਾਰ, ਸੋਢੀ ਭਾਰਸਿੰਘਪੁਰ, ਅਤੇ ਹੋਰ ਹਾਜਰ ਸਨ। ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਵੱਲੋਂ, ਸਮੂਹ ਐਨ.ਆਰ.ਆਈਜ ਭਰਾਵਾਂ, ਦਾਨੀ ਸੱਜਣਾ, ਸਿੱਖਿਆ ਮੰਤਰੀ ਪੰਜਾਬ ਸ. ਹਰਜੋਤ ਬੈਂਸ ਅਤੇ ਵਿਧਾਇਕ ਅਮਨਦੀਪ ਸਿੰਘ ਮੁਸਾਫਰ, ਗ੍ਰਾਮ ਪੰਚਾਇਤ ਅੱਪਰਾ, ਨੰਬਰਦਾਰ, ਪਿੰਡ ਦੇ ਮੋਹਤਬਰ ਅਤੇ ਇਲਾਕਾ ਨਿਵਾਸੀਆਂ ਦਾ ਧੰਨਵਾਦ ਕੀਤਾ।

# ਕਮਿਊਨਿਟੀ ਹੈਲਥ ਸੈਂਟਰ ਭਾਮ ਨੇ ਮੱਛਰ ਮਾਰਨ ਵਾਲੀ ਦਵਾਈ ਦਾ ਛਿੜਕਾਅ ਕੀਤਾ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਦੀਆਂ ਹਦਾਇਤਾਂ ਤੇ ਜ਼ਿਲ੍ਹਾ ਐਪੀਡੀਮਾਲੋਜਿਸਟ ਡਾ. ਪ੍ਰਭਜੋਤ ਕੌਰ ਕਲਸੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ਼ ਅਫ਼ਸਰ ਡਾ. ਜਤਿੰਦਰ ਭਾਟੀਆ ਦੀ ਰਹਿਨੁਮਾਈ ਹੇਠ ਕਮਿਊਨਿਟੀ ਹੈਲਥ ਸੈਂਟਰ ਭਾਮ ਵਿਖੇ ਡੇਂਗੂ ਤੇ ਮਲੇਰੀਏ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਰਛਪਾਲ ਸਿੰਘ ਸਹਾ: ਮਲੇਰੀਆ ਅਫ਼ਸਰ ਗੁਰਦਾਸਪੁਰ ਦੀ ਸੁਪਰਵੀਜ਼ਨ ਵਿੱਚ ਸੀਨੀਅਰ ਸੈਕੰਡਰੀ ਸਕੂਲ ਭਾਮ ਤੇ ਪ੍ਰਾਇਮਰੀ ਹੈਲਥ ਸੈਂਟਰ ਭਾਮ ਵਿਖੇ ਸਿਵਲ ਸਰਜਨ ਦਫ਼ਤਰ ਗੁਰਦਾਸਪੁਰ ਵੱਲੋਂ ਭੇਜੀ ਗਈ ਐਂਟੀ ਲਾਰਵਾ ਟੀਮ ਨੇ ਮੱਛਰ ਮਾਰਨ ਵਾਲੀ ਦਵਾਈ ਦੀ ਸਪਰੇਅ ਕੀਤੀ ਗਈ ਤੇ ਇਨ੍ਹਾਂ ਥਾਵਾਂ ਤੇ ਮੱਛਰ ਦਾ ਲਾਰਵਾ ਵੀ ਚੈੱਕ ਕੀਤਾ ਗਿਆ, ਲਾਰਵਾ ਮਿਲਣ 'ਤੇ ਮੌਕੇ 'ਤੇ ਹੀ ਨਸ਼ਟ ਕੀਤਾ ਗਿਆ। ਇਸ ਮੌਕੇ ਸਕੂਲ ਦੇ ਬੱਚਿਆਂ ਨੂੰ ਜਾਣਕਾਰੀ ਦਿੱਤੀ ਕਿ ਡੇਂਗੂ ਬੁਖ਼ਾਰ ਇੱਕ ਏਡੀਜ਼ ਅਜਿਪਟੀ ਮੱਛਰ ਦੇ ਮਨੁੱਖ ਦੇ ਸਰੀਰ ਤੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਚਿੱਟੀਆਂ ਤੇ ਕਾਲੀਆਂ ਧਾਰੀਆਂ ਵਾਲਾ ਹੁੰਦਾ ਹੈ। ਇਹ ਮੱਛਰ ਸਵੇਰੇ ਤੇ ਸ਼ਾਮ ਨੂੰ ਕੱਟਦਾ ਹੈ। ਡੇਂਗੂ ਬੁਖ਼ਾਰ ਦੀਆਂ ਨਿਸ਼ਾਨੀਆਂ ਤੇਜ਼ ਬੁਖ਼ਾਰ, ਸਿਰ ਤੇ ਮਾਸਪੇਸ਼ੀਆਂ ਵਿੱਚ ਦਰਦ, ਚਮੜੀ ਤੇ ਦਾਣੇ, ਅੱਖਾਂ ਦੇ ਪਿੱਛਲੇ ਹਿੱਸੇ ਦਰਦ, ਮਸੂੜਿਆ, ਨੱਕ ਤੇ ਕੰਨ ਵਿੱਚੋ ਖ਼ੂਨ ਵਗਣਾ ਆਦਿ ਹਨ, ਅਜਿਹੇ ਲੱਛਣ ਦਿਖਾਈ ਦੇਣ ਤਾਂ ਤੁਰੰਤ ਨਜ਼ਦੀਕੀ ਸਿਹਤ ਸੈਂਟਰ ਵਿੱਚ ਜਾਣਾ ਚਾਹੀਦਾ ਹੈ ਤੇ ਮਰੀਜ਼ ਨੂੰ ਡਾਕਟਰ ਦੀ ਸਲਾਹ ਤੋਂ ਬਿਨਾਂ ਕੋਈ ਵੀ ਦਵਾਈ ਨਹੀਂ ਦੇਣੀ ਚਾਹੀਦੀ। ਡੇਂਗੂ ਬੁਖ਼ਾਰ ਤੋਂ ਬਚਾਓ ਤਹਿਤ ਹਰ ਸ਼ੁੱਕਰਵਾਰ ਡਰਾਈ ਡੇ ਮਨਾਉ, ਨੇੜੇ ਦੇ ਹਸਪਤਾਲ ਤੁਰੰਤ ਜਾਓ, ਖੜ੍ਹੇ ਪਾਣੀ 'ਤੇ ਸੜਿਆ ਤੇਲ ਪਾਉਣਾ ਚਾਹੀਦਾ ਹੈ। ਇਸ ਸਮੇਂ ਡਾ. ਮੋਹਪ੍ਰੀਤ ਸਿੰਘ ਚਾਹਲ, ਸੁਰਿੰਦਰ ਕੌਰ ਬਲਾਕ ਐਜੂਕੇਟਰ ਅਫ਼ਸਰ, ਕੁਲਜੀਤ ਸਿੰਘ, ਸਰਬਜੀਤ ਸਿੰਘ, ਜਤਿੰਦਰ ਸਿੰਘ ਐਸਟੀਐਸ ਤੇ ਪਵਨ ਆਕਾਸ਼, ਕੁਲਦੀਪ, ਸਟੀਫਨ ਬਰੀਡਿੰਗ ਚੈੱਕਰ ਹਾਜ਼ਰ ਸਨ।

# ਆਈ ਐੱਚ ਐੱਮ 'ਚ 12 ਵੀਂ ਪਾਸ ਵਿਦਿਆਰਥੀਆਂ ਲਈ ਬੀ ਐੱਸ ਸੀ (ਐੱਚ ਐੱਚ ਏ) ਲਈ ਦਾਖ਼ਲਾ ਸ਼ੁਰੂ



**ਗੁਰਦਾਸਪੁਰ, (ਜਨਕ ਮਹਾਜਨ)**- ਇੰਸਟੀਚਿਊਟ ਆਫ਼ ਹੋਟਲ ਮੈਨੇਜਮੈਂਟ ਕੈਟਰਿੰਗ ਐਂਡ ਨਿਊਟਰੀਏਸ਼ਨ, ਬਰਿਆਰ (ਗੁਰਦਾਸਪੁਰ) ਵਿੱਚ 12ਵੀਂ ਪਾਸ ਵਿਦਿਆਰਥੀਆਂ ਲਈ ਤਿੰਨ ਸਾਲਾ ਬੀ.ਐੱਸ.ਸੀ. (ਐੱਚ.ਐੱਚ.ਏ) ਲਈ ਦਾਖ਼ਲਾ ਸ਼ੁਰੂ ਹੋ ਗਿਆ ਹੈ। ਇੰਸਟੀਚਿਊਟ ਦੇ ਕਾਰਜਕਾਰੀ ਪ੍ਰਿੰਸੀਪਲ ਅਸ਼ਵਨੀ ਕਾਚਰੂ ਨੇ ਦੱਸਿਆ ਕਿ ਦਾਖਲਾ ਲੈਣ ਦੇ ਚਾਹਵਾਨ ਵਿਦਿਆਰਥੀ 3 ਅਗਸਤ 2023 ਤੱਕ ਆਨਲਾਈਨ ਅਪਲਾਈ ਕਰ ਸਕਦੇ ਹਨ। ਇੰਸਟੀਚਿਊਟ ਆਫ਼ ਹੋਟਲ ਮੈਨੇਜਮੈਂਟ ਕੈਟਰਿੰਗ ਐਂਡ ਨਿਊਟਰੀਏਸ਼ਨ, ਗੁਰਦਾਸਪੁਰ, ਨੈਸ਼ਨਲ ਕੌਂਸਲ ਫ਼ਾਰ ਹੋਟਲ ਮੈਨੇਜਮੈਂਟ ਐਂਡ ਕੈਟਰਿੰਗ ਟੈਕਨੋਲੋਜੀ, ਨੋਇਡਾ ਕੋਲੋਂ ਮਾਨਤਾ ਪ੍ਰਾਪਤ ਹੈ ਅਤੇ ਇਥੇ ਤਿੰਨ ਸਾਲਾ ਬੀ.ਐੱਸ.ਸੀ. ਹੋਸਪਟੈਲਟੀ ਐਂਡ ਹੋਟਲ ਐਡਮਨਿਸਟ੍ਰੇਸ਼ਨ (ਐੱਚ.ਐੱਚ.ਏ) ਦੀ ਡਿਗਰੀ ਕਰਵਾਈ ਜਾਂਦੀ ਹੈ। ਉਨ੍ਹਾ ਦੱਸਿਆ ਕਿ ਇਸ ਡਿਗਰੀ ਦੇ ਪਹਿਲੇ ਸਾਲ ਲਈ ਦਾਖ਼ਲਾ ਚੱਲ ਰਿਹਾ ਹੈ। ਬੀ.ਐੱਸ.ਸੀ. (ਐੱਚ.ਐੱਚ.ਏ) ਦੇ ਪਹਿਲੇ ਸਾਲ ਦੇ ਦਾਖ਼ਲੇ ਲਈ ਜਨਰਲ, ਓ.ਬੀ.ਸੀ. ਕੈਟਾਗਰੀ ਨਾਲ ਸੰਬੰਧਤ ਵਿਦਿਆਰਥੀਆਂ ਨੇ ਘੱਟ-ਘੱਟ 45 ਫੀਸਦੀ ਨੰਬਰਾਂ ਵਿੱਚ 12ਵੀਂ ਪਾਸ ਕੀਤੀ ਹੋਵੇ। ਉਨ੍ਹਾ ਕਿਹਾ ਕਿ ਐੱਸ.ਸੀ, ਐੱਸ.ਟੀ. ਅਤੇ ਪੀ.ਡਬਿਲਊ.ਡੀ. ਕੈਟਾਗਰੀ ਨਾਲ ਸੰਬੰਧਤ ਵਿਦਿਆਰਥੀਆਂ 12ਵੀਂ ਜਮਾਤ 40 ਫੀਸਦੀ ਪਾਸ ਨੰਬਰਾਂ ਨਾਲ ਵੀ ਅਪਲਾਈ ਕਰ ਸਕਦੇ ਹਨ। ਉਨ੍ਹਾ ਕਿਹਾ ਕਿ 12ਵੀਂ ਜਮਾਤ ਵਿੱਚ ਅੰਗਰੇਜ਼ੀ ਲਾਜ਼ਮੀ ਵਿਸ਼ੇ ਵਜੋਂ ਪਾਸ ਹੋਣੀ ਜ਼ਰੂਰੀ ਹੈ। ਉਮਰ ਦੀ ਕੋਈ ਸੀਮਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਇਹ ਡਿਗਰੀ ਪ੍ਰੋਗਰਾਮ ਜਵਾਹਰ ਲਾਲ ਯੂਨੀਵਰਸਿਟੀ ਚਲਾਇਆ ਜਾ ਰਿਹਾ ਹੈ। ਅਸ਼ਵਨੀ ਕਾਚਰੂ ਨੇ ਕਿਹਾ ਕਿ ਦਾਖ਼ਲੇ ਦੇ ਚਾਹਵਾਨ ਵਿਦਿਆਰਥੀ ਦਾਖ਼ਲਾ ਅਰਜ਼ੀ ਦੇ ਨਾਲ ਆਪਣੇ ਸਰਟੀਫਿਕੇਟਸ ਦੀਆਂ ਅਟੈਸਟਿਡ ਕਾਪੀਆਂ ਇੰਸਟੀਚਿਊਟ ਆਫ਼ ਹੋਟਲ ਮੈਨੇਜਮੈਂਟ ਕੈਟਰਿੰਗ ਐਂਡ ਨਿਊਟਰੀਏਸ਼ਨ, ਬਰਿਆਰ (ਗੁਰਦਾਸਪੁਰ) ਦੀ ਈ-ਮੇਲ ਆਈ.ਡੀ. 'ਤੇ ਮੇਲ ਕਰ ਸਕਦੇ ਹਨ। ਉਨ੍ਹਾਂ ਕਿਹਾ ਅਰਜ਼ੀ ਦਾ ਫਾਰਮ ਇੰਸਟੀਚਿਊਟ ਆਫ਼ ਹੋਟਲ ਮੈਨੇਜਮੈਂਟ ਕੈਟਰਿੰਗ ਐਂਡ ਨਿਊਟਰੀਏਸ਼ਨ, ਬਰਿਆਰ (ਗੁਰਦਾਸਪੁਰ) ਦੀ ਵੈਬਸਾਈਟ 'ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

# ਜ਼ਿਲ੍ਹਾ ਪ੍ਰਸ਼ਾਸਨ ਨੇ ਚੌੜ ਸਿੱਧਵਾਂ 'ਚ ਵਿਸ਼ੇਸ਼ ਕੈਂਪ ਲਗਾਇਆ



**ਗੁਰਦਾਸਪੁਰ, (ਜਨਕ ਮਹਾਜਨ)**-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੱਜ ਸਰਕਾਰੀ ਪ੍ਰਾਇਮਰੀ ਚੌੜ ਵਿਖੇ ਮਿਸ਼ਨ 'ਅਬਾਦ' ਤਹਿਤ ਵਿਸ਼ੇਸ਼ ਜਨ ਸੁਣਵਾਈ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਐੱਸ.ਡੀ.ਐੱਮ ਗੁਰਦਾਸਪੁਰ ਅਮਨਦੀਪ ਕੌਰ ਸਮੇਤ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ। ਅੱਜ ਦੇ ਅਬਾਦ ਕੈਂਪ ਵਿੱਚ ਪਿੰਡ ਚੌੜ, ਸਿਧਵਾਂ, ਪਰਸੋ ਕਾ ਪਿੰਡ, ਕੋਟਲੀ ਮੋਹੀਆਂ, ਨਰਪੁਰ ਦੇ ਵਸਨੀਕਾਂ ਨੇ ਵੱਡੀ ਗਿਣਤੀ ਵਿਚ ਭਾਗ ਲਿਆ।

ਇਸ ਮੌਕੇ ਵੱਖ-ਵੱਖ ਵਿਭਾਗਾਂ ਵੱਲੋਂ ਸਟਾਲ ਲਗਾ ਕੇ ਆਪਣੇ ਵਿਭਾਗ ਨਾਲ ਸੰਬੰਧਤ ਸੇਵਾਵਾਂ ਯੋਗ ਲਾਭਪਾਤਰੀਆਂ ਨੂੰ ਦਿੱਤੀਆਂ ਗਈਆਂ। ਇਸ ਦੌਰਾਨ ਸਿਹਤ ਵਿਭਾਗ ਵੱਲੋਂ ਮੁਫ਼ਤ ਮੈਡੀਕਲ ਕੈਂਪ ਵੀ ਲਗਾਇਆ ਜਿਸ ਵਿੱਚ ਮਰੀਜ਼ਾਂ ਦੀ ਮੁਢਲੀ ਜਾਂਚ ਕਰਕੇ ਉਨਾਂ ਨੂੰ ਮੁਫ਼ਤ ਦਵਾਈ ਦਿੱਤੀ ਗਈ। ਅਬਾਦ ਕੈਂਪ ਦੌਰਾਨ 300 ਤੋਂ ਵੱਧ ਵਿਅਕਤੀਆਂ ਨੇ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਲਿਆ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਪਿੰਡ ਚੌੜ ਸਿਧਵਾਂ ਦੇ ਖਿਡਾਰੀਆਂ ਨੂੰ ਵਾਲੀਬਾਲ ਅਤੇ ਕ੍ਰਿਕੇਟ ਦੀ ਕਿੱਟ ਵੀ ਦਿੱਤੀ। ਕੈਂਪ ਦੌਰਾਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਹਰ ਸਮੇਂ ਜਨਤਾ ਦੀ ਸੇਵਾ ਵਿੱਚ ਹਾਜ਼ਰ ਹੈ। ਉਨਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਅਬਾਦ ਕੈਂਪਾਂ ਅਤੇ ਜਨ-ਸੁਣਵਾਈ ਕੈਂਪਾਂ ਜ਼ਰੀਏ ਪਿੰਡਾਂ ਤੇ ਸ਼ਹਿਰਾਂ ਵਿੱਚ ਪਹੁੰਚ ਕਰਕੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਦੇ ਨਾਲ ਸਾਰੇ ਯੋਗ ਲਾਭਪਾਤਰੀਆਂ ਨੂੰ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਦਿੱਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਅਜਿਹੇ ਕੈਂਪਾਂ ਜ਼ਰੀਏ ਲੋਕਾਂ ਦੇ ਕੰਮ ਉਨ੍ਹਾਂ ਦੇ ਪਿੰਡਾਂ ਵਿੱਚ ਹੀ ਹੋ ਰਹੇ ਹਨ ਜਿਸ ਨਾਲ ਉਨਾਂ ਦੇ ਸਮੇਂ ਤੇ ਪੈਸੇ ਦੀ ਬੱਚਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅੱਜ ਇਸ ਪਿੰਡ ਵਿੱਚ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਆਇਆ ਹੈ ਅਤੇ ਅਗਲੀ ਵਾਰ ਉਨ੍ਹਾਂ ਸਮੱਸਿਆਵਾਂ ਦਾ ਹੱਲ ਲੈ ਕੇ ਆਵੇਗਾ। ਇਸ ਮੌਕੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਇਹ ਕੈਂਪ ਲੋਕਾਂ ਲਈ ਵੱਡੀ ਸਹੂਲਤ ਸਾਬਤ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਹੁਣ ਆਪਣੇ ਕੰਮਾਂ ਲਈ ਦਫ਼ਤਰਾਂ ਵਿੱਚ ਨਹੀਂ ਜਾਣਾ ਪੈਂਦਾ ਸਗੋਂ ਸਰਕਾਰ ਉਨ੍ਹਾਂ ਦੇ ਦੁਆਰ ਪਹੁੰਚ ਰਹੀ ਹੈ।

ਇਸ ਮੌਕੇ ਐੱਸ.ਡੀ.ਐੱਮ ਗੁਰਦਾਸਪੁਰ ਅਮਨਦੀਪ ਕੌਰ, ਤਹਿਸੀਲਦਾਰ ਰਾਜਵਿੰਦਰ ਕੌਰ, ਐਕਸੀਅਨ ਜਲ ਸਪਲਾਈ ਰੱਤੜਾ, ਪੰਚਾਇਤ ਵਿਭਾਗ ਤੋਂ ਅਮ੍ਰਿਤਪਾਲ ਸਿੰਘ, ਸਰਪੰਚ ਕੁਲਬੀਰ ਸਿੰਘ, ਮਨਜੀਤ ਸਿੰਘ ਨੰਬਰਦਾਰ, ਦਲਬੀਰ ਸਿੰਘ, ਰਵੀ ਕੁਮਾਰ, ਅਸ਼ੋਕ ਕੁਮਾਰ, ਦਿਲਬਾਗ ਸਿੰਘ ਸਾਬਕਾ ਸਰਪੰਚ, ਮੂਰਤੀ ਰਾਮ, ਡਾ. ਰਵੇਲ ਸਿੰਘ ਸਰਪੰਚ ਕੋਟਲੀ ਸੋਹੀਆਂ, ਸੁੱਚਾ ਸਿੰਘ ਮੁਲਤਾਨੀ, ਹਰਪ੍ਰਕਾਸ਼ ਸਿੰਘ ਸਰਪੰਚ ਪਰਸੋ ਕਾ ਪਿੰਡ, ਤਰਸੇਮ ਸਿੰਘ, ਅਮਰੀਕ ਸਿੰਘ, ਪ੍ਰਗਟ ਸਿੰਘ ਤੋਂ ਇਲਾਵਾ ਇਲਾਕੇ ਦੇ ਹੋਰ ਵੀ ਮੋਹਤਬਰ ਹਾਜ਼ਰ ਸਨ।

# ਢਿੱਲੋਂ ਪੰਜਾਬ ਰਾਜ ਬਿਜਲੀ ਨਿਗਮ ਦੇ ਡਾਇਰੈਕਟਰ ਪ੍ਰਬੰਧਕ ਬਣੇ



**ਅੰਮ੍ਰਿਤਸਰ/ਤਰਨ ਤਾਰਨੀ**—ਮਾਝੇ ਦੇ ਵੱਡੇ ਤੇ ਦੇਸ਼ ਭਗਤਾਂ ਦੀਆਂ ਪੈੜਾਂ ਦੇ ਗੂੜ੍ਹੇ ਨਿਸ਼ਾਨਾਂ ਨਾਲ ਲਬਰੇਜ਼ ਇਤਿਹਾਸਕ ਪਿੰਡ ਸੁਰਸਿੰਘ ਦੇ ਜੰਮਪਲ ਜਸਬੀਰ ਸਿੰਘ ਢਿੱਲੋਂ ਦੇ ਪੰਜਾਬ ਰਾਜ ਬਿਜਲੀ ਨਿਗਮ ਦੇ ਡਾਇਰੈਕਟਰ ਪ੍ਰਬੰਧਕੀ ਬਣਨ ਨਾਲ ਪੰਜਾਬ ਤੇ ਖਾਸ ਕਰ ਬਾਰਡਰ ਨਾਲ ਲਗਦੇ ਸ਼ਹਿਰਾਂ -ਪਿੰਡਾਂ ਵਿੱਚ ਬਿਜਲੀ ਦਾ ਲਾਮਿਸਾਲ ਸੁਧਾਰ ਹੋਵੇਗਾ। ਜਿਸ ਨਾਲ ਲੋਕ ਭਵਿੱਖ ਵਿੱਚ ਹੋਰ ਸੁਖਾਲਾ ਜੀਵਨ ਬਤੀਤ ਕਰਨਗੇ। ਇਹਨਾਂ ਸ਼ਬਦਾਂ ਨਾਲ ਸੁਰਸਿੰਘ ਦੇ ਪਰਵਾਰ ਤੇ ਨਗਰ ਵਾਸੀਆਂ ਨੂੰ ਵਧਾਈ ਦਿੰਦਿਆਂ ਪੰਜਾਬੀ ਦੇ ਸਿਰਮੌਰ ਵਿਸ਼ਵ ਪ੍ਰਸਿੱਧ ਕਹਾਣੀ ਲੇਖਕ ਵਰਿਆਮ ਸਿੰਘ ਸੰਧੂ, ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ ਦੇ ਪ੍ਰਧਾਨ ਭੁਪਿੰਦਰ ਸਿੰਘ ਸੰਧੂ ਨੇ ਕਿਹਾ ਕਿ ਜਸਬੀਰ ਸਿੰਘ ਪੰਜਾਬੀ ਸਾਹਿਤ, ਸੱਭਿਆਚਾਰ ਤੇ ਸਮਾਜਕ ਤਾਣੇ ਬਾਣੇ ਦਾ ਅਦਬ ਕਰਨ ਵਾਲੇ ਇਨਸਾਨ ਹਨ, ਜੋ ਆਪਣੀ ਪੜ੍ਹਾਈ ਦੇ ਸਮੇਂ ਤੋਂ ਹੀ ਲੋਕ ਹਿਤਾਂ ਨਾਲ ਜੁੜੇ ਹੋਏ ਹਨ, ਜਿਸ ਕਾਰਨ ਉਹ ਰਾਜਨੀਤੀ ਵਿੱਚ ਸਰਗਰਮ ਰਹਿ ਕੇ ਵੀ ਅਲੱਗ ਨਜ਼ਰ ਆਉਂਦੇ ਹਨ। ਇਸੇ ਦੌਰਾਨ ਪੰਜਾਬ ਨਾਟ ਅਕਾਦਮੀ ਚੰਡੀਗੜ੍ਹ ਦੇ ਚੇਅਰਮੈਨ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ, ਫੋਕਲੋਰ ਰਿਸਰਚ ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ, ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸੇਖੋਂ ਤੇ ਪ੍ਰਗਤੀਸ਼ੀਲ ਲੇਖਕ ਸੰਘ ਅੰਮ੍ਰਿਤਸਰ ਦੇ ਸੀਨੀਅਰ ਮੀਤ ਪ੍ਰਧਾਨ ਗੁਰਬਾਜ ਸਿੰਘ ਛੀਨਾ, ਜਨਰਲ ਸਕੱਤਰ ਧਰਵਿੰਦਰ ਔਲਖ ਨੇ ਵੀ ਮੁਬਾਰਕ ਪੇਸ਼ ਕਰਦਿਆਂ ਕਿਹਾ ਕਿ ਜਸਬੀਰ ਸਿੰਘ ਢਿੱਲੋਂ ਭਵਿੱਖ ਵਿੱਚ ਵੀ ਪੰਜਾਬੀ ਅਦਬ ਨਾਲ ਜੁੜ ਕੇ ਲੇਖਕਾਂ, ਰੰਗਕਰਮੀਆਂ ਦੇ ਸਹਿਯੋਗੀ ਬਣੇ ਰਹਿਣਗੇ।

# ਲੋਕ ਸਭਾ ਚੋਣਾਂ 'ਚ ਭਾਜਪਾ ਆਪਣੇ ਬਲਬੂਤੇ ਸੂਬੇ 'ਚ ਜਿੱਤ ਹਾਸਲ ਕਰੇਗੀ : ਜਾਖੜ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਭਾਰਤੀ ਜਨਤਾ ਪਾਰਟੀ ਹੀ ਇੱਕ ਅਜਿਹੀ ਪਾਰਟੀ ਹੈ, ਜਿਸ ਨੇ ਹਮੇਸ਼ਾ ਹੀ ਆਪਣੇ ਵਰਕਰਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਨੂੰ ਪਹਿਲ ਦਿੱਤੀ ਹੈ ਅਤੇ ਹਰ ਪਾਰਟੀ ਵਰਕਰ ਨੂੰ ਮਾਣ ਸਤਿਕਾਰ ਦਿੱਤਾ ਜਾਂਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਕਾਦੀਆਂ ਵਿਖੇ ਸਾਬਕਾ ਵਿਧਾਇਕ ਤੇ ਸੀਨੀਅਰ ਭਾਜਪਾ ਆਗੂ ਫਤਿਹਜੰਗ ਸਿੰਘ ਬਾਜਵਾ ਦੇ ਗ੍ਰਹਿ ਵਿਖੇ ਪਾਰਟੀ ਵਰਕਰਾਂ ਨਾਲ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਸੁਨੀਲ ਜਾਖੜ ਦਾ ਕਾਦੀਆਂ ਪੁੱਜਣ 'ਤੇ ਸਭ ਤੋਂ ਪਹਿਲਾਂ ਸਾਬਕਾ ਵਿਧਾਇਕ ਤੇ ਸੀਨੀਅਰ ਭਾਜਪਾ ਆਗੂ ਫਤਿਹਜੰਗ ਸਿੰਘ ਬਾਜਵਾ, ਜ਼ਿਲ੍ਹਾ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲੀਆ ਤੇ ਹੋਰ ਭਾਜਪਾ ਆਗੂਆਂ ਵੱਲੋਂ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ। ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ 'ਚ ਭਾਜਪਾ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਉਨ੍ਹਾਂ ਵੱਲੋਂ ਭਾਜਪਾ ਆਗੂਆਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਅਤੇ ਦੇਸ਼ ਵਾਸੀਆਂ ਦੀ ਬਿਹਤਰੀ ਲਈ ਲਏ ਗਏ ਫੈਸਲਿਆਂ ਤੋਂ ਪ੍ਰਭਾਵਿਤ ਹੋ ਕੇ ਲੋਕ ਹੁਣ ਭਾਜਪਾ ਨਾਲ ਜੁੜ ਰਹੇ ਹਨ ਅਤੇ ਪਿੰਡਾਂ ਵਿੱਚ ਵੀ ਲੋਕ ਭਾਜਪਾ ਦਾ ਸਮਰਥਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਆਪਣੇ ਬਲਬੂਤੇ ਚੋਣ ਲੜੇਗੀ ਅਤੇ ਸੂਬੇ ਦੀਆਂ ਸਾਰੀਆਂ ਸੀਟਾਂ 'ਤੇ ਜਿੱਤ ਹਾਸਲ ਕਰੇਗੀ। ਉਨ੍ਹਾ ਕਿਹਾ ਕਿ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਹੜ੍ਹ ਪ੍ਰਭਾਵਤ ਖੇਤਰਾਂ ਲਈ ਔਖੀ ਘੜੀ ਵਿੱਚ ਪੰਜਾਬ ਦੇ ਲੋਕਾਂ ਦਾ ਹੱਥ ਫੜਿਆ ਹੈ ਅਤੇ ਇਸ ਔਖੀ ਘੜੀ ਵਿੱਚ ਵੀ ਕੇਂਦਰ ਸਰਕਾਰ ਵੱਲੋਂ ਪੰਜਾਬ ਵਿੱਚ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀ ਮਦਦ ਲਈ 218 ਕਰੋੜ ਰੁਪਏ ਦੀ ਰਾਹਤ ਰਾਸ਼ੀ ਜਾਰੀ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਫਤਿਹਜੰਗ ਸਿੰਘ ਬਾਜਵਾ ਵੱਲੋਂ ਹਲਕਾ ਬਟਾਲਾ ਅਤੇ ਕਾਦੀਆਂ ਵਿੱਚ ਭਾਜਪਾ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਕੀਤਾ ਜਾ ਰਿਹਾ ਕੰਮ ਸ਼ਲਾਘਾਯੋਗ ਹੈ। ਕੇਂਦਰ ਸਰਕਾਰ ਦੀ ਮਜ਼ਬੂਤੀ ਲਈ ਕੰਮ ਕਰਨ ਦੇ ਨਾਲ-ਨਾਲ ਅਸੀਂ ਕੇਂਦਰ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਘਰ-ਘਰ ਪਹੁੰਚਾ ਰਹੇ ਹਾਂ। ਇਸ ਮੌਕੇ ਅਹਿਮਦੀਆ ਜਮਾਤ ਦੇ ਆਗੂਆਂ ਨੇ ਆਪਣੀਆਂ ਮੰਗਾਂ ਸੰਬੰਧੀ ਸੁਨੀਲ ਜਾਖੜ ਨੂੰ ਮੰਗ ਪੱਤਰ ਵੀ ਦਿੱਤਾ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਭਾਜਪਾ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲੀਆ, ਸਾਬਕਾ ਚੇਅਰਮੈਨ ਸੁਰੇਸ਼ ਭਾਟੀਆ, ਸੁਰੇਸ਼ ਮਹਾਜਨ, ਅਜੇ ਰਿਸ਼ੀ ਰਿੰਕੂ, ਕਮਲ ਜੋਤੀ, ਇੰਦਰਾ ਸੇਖੜੀ, ਜੋਗਿੰਦਰ ਕੁਮਾਰ ਨੰਦੂ, ਪਰਸ਼ੋਤਮ ਹੰਸ ਐਮ ਸੀ, ਤੇਜਿੰਦਰ ਸਿੰਘ ਬਿਊਟੀ ਰੰਧਾਵਾ, ਰੰਜਨ ਮਲਹੋਤਰਾ, ਵਿਜੇ ਫੌਜੀ, ਨੀਰਜ ਢੋਲਾ ਆਦਿ ਵੱਡੀ ਗਿਣਤੀ ਵਿਚ ਭਾਜਪਾ ਵਰਕਰ ਹਾਜ਼ਰ ਸਨ।

# ਯਾਦਗਾਰੀ ਰਹੀ ਭਾਈ ਵੀਰ ਸਿੰਘ ਨੂੰ ਸਮਰਪਤ ਪੰਜ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ਼



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਭਾਈ ਵੀਰ ਸਿੰਘ ਦੀ 150 ਸਾਲਾ ਜਨਮ-ਸ਼ਤਾਬਦੀ ਨੂੰ ਸਮਰਪਤ ਪੰਜ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਦਾ ਸਮਾਪਤੀ ਸਮਾਰੋਹ ਯਾਦਗਾਰੀ ਰਿਹਾ। ਇਸ ਕਾਨਫਰੰਸ ਵਿੱਚ ਕੁੱਲ 15 ਅਕਾਦਮਿਕ ਸੈਸ਼ਨਾਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਾਬ ਦੇ ਪ੍ਰਸਿੱਧ ਚਿੰਤਕਾਂ, ਆਲੋਚਕਾਂ ਅਤੇ ਵਿਭਿੰਨ ਅਕਾਦਮਿਕ ਸੰਸਥਾਵਾਂ ਨਾਲ ਜੁੜੀਆਂ ਅਹਿਮ ਹਸਤੀਆਂ ਨੇ ਭਾਗ ਲਿਆ। ਇਸ ਕਾਨਫਰੰਸ ਵਿੱਚ ਭਾਰਤ ਸਮੇਤ ਇੰਗਲੈਂਡ, ਆਸਟਰੇਲੀਆ ਅਤੇ ਅਮਰੀਕਾ ਦੇ ਖੋਜਾਰਥੀਆਂ ਨੇ 56 ਖੋਜ-ਪੱਤਰ ਪ੍ਰਸਤੁਤ ਕੀਤੇ। ਇਸ ਕਾਨਫਰੰਸ ਦੇ ਆਖਰੀ ਦਿਨ 18 ਜੁਲਾਈ ਨੂੰ ਪਹਿਲੇ ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਦੇ ਸਾਬਕਾ ਮੁਖੀ ਡਾ. ਧਰਮ ਸਿੰਘ ਨੇ ਕੀਤੀ। ਉਨ੍ਹਾ ਕਿਹਾ ਕਿ ਇਸ ਕਾਨਫਰੰਸ ਰਾਹੀਂ ਭਾਈ ਵੀਰ ਸਿੰਘ ਬਾਬਤ ਚਿੰਤਨ ਦਾ ਸਾਰਥਕ ਪੁਨਰ-ਮੁਲਾਂਕਣ ਆਰੰਭ ਹੋਵੇਗਾ। ਕਾਨਫਰੰਸ ਦੇ ਆਖਰੀ ਸੈਸ਼ਨ ਦੀ ਪ੍ਰਧਾਨਗੀ ਸੈਂਟਰਲ ਯੂਨੀਵਰਸਿਟੀ ਆਫ ਪੰਜਾਬ ਬਠਿੰਡਾ ਤੋਂ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੀਤੀ। ਇਸ ਦੌਰਾਨ ਸੰਸਥਾ ਨਾਦ ਪ੍ਰਗਾਸ ਵੱਲੋਂ ਪ੍ਰਕਾਸ਼ਿਤ ਅਤੇ ਹਰਪਾਲ ਸਿੰਘ ਪੰਨੂ ਦੁਆਰਾ ਰਚਿਤ ਦੋ ਪੁਸਤਕਾਂ ਗੁਰੂ ਨਾਨਕ ਦੇਵ ਦਾ ਕੁਦਰਤ ਸਿਧਾਂਤ ਅਤੇ ਸਿੱਖ ਧਰਮ ਵਿੱਚ ਕਾਲ ਅਤੇ ਅਕਾਲ ਨੂੰ ਰਿਲੀਜ਼ ਕੀਤਾ ਗਿਆ। ਉਨ੍ਹਾ ਕਿਹਾ ਕਿ ਸੰਸਥਾ ਨਾਦ ਪ੍ਰਗਾਸ ਨੇ ਇਸ ਕਾਨਫਰੰਸ ਵਿੱਚ ਭਾਈ ਵੀਰ ਸਿੰਘ ਨਾਲ ਸੰਬੰਧਤ ਹਰ ਪਾਸਾਰ ਨੂੰ ਖੋਜ ਦਾ ਵਿਸ਼ਾ ਬਣਾਇਆ ਹੈ। ਕਾਨਫਰੰਸ ਦੇ ਸਮਾਪਤੀ ਸਮਾਰੋਹ ਮੌਕੇ ਸੈਂਟਰਲ ਯੂਨੀਵਰਸਿਟੀ ਆਫ ਹਿਮਾਚਲ ਪ੍ਰਦੇਸ਼ ਦੇ ਚਾਂਸਲਰ ਡਾ. ਹਰਮੋਹਿੰਦਰ ਸਿੰਘ ਬੇਦੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਪ੍ਰੋ. ਵਾਈਸ ਚਾਂਸਲਰ ਡਾ. ਸਤਿੰਦਰ ਸਿੰਘ ਅਤੇ ਪ੍ਰਸਿੱਧ ਚਿੰਤਕ ਅਮਰਜੀਤ ਗਰੇਵਾਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਅਮਰਜੀਤ ਗਰੇਵਾਲ ਨੇ ਸੰਸਥਾ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਭਾਈ ਵੀਰ ਸਿੰਘ ਸਾਹਿਤ ਨੂੰ ਸ਼ਬਦ-ਦਰਸ਼ਨ ਪਰਿਪੇਖ ਤੋਂ ਵਿਆਖਿਆਤ ਕਰਨ 'ਤੇ ਜ਼ੋਰ ਦਿਤਾ। ਉਨ੍ਹਾਂ ਕਿਹਾ ਕਿ ਸ਼ਬਦ-ਦਰਸ਼ਨ ਪਰਿਪੇਖ ਭਵਿੱਖ ਵਿੱਚ ਆ ਰਹੇ ਸੰਕਟ ਤੋਂ ਬਚਾਉਣ ਲਈ ਇੱਕੋ-ਇੱਕ ਆਦਰਸ਼ਕ ਬਦਲ ਹੈ। ਡਾ. ਸਤਿੰਦਰ ਸਿੰਘ ਨੇ ਕਿਹਾ ਕਿ ਭਾਈ ਵੀਰ ਸਿੰਘ 'ਤੇ ਹੋਈ ਇਹ ਕਾਨਫਰੰਸ ਆਪਣੇ ਆਪ ਵਿੱਚ ਮਿਸਾਲ ਹੈ। ਉਨ੍ਹਾਂ ਖੋਜ-ਪੱਤਰਾਂ ਦੇ ਵਿਸ਼ਾ-ਵਸਤ ਅਤੇ ਗਿਆਨਾਤਮਕ ਪਸਾਰਾਂ ਦੇ ਫੈਲਾਅ 'ਤੇ ਹੈਰਾਨੀ ਪ੍ਰਗਟ ਕਰਦਿਆਂ ਸੰਸਥਾ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ। ਹਰਮੋਹਿੰਦਰ ਸਿੰਘ ਬੇਦੀ ਨੇ ਕਾਨਫਰੰਸ ਦੇ ਸਮਾਪਤੀ ਭਾਸ਼ਣ ਵਿੱਚ ਸੰਸਥਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਕਾਦਮਿਕ ਜਗਤ ਨੂੰ ਇਸ ਕਾਨਫਰੰਸ ਅਤੇ ਇਸ ਦੇ ਆਯੋਜਨ ਤੋਂ ਗਿਆਨਾਤਮਕ ਅਭਿਆਸ ਦੀ ਸੇਧ ਲੈਣੀ ਚਾਹੀਦੀ ਹੈ। ਸੰਸਥਾ ਨਾਦ ਪ੍ਰਗਾਸ ਦੇ ਡਾਇਰੈਕਟਰ ਪ੍ਰੋ. ਜਗਦੀਸ਼ ਸਿੰਘ ਨੇ ਰੇਣੂ ਵਿਗ ਵਾਈਸ ਚਾਂਸਲਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਡਾ. ਗੁਰਪਾਲ ਸੰਧੂ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦਾ ਇਸ ਪੰਜ ਰੋਜ਼ਾ ਕਾਨਫਰੰਸ ਵਿੱਚ ਸੰਸਥਾ ਦਾ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾ ਕਿਹਾ ਕਿ ਸ਼ਬਦ-ਦਰਸ਼ਨ ਅਭਿਆਸ ਦੀ ਸਾਧਨਾ ਤੋਂ ਪ੍ਰੇਰਿਤ ਚਿੰਤਨ ਭਾਈ ਵੀਰ ਸਿੰਘ ਸਾਹਿਤ ਦੀ ਵਿਸ਼ਵ-ਵਿਆਪੀ ਵਿਆਖਿਆ ਸੰਭਾਵਿਤ ਕਰ ਸਕਦਾ ਹੈ। ਉਨ੍ਹਾ ਡਾ. ਰੁਮੀਨਾ ਸੇਠੀ ਡੀ.ਯੂ.ਆਈ. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਨੀਰਜ ਜੈਨ ਈਵਨਿੰਗ ਸਟੱਡੀਜ਼ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਸਮੇਤ ਕਾਨਫਰੰਸ ਵਿੱਚ ਸ਼ਾਮਲ ਹੋਏ ਚਿੰਤਕਾਂ, ਅਧਿਆਪਕਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਦਾ ਵੀ ਧੰਨਵਾਦ ਕੀਤਾ।

20-July-PAGE-4.qxd 7/20/2023 10:52 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 21 ਜੁਲਾਈ 2023

# ਵਿਦਿਆਰਥੀਆਂ ਦੀ ਵਧੀਆ ਪਹਿਲਕਦਮੀ

ਪੱਛਮੀ ਬੰਗਾਲ ਦੇ ਨਰਿੰਦਰਪੁਰ ਕੋਲ ਪੈਂਦੇ ਕੋਡਾਲਿਆ ਇਲਾਕੇ ਦੇ ਸਵਰਨਿਮ ਇੰਟਰਨੈਸ਼ਨਲ ਸਕੂਲ ਦੇ ਕੁਝ ਵਿਦਿਆਰਥੀਆਂ ਨੇ ਪਿਛਲੇ ਸ਼ੁੱਕਰਵਾਰ ਸਕੂਲ ਦੇ ਗੇਟ ਦੇ ਬਾਹਰ ਖੜ੍ਹੇ ਹੋ ਕੇ ਉਨ੍ਹਾਂ ਵਿਦਿਆਰਥੀਆਂ ਦੇ ਨਾਂਅ ਨੋਟ ਕੀਤੇ, ਜਿਨ੍ਹਾਂ ਦੇ ਮਾਪੇ ਬਿਨਾਂ ਹੈਲਮਟ ਪਾਈ ਉਨ੍ਹਾਂ ਨੂੰ ਸਕੂਲ ਛੱਡ ਕੇ ਗਏ ਸਨ। ਸਕੂਲ ਦੀ ਪ੍ਰਿੰਸੀਪਲ ਰੁਮਝੁਮੀ ਬਿਸਵਾਸ ਨੇ ਕਿਹਾ ਕਿ ਇਨ੍ਹਾਂ ਮਾਪਿਆਂ ਨੂੰ ਦੋ ਚਿਤਾਵਨੀਆਂ ਦਿੱਤੀਆਂ ਜਾਣਗੀਆਂ। ਜੇ ਫਿਰ ਵੀ ਨਾ 'ਸੁਧਰੇ' ਤਾਂ ਉਨ੍ਹਾਂ ਦੇ ਬੱਚਿਆਂ ਨੂੰ ਸਕੂਲ ਵਿਚ ਵੜਨ ਨਹੀਂ ਦਿੱਤਾ ਜਾਵੇਗਾ। ਉਮੀਦ ਹੈ ਕਿ ਇਸ ਨਾਲ ਅਜਿਹੇ ਲੋਕਾਂ ਵਿਚ ਖੁਦ ਨੂੰ ਸੁਰੱਖਿਅਤ ਰੱਖਣ ਦੀ ਆਦਤ ਪੈਦਾ ਹੋ ਜਾਵੇਗੀ।

ਸਕੂਲ ਨੇ ਇਹ ਮੁਹਿੰਮ ਗਰਮੀਆਂ ਦੀਆਂ ਛੁੱਟੀਆਂ ਵਿਚ ਸ਼ੁਰੂ ਕੀਤੀ ਸੀ। ਮਾਪਿਆਂ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਹੈਲਮਟ ਖਰੀਦਣ ਲਈ ਕੁਝ ਸਮਾਂ ਦਿੱਤਾ ਜਾਵੇ। ਗੇਟ 'ਤੇ ਖੜ੍ਹੇ ਵਿਦਿਆਰਥੀਆਂ ਨੇ ਤਖਤੀਆਂ ਵੀ ਫੜੀਆਂ ਹੋਈਆਂ ਸਨ, ਜਿਨ੍ਹਾਂ 'ਤੇ ਲਿਖਿਆ ਹੋਇਆ ਸੀ ਕਿ ਹੈਲਮਟ ਪਹਿਨਣਾ ਕਿਉਂ ਜ਼ਰੂਰੀ ਹੈ। ਜਿਨ੍ਹਾਂ ਮਾਪਿਆਂ ਨੇ ਹੈਲਮਟ ਨਹੀਂ ਪਾਏ ਹੋਏ ਸਨ, ਉਨ੍ਹਾਂ ਦੇ ਦੋਪਹੀਆ ਵਾਹਨਾਂ 'ਤੇ ਉਨ੍ਹਾਂ ਸਟਿੱਕਰ ਵੀ ਲਾਏ। ਸਕੂਲ ਵਿਚ ਨੌਵੀਂ ਜਮਾਤ ਤੱਕ ਦੇ ਕਰੀਬ 500 ਵਿਦਿਆਰਥੀ ਹਨ ਤੇ ਲਗਭਗ 70 ਦੋਪਹੀਆ ਵਾਹਨਾਂ 'ਤੇ ਆਉਂਦੇ ਹਨ। ਕਰੀਬ 50 ਫੀਸਦੀ ਹੈਲਮਟ ਨਹੀਂ ਪਾਉਂਦੇ। ਅੱਠਵੀਂ ਦੇ ਵਿਦਿਆਰਥੀ ਤਮੋਸ਼ਮਿਤਾ ਮੰਡਲ ਨੇ ਦੱਸਿਆ ਕਿ ਉਸ ਨੇ ਨੋਟ ਕੀਤਾ ਕਿ ਪਿਛਲੇ ਹਫਤੇ ਬਹੁਤੇ ਮਾਪਿਆਂ ਨੇ ਹੈਲਮਟ ਪਾਏ ਹੋਏ ਸਨ। ਜਿਨ੍ਹਾਂ ਨਹੀਂ ਪਾਏ ਸਨ, ਉਨ੍ਹਾਂ ਦੇ ਵਾਹਨਾਂ 'ਤੇ ਸਟਿੱਕਰ ਲਾਏ ਗਏ, ਜਿਨ੍ਹਾਂ 'ਤੇ ਲਿਖਿਆ ਸੀ—ਆਪਣੀ ਤੇ ਪਰਵਾਰ ਦੀ ਸੁਰੱਖਿਆ ਲਈ ਹੈਲਮਟ ਪਾਓ। ਪ੍ਰਿੰਸੀਪਲ ਬਿਸਵਾਸ ਮੁਤਾਬਕ ਕੁਝ ਮਾਪੇ ਦਲੀਲ ਦਿੰਦੇ ਹਨ ਕਿ ਉਹ ਨੇੜੇ ਹੀ ਰਹਿੰਦੇ ਹਨ, ਇਸ ਕਰਕੇ ਹੈਲਮਟ ਦੀ ਖਾਸ ਲੋੜ ਨਹੀਂ, ਪਰ ਉਹ ਇਹ ਨਹੀਂ ਸਮਝਦੇ ਕਿ ਨੇੜੇ ਰਹਿਣ ਦਾ ਮਤਲਬ ਇਹ ਨਹੀਂ ਕਿ ਹਾਦਸਾ ਹੀ ਨਹੀਂ ਹੋਣਾ। ਇਹ ਖਤਰਨਾਕ ਆਦਤ ਹੈ। ਇਹ ਵੀ ਦੇਖਣ ਵਿਚ ਆਉਂਦਾ ਹੈ ਕਿ ਮਾਪੇ ਤਾਂ ਹੈਲਮਟ ਪਾਉਂਦੇ ਹਨ, ਪਰ ਬੱਚਿਆਂ ਨੂੰ ਨਹੀਂ ਪੁਆਉਂਦੇ। ਅਸੀਂ ਚਾਹੁੰਦੇ ਹਾਂ ਕਿ ਬੱਚਿਆਂ 'ਚ ਜ਼ਿੰਮੇਵਾਰੀ ਤੇ ਅਨੁਸ਼ਾਸਨ ਦੀ ਭਾਵਨਾ ਮਜ਼ਬੂਤ ਹੋਵੇ। ਟਰੈਫਿਕ ਨਿਯਮਾਂ ਦੀ ਉਲੰਘਣਾ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

ਪੱਛਮੀ ਬੰਗਾਲ ਦੇ ਇਸ ਸਕੂਲ ਦੀ ਸਾਰੇ ਸਕੂਲਾਂ ਨੂੰ ਰੀਸ ਕਰਨੀ ਚਾਹੀਦੀ ਹੈ। ਹੈਲਮਟ ਪਾਉਣ ਦੀ ਬਚਪਨ ਵਿਚ ਹੀ ਆਦਤ ਪੈ ਜਾਣ ਨਾਲ ਜ਼ਿੰਦਗੀ ਨੂੰ ਸੁਰੱਖਿਅਤ ਬਣਾਇਆ ਜਾ ਸਕਦਾ ਹੈ।

## ਹਾਲਾਤੇ ਪੰਜਾਬ !

ਆਖਰ ਪੈਂਦੇ ਨੇ ਰੋਕਣੇ ਬਹੁਤ ਮਹਿੰਗੇ
ਵਹਿਣ ਕੁਦਰਤੀ ਆਏ ਜੋ ਚੱਲਦੇ ਨੇ।
ਰਾਜਸਥਾਨ ਹਿਮਾਚਲ ਹਰਿਆਣੀਉਂ ਜੀ
ਦੇਖੋ 'ਹਾਲੇ-ਪੰਜਾਬ' ਅੱਜ-ਕੱਲ੍ਹ ਦੇ ਨੇ।
ਚਾਹੁੰਦੇ ਲੁੱਟਣਾ 'ਐੱਸ ਵਾਈ ਐੱਲ' ਰਾਹੀਂ
ਪਾਏ ਪੁਆੜੇ ਇਹ 'ਪੰਜੇ ਤੇ ਦਲ' ਦੇ ਨੇ।
ਮਸਲਾ ਕਿਸੇ ਵੀ ਤਰ੍ਹਾਂ ਇਹ ਮੁੱਕਣਾ ਨਾ
'ਰਾਇਪੇਰੀਅਨ' ਰਸਤੇ ਹੀ ਹੱਲ ਦੇ ਨੇ।
ਘੱਲਦੇ 'ਪੱਕੀ ਪਕਾਈ' ਦੁਖਿਆਰਿਆਂ ਨੂੰ
ਬਖਸ਼ੇ ਹੋਏ ਇਹ 'ਬਾਬੇ ਅਟੱਲ' ਦੇ ਨੇ।
ਮਾਲਕ ਉਹੀ ਦਰਿਆਵਾਂ ਤੇ ਪਾਣੀਆਂ ਦੇ
ਜਿਹੜੇ ਹੜ੍ਹਾਂ ਦੀ ਮਾਰ ਵੀ ਝੱਲਦੇ ਨੇ।

- ਤਰਲੋਚਨ ਸਿੰਘ 'ਦੁਪਾਲਪੁਰ', 001-408-915-1268

### ਬਰਸੀ 'ਤੇ ਵਿਸ਼ੇਸ਼

# ਭਾਈਚਾਰਕ ਸਾਂਝ ਦੇ ਮੁੱਦਈ ਸਨ ਸ਼ਹੀਦ ਕਾਮਰੇਡ ਸੋਹਲ



ਨਰਿੰਦਰ ਸੋਹਲ

ਜੁਲਾਈ ਮਹੀਨਾ ਚੜ੍ਹਦਿਆਂ ਹੀ ਪੰਜਾਬ ਦੇ ਕਾਲੇ ਦਿਨਾਂ ਵਾਲੇ ਹਾਲਾਤ ਅੱਖਾਂ ਅੱਗੋਂ ਗੁਜ਼ਰਨ ਲੱਗਦੇ ਹਨ। ਇੰਜ ਮਹਿਸੂਸ ਹੋਣ ਲੱਗਦਾ, ਜਿਵੇਂ ਅੰਦਰੋਂ ਕੁਝ ਟੁੱਟ ਰਿਹਾ ਹੋਵੇ, ਜਿਸ ਦਾ ਦਰਦ ਅਸਹਿ ਹੁੰਦਾ ਜਾਂਦਾ। ਇਹ ਦਰਦ 21 ਜੁਲਾਈ 1987 ਦੀ ਰਾਤ ਨਾਲ ਮੇਲ ਖਾਣ ਲੱਗਦਾ। ਹਾਂ ਜੁਲਾਈ ਦੀ ਉਹ ਕਾਲੀ ਰਾਤ ਜਿਸ ਨੇ ਸਾਡੇ ਜੀਵਨ ਵਿੱਚ ਗੂੜ੍ਹਾ ਹਨੇਰਾ ਕਰ ਦਿੱਤਾ ਸੀ। ਹੱਸਦਾ-ਵਸਦਾ ਪਰਵਾਰ ਮਿੰਟਾਂ ਵਿੱਚ ਹੀ ਦੁੱਖ ਦੇ ਗਹਿਰੇ ਸਾਗਰ ਵਿੱਚ ਡੁੱਬ ਗਿਆ। ਸੋਚਦੇ ਤਾਂ ਯਾਦ ਆਉਂਦਾ 1982, 83 ਤੋਂ ਪਹਿਲਾਂ ਦੇ ਹਾਲਾਤ ਕਿੰਨੇ ਸੁਖਾਵੇਂ ਸੀ। ਅੱਧੀ-ਅੱਧੀ ਰਾਤ ਦੁੜੰਗੇ ਲਗਾਉਂਦੇ ਫਿਰਨਾ, ਜਿਸ ਘਰ ਮਰਜੀ ਜਾ ਵੜਨਾ। 'ਡਰ' ਨਾਂਅ ਦੀ ਚੀਜ ਹੀ ਨਹੀਂ ਸੀ। ਸਾਰਾ ਪਿੰਡ ਆਪਣਾ ਲੱਗਦਾ, ਹਰ ਪਾਸੇ ਚਾਚੇ, ਤਾਏ, ਭੂਆ, ਭੈਣ, ਭਰਾਵਾਂ ਦੇ ਅਨੇਕਾਂ ਰਿਸ਼ਤੇ ਨਿੱਘ ਦਿੰਦੇ। ਫਿਰ ਅਚਾਨਕ ਹਾਲਾਤਾ ਨੇ ਕਰਵਟ ਲਈ ਤੇ ਰਿਸ਼ਤਿਆਂ ਨੂੰ ਕਿਸੇ ਦੀ ਚੰਦਰੀ ਨਜ਼ਰ ਲੱਗ ਗਈ। ਹਰ ਪਾਸੇ ਡਰ ਨੇ ਪੈਰ ਪਸਾਰ ਲਏ ਤੇ ਆਪਣਿਆਂ ਤੋਂ ਹੀ ਡਰ ਆਉਣ ਲੱਗਾ। ਸ਼ਾਮ ਦੇ ਚਾਰ-ਪੰਜ ਵੱਜਦਿਆਂ ਹੀ, ਹਰ ਪਾਸੇ ਇੱਕ ਭਿਆਨਕ ਚੁੱਪ ਪੈਰ ਪਸਾਰ ਲੈਂਦੀ। ਮਾੜਾ ਜਿਹਾ ਖੜਾਕ ਵੀ ਤਰਾਅ ਕੱਢ ਦਿੰਦਾ। ਜੇ ਕਿਧਰੇ ਖੇਸ ਦੀ ਬੁੱਕਲ ਮਾਰੀ ਕੋਈ ਤੁਰਿਆ ਆਉਂਦਾ ਨਜ਼ਰ ਆ ਜਾਂਦਾ ਤਾਂ ਸਾਹ ਲੈਣਾ ਔਖਾ ਹੋ ਜਾਂਦਾ। ਇਹ ਬਹੁਤ ਭਿਆਨਕ ਸਮਾਂ ਸੀ, ਇੱਕ ਪਾਸੇ ਅੱਤਵਾਦੀ ਨਿਰਦੋਸ਼ ਲੋਕਾਂ ਨੂੰ ਮਾਰ ਕੇ ਆਪਣੀ ਦਹਿਸ਼ਤ ਪੈਦਾ ਕਰ ਰਹੇ ਸਨ ਤੇ ਦੂਜੇ ਪਾਸੇ ਪੁਲਸ ਲਈ 'ਕਤਲ' ਤਰੱਕੀ ਦਾ ਜ਼ਰੀਆ ਬਣ ਗਏ ਸਨ। ਘਰਾਂ ਵਿੱਚ ਦੋਵਾਂ ਦੀ ਆਮਦ ਮਾੜੀ ਸਮਝੀ ਜਾਣ ਲੱਗੀ। ਲੋਕ ਡਰ ਦੇ ਸਾਏ ਹੇਠ ਜ਼ਿੰਦਗੀ ਗੁਜ਼ਾਰਨ ਲਈ ਮਜ਼ਬੂਰ ਸਨ। ਉਸ ਸਮੇਂ ਇਹਨਾਂ ਹਾਲਾਤਾਂ ਦਾ ਜੇ ਨੰਗੇ ਧੜ ਅੱਗੇ ਹੋ ਕੇ ਕੋਈ ਵਿਰੋਧ ਕਰ ਰਿਹਾ ਸੀ ਤਾਂ ਉਹ ਲਾਲ ਝੰਡੇ ਵਾਲੇ ਹੀ ਸੀ। ਜੋ ਹਿੱਕ ਠੋਕ ਕੇ ਲੜੇ ਤੇ ਪਰਵਾਰਾਂ ਸਮੇਤ ਸ਼ਹਾਦਤ ਦੇਣ ਤੋਂ ਵੀ ਪਿੱਛੇ ਨਾ ਹਟੇ। ਇਹਨਾਂ ਵਿੱਚੋਂ ਹੀ ਇੱਕ ਸੂਰਮਾ ਕਾਮਰੇਡ ਸਵਰਨ ਸਿੰਘ ਸੋਹਲ ਸੀ, ਜੋ ਭਾਰਤੀ ਕਮਿਊਨਿਸਟ ਪਾਰਟੀ ਤੇ ਪੰਜਾਬ ਕਿਸਾਨ ਸਭਾ ਜ਼ਿਲ੍ਹਾ ਅੰਮ੍ਰਿਤਸਰ ਦੇ ਉਘੇ ਆਗੂ ਸਨ। ਪਾਰਟੀ ਜਾਂ ਜੱਥੇਬੰਦੀ ਵੱਲੋਂ ਲੱਗਦੀ ਹਰ ਡਿਊਟੀ ਨੂੰ ਉਹ ਤਨਦੇਹੀ ਨਾਲ ਨਿਭਾਉਂਦੇ ਸਨ। ਉਦੋਂ ਸੀ ਪੀ ਆਈ ਵੱਲੋਂ ਇਹਨਾਂ ਮਾੜੇ ਹਾਲਾਤਾ ਦਾ ਵਿਰੋਧ ਕਰਨ 'ਤੇ ਲੋਕਾਂ ਦੇ ਮਨਾਂ ਅੰਦਰਲੀ ਦਹਿਸ਼ਤ ਨੂੰ ਕੱਢਣ ਲਈ ਜੂਨ- ਜੁਲਾਈ ਮਹੀਨੇ ਵਿੱਚ ਜਨ-ਸੰਪਰਕ ਮੁਹਿੰਮ ਚਲਾਈ ਗਈ। ਕਾਮਰੇਡ ਸੋਹਲ ਵੀ ਇਸ ਮੁਹਿੰਮ ਦੀ ਮੂਹਰਲੀ ਕਤਾਰ ਵਿੱਚ ਸਨ। ਇਸ ਮੁਹਿੰਮ ਦੌਰਾਨ ਪਿੰਡਾਂ ਵਿੱਚ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਨਾਅਰਾ ਗੂੰਜਣ ਲੱਗਾ, 'ਹਿੰਦੂ ਰਾਜ, ਨਾ ਖਾਲਿਸਤਾਨ, ਜੁੱਗ-ਜੁੱਗ ਜੀਵੇ ਹਿੰਦੁਸਤਾਨ।' ਦੇਸ਼ ਨੂੰ, ਪੰਜਾਬ ਨੂੰ ਵੰਡਣ ਦਾ ਯਤਨ ਕਰਨ ਵਾਲਿਆਂ ਨੂੰ ਇਹ ਨਾਅਰਾ ਕਿਵੇਂ ਬਰਦਾਸ਼ਤ ਹੋ ਸਕਦਾ ਸੀ। ਉਹਨਾਂ ਅੰਨ੍ਹੇਵਾਹ ਗੋਲੀਆਂ ਚਲਾ ਕੇ ਪਰਵਾਰਾਂ ਦੇ ਪਰਵਾਰ ਮਾਰਨੇ ਸ਼ੁਰੂ ਕਰ ਦਿੱਤੇ।

21 ਜੁਲਾਈ 1987 ਦੀ ਰਾਤ ਉਹਨਾਂ ਕਾਮਰੇਡ ਸਵਰਨ ਸੋਹਲ ਦੇ ਘਰ 'ਤੇ ਵੀ ਆ ਧਾਵਾ ਬੋਲਿਆ। ਰਾਤ ਦੇ 11 ਕੁ ਵਜੇ ਗੇਟ ਦੇ ਬਾਹਰ ਚੱਲਦੀਆਂ ਗੋਲੀਆਂ ਤੇ ਉਹਨਾਂ 'ਚੋਂ ਨਿਕਲਦੀ ਬਿਜਲੀ ਦੀ ਲਿਸ਼ਕ ਸਾਡੇ ਬਾਲ ਮਨਾਂ ਲਈ ਸਮਝਣੀ ਔਖੀ ਸੀ। ਮੈਂ ਤਾਂ ਇਸ ਨੂੰ ਉਦੋਂ ਤੱਕ ਬੱਦਲਾਂ ਦੀ ਗੜਗੜਾਹਟ ਤੇ ਲਿਸ਼ਕਦੀ ਅਸਮਾਨੀ ਬਿਜਲੀ ਸਮਝਦੀ ਰਹੀ, ਜਦੋਂ ਤੱਕ ਇੱਕ ਗੋਲੀ ਮੇਰੀ ਲੱਤ ਦੇ ਆਰ-ਪਾਰ ਨਾ ਹੋ ਗਈ। ਉਹ ਦਰਦ ਤਾਂ ਭੁਲਾਇਆਂ ਵੀ ਨਹੀਂ ਭੁੱਲਦਾ। ਵੱਡੀ ਭੈਣ ਦੇ ਇਸ਼ਾਰੇ 'ਤੇ ਅਸੀਂ ਆਪਣੇ ਅੰਦਰਲੇ ਦਰਦ ਨੂੰ ਨੱਪਦਿਆਂ, ਸਾਹ ਰੋਕ ਕੇ ਟਰਾਲੀ ਪਿੱਛੇ ਛਿਪ ਕੇ ਬੈਠ ਗਈਆਂ ਅਤੇ ਗੋਲੀਆਂ ਦੀ ਆਵਾਜ਼ ਦੇ ਰੁਕਣ ਦਾ ਇੰਤਜ਼ਾਰ ਕਰਦੀਆਂ ਰਹੀਆਂ। ਕੁਝ ਪਤਾ ਨਹੀਂ ਸੀ ਘਰ ਵਿੱਚ ਕੀ ਵਾਪਰ ਚੁੱਕਾ। ਅਸੀਂ ਦੋ ਭੈਣਾਂ ਜ਼ਖ਼ਮੀ ਸੀ ਤੇ ਸਾਡੇ ਜ਼ਖ਼ਮਾਂ 'ਚੋਂ ਖ਼ੂਨ ਦਾ ਵਹਾਅ ਉਦੋਂ ਤੱਕ ਚੱਲਦਾ ਰਿਹਾ, ਜਦੋਂ ਤੱਕ ਵੱਡੀ ਭੈਣ ਤੇ ਭੂਆ ਨੇ ਆਪਣੇ ਸਿਰਾਂ ਦੀਆਂ ਚੁੰਨੀਆਂ ਲਾ ਕੇ ਜ਼ਖ਼ਮ ਬੰਨ੍ਹ ਨਾ ਦਿੱਤੇ। ਹੁਣ ਬੱਦਲਾਂ ਵਰਗੀ ਗੜਗੜਾਹਟ ਰੁਕ ਗਈ ਸੀ। ਭੈਣਾਂ ਹਿੰਮਤ ਕਰਕੇ ਉਠੀਆਂ ਤੇ ਘਰ ਦੇ ਹਰ ਪਾਸੇ ਨਜ਼ਰ ਮਾਰਨ ਲੱਗੀਆਂ ਕਿ ਅਸੀਂ ਕੀ ਖੋਹ ਲਿਆ ਹੈ। ਸਭ ਤੋਂ ਪਹਿਲਾਂ ਵਿਹੜੇ ਵਿੱਚ ਪਈ ਮਾਂ ਦੀ ਲਾਸ਼ ਮਿਲੀ, ਫਿਰ ਇੱਕ ਮੰਜੇ 'ਤੇ ਦਾਦੀ ਦਾ ਬੇਜਾਨ ਸਰੀਰ ਜੋ ਅੱਧਾ ਮੰਜੇ ਉੱਤੇ ਤੇ ਅੱਧਾ ਮੰਜੇ ਤੋਂ ਹੇਠਾਂ ਸੀ। ਅਗਲੀ ਮੰਜੀ ਉਤੇ ਅਣਗਿਣਤ ਗੋਲੀਆਂ ਦਾ ਸ਼ਿਕਾਰ, ਆਖਰੀ ਹਟਕੋਰੇ ਭਰਦੀ ਛੋਟੀ ਭੈਣ ਪਈ ਸੀ, ਜੋ ਮੂੰਹ ਵਿੱਚ ਪਾਣੀ ਪਾਉਣ ਤੋਂ ਬਾਅਦ ਹਮੇਸ਼ਾ ਲਈ ਚੁੱਪ ਹੋ ਗਈ। ਅੰਤਾਂ ਦੀ ਗਰਮੀ ਵਿੱਚ ਸਾਡਾ ਭਰਾ ਮੋਟਰ ਵਾਲੇ ਕੋਠੇ ਵਿੱਚ ਲੁਕ ਕੇ ਬੈਠਾ ਮਿਲਿਆ, ਜਿਸ ਨੂੰ ਪਾਪਾ ਦੀ ਪਹਿਲਾਂ ਹੀ ਹਦਾਇਤ ਸੀ ਕਿ 'ਮੈਂ ਜਿਸ ਰਸਤੇ ਚੱਲ ਰਿਹਾ, ਕੁਝ ਵੀ ਵਾਪਰ ਸਕਦਾ, ਪਰ ਤੂੰ ਮੇਰੀ ਪ੍ਰਵਾਹ ਨਾ ਕਰੀਂ ਸਗੋਂ ਆਪਣਾ ਖਿਆਲ ਰੱਖੀਂ।' ਪਾਪਾ ਤੇ ਘਰ ਦੇ ਕਾਮੇ ਦਾ ਮੰਜਾ ਛੱਤ ਉਪਰ ਹੋਣ ਕਰਕੇ, ਉਹਨਾਂ ਬਾਰੇ ਕੁਝ ਪਤਾ ਨਹੀਂ ਸੀ। ਵੱਡੀ ਭੈਣ ਤੇ ਭੂਆ ਹਿੰਮਤ ਕਰਕੇ ਕੁਝ ਕਿਲਿਆਂ ਦੇ ਫਾਸਲੇ ਉੱਤੇ ਗੁਆਂਢ ਵਿੱਚ ਦੱਸਣ ਲਈ ਚਲੀਆਂ ਗਈਆਂ। ਖੇਤਾਂ ਵਿੱਚ ਝੋਨਾ ਲੱਗਿਆ ਹੋਣ ਕਾਰਨ ਹਰ ਪਾਸੇ ਪਾਣੀ ਸੀ। ਉਹ ਡਿੱਗਦੀਆਂ-ਢਹਿੰਦੀਆਂ ਪਹੁੰਚ ਕੇ ਉਹਨਾਂ ਨੂੰ ਦੱਸ ਆਈਆਂ ਕਿ ਸਾਡੇ ਘਰ ਕੀ ਭਾਣਾ ਵਾਪਰ ਗਿਆ। ਅਜਿਹੇ ਹਾਲਾਤਾ ਵਿੱਚ ਕੌਣ ਖਤਰਾ ਮੁੱਲ ਲੈਂਦਾ, ਰਾਤ ਕੋਈ ਪਤਾ ਲੈਣ ਨਾ ਆਇਆ। ਤੜਕੇ ਦਿਨ ਚੜ੍ਹਦੇ ਹੀ ਕੁਝ ਲੋਕ ਆਏ। ਫਿਰ ਲੋਕਾਂ ਦਾ ਇਕੱਠ ਵਧਣ ਲੱਗਾ। ਛੱਤ ਤੋਂ ਸਾਡੇ ਪਾਪਾ ਤੇ ਕਾਮਾ ਜੋ ਹੁਣ ਲਾਸ਼ਾਂ ਵਿੱਚ ਤਬਦੀਲ ਹੋ ਚੁੱਕੇ ਸਨ, ਮੰਜਿਆਂ ਸਮੇਤ ਰੱਸੇ ਪਾ ਕੇ ਹੇਠਾਂ ਉਤਾਰੇ ਗਏ। ਦੋਵਾਂ ਦੇ ਮੰਜਿਆਂ ਉਤੇ ਇੱਕੋ ਤਰ੍ਹਾਂ ਦੀਆਂ ਚਾਦਰਾਂ ਵਿਛੀਆਂ ਹੋਈਆਂ ਸਨ।



ਇਹ ਕਈਆਂ ਲਈ ਹੈਰਾਨੀਜਨਕ ਸੀ, ਕਿਉਂਕਿ ਉਸ ਸਮੇਂ ਤਾਂ ਕਾਮਿਆਂ ਦੇ ਭਾਂਡੇ ਵੀ ਵੱਖਰੇ ਹੁੰਦੇ ਸਨ। ਜੋ ਘਰਾਂ ਦੀਆਂ ਕੰਧਾਂ ਵਿੱਚ ਬਣੇ ਮੋਰਿਆਂ 'ਚ ਪਏ ਹੁੰਦੇ। ਮੰਜੇ 'ਤੇ ਕਾਮੇ ਨੂੰ ਬਰਾਬਰ ਬਿਠਾਉਣਾ ਤਾਂ ਨਫਰਤ ਸਮਝਿਆ ਜਾਂਦਾ। ਸਾਡੀ ਦਾਦੀ ਵੀ ਅਜਿਹੇ ਸੁਭਾਅ ਵਾਲੀ ਸੀ, ਪਰ ਸਾਡੇ ਪਾਪਾ ਤਾਂ ਉਹਨਾਂ ਵਿਚਾਰਾਂ ਦੇ ਧਾਰਨੀ ਸਨ, ਜੋ ਭੇਦ-ਭਾਵ ਮਿਟਾ ਕੇ, ਬਰਾਬਰਤਾ ਦੀ ਗੱਲ ਕਰਦੇ ਹਨ। ਇਸ ਕਰਕੇ ਉਹ ਦਾਦੀ ਦੀਆਂ ਗੱਲਾਂ ਦੀ ਪ੍ਰਵਾਹ ਕੀਤੇ ਬਿਨਾਂ ਕਾਮੇ ਦੇ ਗਲਾਸ ਵਿੱਚ ਵੀ ਪਾਣੀ ਪੀ ਲੈਂਦੇ। ਉਹਨਾਂ ਦੇ ਘਰਾਂ ਵਿੱਚ ਰੋਟੀ ਖਾ ਆਉਂਦੇ ਤੇ ਆਪਣੇ ਮੰਜੇ 'ਤੇ ਕੋਲ ਵੀ ਬਿਠਾ ਲੈਂਦੇ। ਸ਼ਾਇਦ ਇਸੇ ਕਰਕੇ ਅਖੀਰਲੇ ਸਮੇਂ ਉਹਨਾਂ ਦੇ ਹੇਠਾਂ ਵਿਛੀਆਂ ਚਾਦਰਾਂ ਵਿੱਚ ਵੀ ਕੋਈ ਫਰਕ ਨਹੀਂ ਸੀ। ਇੱਕ ਸਾਥ ਦਿੱਤੀ ਸ਼ਹਾਦਤ ਨੇ ਇਸ ਰਿਸ਼ਤੇ ਨੂੰ ਹੋਰ ਮਜ਼ਬੂਤ ਕਰ ਦਿੱਤਾ ਸੀ। ਜਿਵੇਂ-ਜਿਵੇਂ ਦਿਨ ਚੜ੍ਹ ਰਿਹਾ ਸੀ, ਘਰ ਵਿੱਚ ਇਕੱਠ ਵਧਦਾ ਜਾ ਰਿਹਾ ਸੀ ਤੇ ਅਸੀਂ ਜ਼ਖ਼ਮੀ ਦੋਵੇਂ ਭੈਣਾਂ ਪਰਵਾਰ ਦਾ ਆਖਰੀ ਵਾਰ ਮੂੰਹ ਵੇਖੇ ਬਿਨਾਂ ਹੀ ਹਸਪਤਾਲ ਵੱਲ ਜਾ ਰਹੀਆਂ ਸਾਂ। ਇਸ ਇੱਕ ਰਾਤ ਨੇ ਸਭ ਕੁਝ ਬਦਲ ਦਿੱਤਾ ਸੀ ਤੇ ਅਸੀਂ ਹੁਣ ਅਨਾਥ ਬੱਚਿਆਂ ਵਿੱਚ ਗਿਣੇ ਜਾਣ ਲੱਗੇ ਸੀ। ਅੱਤਵਾਦ ਸਿਰਫ ਇਨਸਾਨਾਂ ਦਾ ਕਤਲ ਨਹੀਂ ਕਰਦਾ, ਸਗੋਂ ਉਹ ਤਾਂ ਰਿਸ਼ਤਿਆਂ, ਜਜ਼ਬਾਤਾਂ, ਭਾਵਨਾਵਾਂ, ਸੁਪਨਿਆਂ ਦਾ ਕਾਤਲ ਵੀ ਹੁੰਦਾ ਹੈ। ਸ਼ਹੀਦ ਹੋਣ ਵਾਲੇ ਦਾ ਬਾਕੀ ਪਰਵਾਰ ਕਿਨਾਂ ਹਾਲਤਾਂ ਵਿੱਚੋਂ ਗੁਜਰਦਾ, ਇਸ ਦਾ ਅਹਿਸਾਸ ਕੋਈ ਨਹੀਂ ਕਰ ਸਕਦਾ। ਬੇਸ਼ੱਕ ਸਾਡੇ ਪਰਵਾਰਾਂ ਦੀਆਂ ਦਿੱਤੀਆਂ ਕੁਰਬਾਨੀਆਂ ਅਜਾਈਂ ਨਹੀਂ ਗਈਆਂ ਤੇ ਪੰਜਾਬ ਫਿਰ ਖੁਸ਼ਹਾਲੀ ਵੱਲ ਪਰਤਿਆ, ਪਰ ਜੋ ਖੋਹ ਗਿਆ, ਉਹ ਕਿਵੇਂ ਵਾਪਸ ਆਉਂਦਾ? ਮਾਂ-ਬਾਪ ਦੀ ਘਾਟ ਹਮੇਸ਼ਾ ਰੜਕਦੀ ਹੈ, ਬਹੁਤ ਮੌਕੇ ਆਉਂਦੇ ਜਦੋਂ ਦਿਲ ਕਹਿੰਦਾ ਕਾਸ਼ ਮਾਂ ਹੁੰਦੀ! ਕਾਸ਼ ਪਿਓ ਹੁੰਦਾ! ਜਦੋਂ ਕਦੇ ਕਿਸੇ ਮਾਂ-ਪਿਓ ਨੂੰ ਆਪਣੀ ਧੀ ਦੀਆਂ ਰੀਝਾਂ ਪੂਰੀਆਂ ਕਰਦੇ ਵੇਖਦੇ ਤਾਂ ਸੋਚਦੇ, ਜੇ ਸਾਡੇ ਮਾਪੇ ਹੁੰਦੇ, ਕੀ ਉਹ ਵੀ ਇੰਝ ਕਰਦੇ? ਅੰਦਰ ਇੱਕ ਖਾਲੀਪਨ ਮਹਿਸੂਸ ਹੁੰਦਾ ਜੋ ਸਾਰੀ ਉਮਰ ਭਰ ਨਹੀਂ ਸਕਦਾ। ਆਪਣੇ ਬੱਚਿਆਂ ਵਿੱਚੋਂ ਆਪਣਾ ਬਚਪਨ ਲੱਭਣ ਦੀ ਕੋਸ਼ਿਸ਼ ਕਰਦੇ ਹਾਂ। ਜੋ ਰੀਝਾਂ ਸਾਡੀਆਂ ਅਧੂਰੀਆਂ ਰਹਿ ਗਈਆਂ, ਉਹ ਉਹਨਾਂ ਰਾਹੀਂ ਪੂਰੀਆਂ ਕਰਨ ਦੀ ਕੋਸ਼ਿਸ਼ ਕਰਦੇ ਹਾਂ।

ਹੁਣ ਜਦੋਂ ਸ਼ਾਂਤ ਵੱਸਦੇ ਪੰਜਾਬ ਵਿੱਚ ਕੋਈ ਚਿੰਗਾਰੀ ਸੁੱਟਣ ਦੀ ਕੋਸ਼ਿਸ਼ ਕਰਦਾ ਤਾਂ ਦਿਲ ਡਰ ਜਾਂਦਾ। ਹੱਥ ਜੋੜਦੇ ਜੋ ਅਸੀਂ ਬਰਦਾਸ਼ਤ ਕੀਤਾ, ਕਿਸੇ ਹੋਰ ਨੂੰ ਕਦੇ ਨਾ ਕਰਨਾ ਪਵੇ। ਪਿਛਲੇ ਕੁਝ ਮਹੀਨਿਆਂ ਵਿੱਚ ਜੋ ਕੁਝ ਪੰਜਾਬ 'ਚ ਵਾਪਰਿਆ, ਬਹੁਤ ਚਿੰਤਾਜਨਕ ਸੀ, ਪਰ ਪੰਜਾਬੀਆਂ ਦੀ ਸਿਆਣਪ ਨੇ ਪੰਜਾਬ ਦੇ ਹਾਲਾਤਾ ਨੂੰ ਵਿਗੜਨ ਨਹੀਂ ਦਿੱਤਾ। ਜਿਨ੍ਹਾਂ ਨੇ ਵੀ ਕਾਲਾ ਦੌਰ ਹੰਢਾਇਆ, ਉਹ ਜਾਣਦੇ ਨੇ ਜੇ ਦੁਬਾਰਾ ਪੰਜਾਬ ਵਿੱਚ ਅਜਿਹਾ ਕੁਝ ਵਾਪਰਦਾ ਹੈ ਤਾਂ ਘਰਾਂ ਦੇ ਘਰ ਬਰਬਾਦ ਹੋ ਜਾਣਗੇ। ਅਣਗਿਣਤ ਮਾਵਾਂ ਦੀਆਂ ਕੁੱਖਾਂ ਸੁੰਨੀਆਂ ਹੋ ਜਾਣਗੀਆਂ। ਗੋਲੀ ਕਿਸੇ ਪਾਸੇ ਤੋਂ ਵੀ ਚੱਲੇ-ਨੁਕਸਾਨ ਹੀ ਕਰਦੀ ਹੈ। ਜਦੋਂ ਮੈਂ ਇਹ ਸਤਰਾਂ ਲਿਖ ਰਹੀ ਹਾਂ ਤਾਂ ਪੰਜਾਬ ਹੜ੍ਹਾਂ ਦੀ ਮਾਰ ਸਹਿ ਰਿਹਾ, ਪਰ ਪੰਜਾਬੀਆਂ ਦੀ ਇਸ ਔਖੇ ਸਮੇਂ ਆਪਸੀ ਸਾਂਝ ਸਕੂਨ ਦੇ ਰਹੀ ਕਿ ਆਮ ਲੋਕ ਅੱਗੇ ਹੋ ਕੇ ਇੱਕ ਦੂਜੇ ਦੀ ਬਾਂਹ ਫੜ ਰਹੇ। ਜਿਨ੍ਹਾਂ ਦੀਆਂ ਆਪਣੀਆਂ ਫਸਲਾਂ ਵੀ ਪਾਣੀ ਨਾਲ ਡੁੱਬੀਆਂ ਹੋਈਆਂ, ਉਹ ਵੀ ਦੁੱਧ, ਲੰਗਰ ਇਕੱਠਾ ਕਰ ਟਰੈਕਟਰ-ਟਰਾਲੀਆਂ ਰਾਹੀਂ ਸ਼ਹਿਰਾਂ ਵਿੱਚ ਫਸੇ ਭੈਣਾਂ-ਭਰਾਵਾਂ ਦੀ ਬਿਨਾਂ ਕਿਸੇ ਭੇਦਭਾਵ ਦੇ ਮਦਦ ਕਰ ਰਹੇ ਹਨ। ਪੰਜਾਬੀਆਂ ਨੇ ਇੱਕ ਵਾਰ ਫਿਰ ਉਸ ਆਪਸੀ ਸਾਂਝ ਤੇ ਨਿੱਘ ਦਾ ਅਹਿਸਾਸ ਕਰਵਾ ਦਿੱਤਾ ਹੈ, ਜਿਸ ਸਾਂਝ ਨੂੰ ਬਣਾਈ ਰੱਖਣ ਲਈ ਸਾਡੇ ਵਡੇਰਿਆਂ ਨੇ ਕੁਰਬਾਨੀਆਂ ਦਿੱਤੀਆਂ ਸਨ। ਇਹ ਸਾਂਝ ਸਦੀਵੀ ਬਣੀ ਰਹੇ ਤੇ ਕੋਈ ਦੁਸ਼ਮਣ ਵੀ ਇਸ ਵੱਲ ਅੱਖ ਚੁੱਕਣ ਦੀ ਹਿੰਮਤ ਨਾ ਕਰ ਸਕੇ। ਪੰਜਾਬ ਹਮੇਸ਼ਾ ਖੁਸ਼ਹਾਲ ਵਸਦਾ ਰਹੇ, ਇਹੀ ਕਾਮਨਾ ਕਰਦੇ। *ਮੋਬਾ. 94641-13255*

# ਅਕਾਲੀ-ਭਾਜਪਾ ਚੋਣ ਗੱਠਜੋੜ ਦੀਆਂ ਸੰਭਾਵਨਾਵਾਂ

ਜਗਦੇਵ ਸ਼ਰਮਾ

ਲੋਕ ਸਭਾ ਚੋਣਾਂ 2024 ਲਈ ਵਿਸਾਤ ਵਿਛ ਚੁੱਕੀ ਹੈ ਅਤੇ ਸਾਰੀਆਂ ਹੀ ਪਾਰਟੀਆਂ ਆਪੋ-ਆਪਣੀਆਂ ਗੋਟੀਆਂ ਫਿੱਟ ਕਰ ਰਹੀਆਂ ਹਨ। ਪਾਰਟੀਆਂ ਦਰਮਿਆਨ ਜੋੜ-ਤੋੜ ਜ਼ੋਰਾਂ 'ਤੇ ਹਨ। ਕਿਤੇ-ਕਿਤੇ ਪਾਰਟੀਆਂ ਅੰਦਰ ਅੰਦਰੂਨੀ ਫੁੱਟ ਵੀ ਨਜ਼ਰ ਆਉਣ ਲੱਗੀ ਹੈ। ਅਜਿਹੇ ਵਿੱਚ ਪੰਜਾਬ ਦੀ ਰਾਜਨੀਤੀ ਵਿੱਚ ਵੀ ਅੱਜ- ਕੱਲ੍ਹ ਇਹ ਚਰਚਾ ਜ਼ੋਰਾਂ 'ਤੇ ਹੈ ਕਿ ਕੀ ਅਕਾਲੀ ਅਤੇ ਭਾਜਪਾ ਆਉਣ ਵਾਲੀਆਂ 2024 ਦੀਆਂ ਲੋਕ ਸਭਾ ਚੋਣਾਂ ਇਕੱਠੀਆਂ ਲੜਨਗੇ ਜਾਂ ਫਿਰ ਇਕੱਲੇ-ਇਕੱਲੇ। ਰਾਜਨੀਤਿਕ ਵਿਸ਼ਲੇਸ਼ਕਾਂ ਨੇ ਵੀ ਇਸ ਮੁੱਦੇ 'ਤੇ ਨੇੜਿਓਂ ਨਜ਼ਰ ਬਣਾਈ ਹੋਈ ਹੈ। ਬੇਸ਼ੱਕ ਦੋਵੇਂ ਪਾਰਟੀਆਂ ਦਮਗਜੇ ਮਾਰਦੀਆਂ ਨਹੀਂ ਥੱਕਦੀਆਂ, ਪ੍ਰੰਤੂ ਪਰ ਤੋਲਣ ਲੱਗਿਆਂ ਦੋਵੇਂ ਹੀ ਇੱਕ-ਦੂਜੇ ਦੀ ਸਹਾਇਤਾ ਬਿਨਾਂ ਅਸਹਾਏ ਮਹਿਸੂਸ ਕਰਦੀਆਂ ਹਨ।

ਕੀ ਦੋਵਾਂ ਪਾਰਟੀਆਂ ਦਾ ਚੋਣ ਸਮਝੌਤਾ ਹੋ ਸਕੇਗਾ? ਇਸ ਲਈ ਪਿਛਲੇ ਦਿਨੀਂ ਵਾਪਰੀਆਂ ਕੁਝ ਘਟਨਾਵਾਂ 'ਤੇ ਨਜ਼ਰ ਮਾਰਨੀ ਹੋਏਗੀ। ਪੰਜ ਅਤੇ ਛੇ ਜੁਲਾਈ 23 ਨੂੰ ਅਕਾਲੀਆਂ ਦੁਆਰਾ ਆਪਣੇ ਚੰਡੀਗੜ੍ਹ ਦਫਤਰ ਵਿੱਚ ਉੱਚ ਪੱਧਰੀ ਵਿਚਾਰ-ਚਰਚਾ 2024 ਦੀਆਂ ਲੋਕ ਸਭਾ ਚੋਣਾਂ ਬਾਰੇ ਹੀ ਹੋਈ ਹੈ। ਮੀਟਿੰਗ ਉਪਰੰਤ ਮਜੀਠੀਆ ਨੇ ਬੇਸ਼ੱਕ ਭਾਜਪਾ ਨਾਲ ਕਿਸੇ ਸਮਝੌਤੇ ਤੋਂ ਇਨਕਾਰ ਕੀਤਾ ਹੈ ਅਤੇ ਬਾਅਦ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦਾ ਵੀ ਇਸ 'ਤੇ ਬਿਆਨ ਆਇਆ ਹੈ , ਪ੍ਰੰਤੂ ਰਾਜਨੀਤਿਕ ਵਿਸ਼ਲੇਸ਼ਕ ਮੀਟਿੰਗ ਨੂੰ ਕਿਸੇ ਵੱਖਰੇ ਨਜ਼ਰੀਏ ਤੋਂ ਦੇਖ ਰਹੇ ਹਨ। ਇਸੇ ਤਰ੍ਹਾਂ ਭਾਜਪਾ ਦੇ ਪੰਜਾਬ ਪ੍ਰਭਾਰੀ ਰੂਪਾਨੀ ਨੇ ਵੀ ਭਾਜਪਾ ਦੇ ਆਪਣੇ ਬਲਬੂਤੇ ਸਾਰੀਆਂ 13 ਸੀਟਾਂ 'ਤੇ ਲੜਨ ਦਾ ਦਮ ਭਰਿਆ ਹੈ । ਮੇਰੀ ਜਾਚੇ ਡਗਰ ਪਹਿਲਾਂ ਜਿੰਨੀ ਸੌਖੀ ਨਹੀਂ। ਐਨ ਡੀ ਏ ਵਿੱਚੋਂ ਮਜਬੂਰੀ ਵੱਸ ਬਾਹਰ ਆਉਣ ਵੇਲੇ ਤੱਕ ਦੋਵੇਂ ਪਾਰਟੀਆਂ ਨਹੁੰ ਮਾਸ ਦੇ ਰਿਸ਼ਤੇ ਦੀ ਬਾਤ ਪਾਉਂਦੀਆਂ ਆਈਆਂ ਹਨ। ਉਦੋਂ ਤੱਕ ਅਕਾਲੀ ਦਲ ਵੱਡੇ ਭਾਈ ਅਤੇ ਭਾਜਪਾ ਛੋਟੇ ਭਾਈ ਵਜੋਂ ਵਿਚਰਦੇ ਆ ਰਹੇ ਸਨ, ਪ੍ਰੰਤੂ ਉਦੋਂ ਤੋਂ ਹੁਣ ਤੱਕ ਬਹੁਤ ਥੋੜ੍ਹੇ ਅਰਸੇ ਵਿੱਚ ਬਹੁਤ ਸਾਰਾ ਪਾਣੀ ਵਹਿ ਚੁੱਕਿਆ ਹੈ। ਪ੍ਰਸਥਿਤੀਆਂ ਬਦਲ ਚੁੱਕੀਆਂ ਹਨ। ਵੱਡੇ ਬਾਦਲ ਸਾਹਿਬ ਦੇ ਚਲੇ ਜਾਣ ਕਾਰਨ ਉਹਨਾ ਦੀ 'ਕੋਈ ਨਾ' ਦੀ ਨੀਤੀ 'ਤੇ ਚੱਲਣ ਵਾਲੇ ਅਕਾਲੀਆਂ ਦੀ ਘਾਟ ਹੈ। ਹੁਣ ਭਾਜਪਾ ਜੇਕਰ ਸਮਝੌਤਾ ਕਰਦੀ ਵੀ ਹੈ, ਤਾਂ ਉਹ ਛੋਟੇ ਭਾਈ ਦੀ ਭੂਮਿਕਾ ਵਿੱਚ ਨਹੀਂ, ਸਗੋਂ ਵੱਡੇ ਭਾਈ ਦੀ ਭੂਮਿਕਾ ਚਾਹੇਗੀ। ਜਾਖੜ ਸਾਹਿਬ ਨੇ ਆਪਣੀ ਤਾਜਪੋਸ਼ੀ ਵਾਲੇ ਦਿਨ ਇਹ ਗੱਲ ਚਿੱਟੇ ਦਿਨ ਵਾਂਗ ਸਾਫ ਕਰ ਦਿੱਤੀ ਹੈ, ਜਿਸਦਾ ਮਤਲਬ ਹੈ ਕਿ ਅਕਾਲੀ ਦਲ ਭਾਜਪਾ ਦੀਆਂ ਸ਼ਰਤਾਂ 'ਤੇ ਐੱਨ ਡੀ ਏ ਦਾ ਹਿੱਸਾ ਬਣ ਸਕੇਗਾ। 2019 ਦੀਆਂ ਚੋਣਾਂ ਵੇਲੇ ਤੱਕ ਭਾਜਪਾ 3 ਅਤੇ ਅਕਾਲੀ 10 ਸੀਟਾਂ 'ਤੇ ਲੋਕ ਸਭਾ ਚੋਣਾਂ ਲੜਦੇ ਰਹੇ ਹਨ ਅਤੇ ਵਰਤਮਾਨ ਵਿੱਚ ਰਾਸ਼ਟਰੀ ਪਾਰਟੀ ਅੱਧੋ ਅੱਧ ਤੋਂ ਘੱਟ 'ਤੇ ਕਦੇ ਵੀ ਨਹੀਂ ਮੰਨੇਗੀ।

ਇਤਿਹਾਸ 'ਤੇ ਝਾਤੀ ਮਾਰਦਿਆਂ ਪਤਾ ਚਲਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੇ ਪਹਿਲੀ ਵਾਰ 1996 ਵਿੱਚ ਚੋਣ ਸਮਝੌਤੇ ਤਹਿਤ ਚੋਣਾਂ ਲੜੀਆਂ ਸਨ, ਕਿਉਂਕਿ ਅਕਾਲੀਆਂ ਦੀ ਪੇਂਡੂ ਵੋਟ 'ਤੇ ਪਕੜ ਮਜ਼ਬੂਤ ਹੈ ਅਤੇ ਭਾਜਪਾ ਦੀ ਸ਼ਹਿਰੀ ਵੋਟ 'ਤੇ ਟੇਕ ਹੈ, ਸਮਝੌਤੇ ਤਹਿਤ ਦੋਵਾਂ ਪਾਰਟੀਆਂ ਦਾ ਸਾਂਝਾ ਹਿੱਤ ਹੈ। 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੋਵੇਂ ਪਾਰਟੀਆਂ ਨੇ ਰਲ ਕੇ ਲੜੀਆਂ ਸਨ। ਉਦੋਂ ਅਕਾਲੀਆਂ ਦਾ ਵੋਟ ਪ੍ਰਤੀਸ਼ਤ 25.2 ਰਿਹਾ ਸੀ ਅਤੇ ਭਾਜਪਾ ਦਾ ਵੋਟ ਪ੍ਰਤੀਸ਼ਤ 5.4 ਸੀ। 2020 ਵਿੱਚ ਵੱਖੋ-ਵੱਖ ਹੋਣ ਤੋਂ ਬਾਅਦ ਜਦੋਂ 2022 ਦੀਆਂ ਵਿਧਾਨ ਸਭਾ ਚੋਣਾਂ ਦੋਨੋ ਪਾਰਟੀਆਂ ਨੇ ਅਲੱਗ-ਅਲੱਗ ਲੜੀਆਂ, ਉਦੋਂ ਅਕਾਲੀਆਂ ਅਤੇ ਭਾਜਪਾ ਦੀ ਵੋਟ ਫੀਸਦੀ ਕ੍ਰਮਵਾਰ 18.38 ਅਤੇ 6.60 ਰਹੀ। ਇਸ ਤਰ੍ਹਾਂ ਅਲੱਗ ਹੋ ਕੇ ਲੜਨ ਵੇਲੇ ਭਾਜਪਾ ਦੀ ਵੋਟ ਫੀਸਦੀ ਵਧੀ ਅਤੇ ਅਕਾਲੀਆਂ ਦੀ ਘਟੀ। ਅਜਿਹੇ ਨਤੀਜੇ ਭਾਜਪਾ ਨੂੰ ਇਕੱਲਿਆਂ ਮੈਦਾਨ 'ਚ ਉੱਤਰਨ ਲਈ ਉਤਸ਼ਾਹਿਤ ਕਰਦੇ ਹਨ।

ਦੋਨੋਂ ਹੀ ਪਾਰਟੀਆਂ ਅੰਦਰਖਾਤੇ ਇੱਕ-ਦੂਜੇ ਨਾਲ ਗੱਠਜੋੜ ਦੀ ਲੋੜ ਮਹਿਸੂਸ ਕਰਦੀਆਂ ਹਨ। ਜਲੰਧਰ ਲੋਕ ਸਭਾ ਲਈ ਹੋਈ ਉਪ ਚੋਣ ਨੇ ਦੋਵਾਂ ਪਾਰਟੀਆਂ ਨੂੰ ਏਕੇ ਲਈ ਸੋਚਣ ਵਾਸਤੇ ਮਜਬੂਰ ਕਰ ਦਿੱਤਾ ਹੈ। ਦੋਨੋਂ ਪਾਰਟੀਆਂ ਨੂੰ ਮਿਲੀਆਂ ਵੋਟਾਂ ਨੂੰ ਜੇਕਰ ਜੋੜ ਲਿਆ ਜਾਵੇ ਤਾਂ ਇਹ ਆਪ ਨਾਲੋਂ 9 ਕੁ ਹਜ਼ਾਰ ਵੋਟ ਪਿੱਛੇ ਰਹਿ ਜਾਂਦੀਆਂ ਹਨ। ਦੋਵੇਂ ਹੀ ਪਾਰਟੀਆਂ ਇਸ ਸਮੇਂ ਸੋਚ ਰਹੀਆਂ ਹਨ ਕਿ ਜੇਕਰ ਦੋਵੇਂ ਪਾਰਟੀਆਂ ਨੇ ਇਹ ਚੋਣ ਇਕੱਠਿਆਂ ਹੋ ਕੇ ਲੜੀ ਹੁੰਦੀ, ਤਾਂ ਸ਼ਾਇਦ ਜਲੰਧਰ ਦੀ ਸੀਟ ਆਪ ਵਾਲਿਆਂ ਨੂੰ ਨਾ ਜਾ ਕੇ ਐੱਨ ਡੀ ਏ ਦੀ ਝੋਲੀ ਪਈ ਹੁੰਦੀ।

ਦੋਵਾਂ ਹੀ ਪਾਰਟੀਆਂ ਦੀ ਸਿਖਰਲੀ ਲੀਡਰਸ਼ਿਪ ਬੇਸ਼ੱਕ ਫੂਕ- ਫੂਕ ਕੇ ਕਦਮ ਰੱਖ ਰਹੀ ਹੈ ਅਤੇ ਬੜੇ ਸਧੇ ਹੋਏ ਬਿਆਨ ਦਿੱਤੇ ਜਾ ਰਹੇ ਹਨ, ਪ੍ਰੰਤੂ ਹੇਠਲੇ ਪੱਧਰ ਦੇ ਕੁਝ ਨੇਤਾ ਹਲਕੇ ਪੱਧਰ ਦੀ ਬਿਆਨਬਾਜ਼ੀ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਜੇਕਰ ਭਾਜਪਾ ਦਾ ਕੋਈ ਨੇਤਾ ਕਿਸੇ ਵੀ ਹਾਲ ਅਕਾਲੀਆਂ ਨਾਲ ਸਮਝੌਤਾ ਨਾ ਕਰਨ ਦੀ ਗੱਲ ਕਰਦਾ ਹੈ ਤਾਂ ਅਕਾਲੀਆਂ ਵੱਲੋਂ ਵੀ ਝੱਟ ਬਿਆਨ ਆ ਜਾਂਦਾ ਹੈ ਕਿ ਸਾਡੀਆਂ ਕਿਹੜਾ ਸਮਝੌਤੇ ਲਈ ਬਾਹਾਂ ਆਕੜੀਆਂ ਜਾਂਦੀਆਂ ਨੇ। ਨਾਲ ਹੀ ਚੰਦੂਮਾਜਰਾ ਦਾ ਇਹ ਬਿਆਨ ਕਿ ਸਾਡੇ ਦਿਲਾਂ ਦੀ ਸਾਂਝ ਪਹਿਲਾਂ ਦੀ ਤਰ੍ਹਾਂ ਹੀ ਕਾਇਮ ਹੈ, ਕਿਸੇ ਹੋਰ ਪਾਸੇ ਇਸ਼ਾਰਾ ਕਰਦਾ ਹੈ। ਇਸੇ ਤਰ੍ਹਾਂ ਰਾਜਨਾਥ ਸਿੰਘ ਦੁਆਰਾ ਆਪਣੇ ਚੰਡੀਗੜ੍ਹ ਦੌਰੇ ਸਮੇਂ ਅਕਾਲੀਆਂ ਨਾਲ ਆਪਣੀ ਨੇੜਤਾ ਦਾ ਜ਼ਿਕਰ ਨਰਮ ਰੁੱਖ ਦਾ ਸੰਕੇਤ ਹੈ। ਵੱਡੇ ਬਾਦਲ ਸਾਹਿਬ ਦੇ ਭੋਗ 'ਤੇ ਭਾਜਪਾ ਦੀ ਸਿਖਰਲੀ ਲੀਡਰਸ਼ਿਪ ਦੀ ਸ਼ਮੂਲੀਅਤ ਵੀ ਮਿੱਤਰਤਾ ਦੀ ਸਲਾਮਤੀ ਦੀ ਗਵਾਹੀ ਭਰਦੀ ਹੈ। ਐੱਨ ਡੀ ਏ ਤੋਂ ਬਾਅਦ ਵੀ ਰਾਸ਼ਟਰਪਤੀ ਦੀ ਚੋਣ ਵੇਲੇ ਅਕਾਲੀ-ਭਾਜਪਾ ਨਾਲ ਖੜ੍ਹੇ। ਪਿਛਲੇ ਮਹੀਨੇ ਵਿਰੋਧੀ ਧਿਰਾਂ ਦੀ ਪਟਨਾ ਵਿਖੇ ਹੋਈ ਮੀਟਿੰਗ ਅਤੇ 17 -18 ਜੁਲਾਈ ਨੂੰ ਹੋ ਹੋਈ ਬੈਂਗਲੁਰੂ ਮੀਟਿੰਗ ਤੋਂ ਕਿਨਾਰਾ ਕਰਕੇ ਅਕਾਲੀਆਂ ਨੇ ਭਾਜਪਾ ਨਾਲ ਸਮਝੌਤੇ ਦੇ ਦੁਆਰ ਖੁੱਲ੍ਹੇ ਰੱਖੇ ਹੋਏ ਹਨ। ਦਿੱਲੀ ਸਰਕਾਰ ਦੇ ਅਧਿਕਾਰਾਂ ਪ੍ਰਤੀ ਕੇਂਦਰ ਸਰਕਾਰ ਦੁਆਰਾ ਲਿਆਂਦੇ ਅਧਿਆਦੇਸ਼ ਦੇ ਖਿਲਾਫ ਆਮ ਆਦਮੀ ਪਾਰਟੀ ਦੁਆਰਾ ਛੇੜੇ ਗਏ ਦੇਸ਼-ਵਿਆਪੀ ਅੰਦੋਲਨ ਦਾ ਹਿੱਸਾ ਨਾ ਬਣ ਕੇ ਵੀ ਅਕਾਲੀਆਂ ਨੇ ਆਪਣਾ ਰੁਖ ਸਾਫ ਕਰ ਦਿੱਤਾ ਹੈ। ਐਨ ਡੀ ਏ ਦੁਆਰਾ ਆਪਣੇ ਭਾਈਵਾਲਾਂ ਅਤੇ ਹਮਦਰਦ ਪਾਰਟੀਆਂ ਦੀ ਜੋ ਮੀਟਿੰਗ 18 ਜੁਲਾਈ ਨੂੰ 2024 ਦੀਆਂ ਲੋਕ ਸਭਾ ਚੋਣਾਂ ਦੇ ਸੰਬੰਧ ਵਿੱਚ ਬੁਲਾਈ ਗਈ, ਅਕਾਲੀਆਂ ਨੂੰ ਉਸ ਮੀਟਿੰਗ ਵਿੱਚ ਬੁਲਾਏ ਜਾਣ ਦੇ ਪੂਰੇ-ਪੂਰੇ ਆਸਾਰ ਸਨ, ਪ੍ਰੰਤੂ ਐੱਨ ਡੀ ਏ ਦੀ ਇਸ ਮੀਟਿੰਗ ਲਈ ਅਕਾਲੀਆਂ ਨੂੰ ਸੱਦਾ ਪੱਤਰ ਹੀ ਨਹੀਂ ਭੇਜਿਆ ਗਿਆ। ਇੱਕ ਤਰ੍ਹਾਂ ਨਾਲ ਅਕਾਲੀ-ਐੱਨ ਡੀ ਏ ਅਤੇ ਵਿਰੋਧੀਆਂ ਦੇ ਗੱਠਜੋੜ, ਦੋਵਾਂ ਤੋਂ ਹੀ ਅਲੱਗ-ਥਲੱਗ ਪੈਂਦੇ ਦਿਖਾਈ ਦਿੰਦੇ ਹਨ।

ਦੂਜੇ ਵੰਨੇ, ਯੂਨੀਫਾਰਮ ਸਿਵਲ ਕੋਡ (ਯੂ ਸੀ ਸੀ) ਦੇ ਮੁੱਦੇ ਉੱਤੇ ਦੋਨੋਂ ਪਾਰਟੀਆਂ ਦੀ ਵਿਚਾਰਧਾਰਾ ਮੇਲ ਨਹੀਂ ਖਾਂਦੀ। ਜਿੱਥੇ ਭਾਜਪਾ ਨੇ ਯੂ ਸੀ ਸੀ ਦੀ ਬਦੌਲਤ ਹਿੰਦੂ ਬਹੁਗਿਣਤੀ ਵੋਟ 'ਤੇ ਆਪਣੀ ਅੱਖ ਟਿਕਾਈ ਹੋਈ ਹੈ, ਉਥੇ ਹੀ ਸ਼੍ਰੋਮਣੀ ਅਕਾਲੀ ਦਲ ਯੂ ਸੀ ਸੀ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਸਿੱਧੀ ਦਾਖਲ-ਅੰਦਾਜ਼ੀ ਕਰਾਰ ਦਿੰਦਾ ਹੈ। ਐੱਸ ਜੀ ਪੀ ਸੀ ਇਸ ਸੰਬੰਧ ਵਿੱਚ ਪਹਿਲਾਂ ਹੀ ਆਪਣਾ ਰੁਖ ਸਾਫ ਕਰ ਚੁੱਕੀ ਹੈ।

ਇਸੇ ਤਰ੍ਹਾਂ ਹੀ ਭਾਜਪਾ ਦੁਆਰਾ ਕਾਂਗਰਸ 'ਚੋਂ ਆਏ ਸੁਨੀਲ ਜਾਖੜ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਾਇਆ ਜਾਣਾ ਕੀ ਅਕਾਲੀਆਂ ਨੂੰ ਸੌਖਿਆਂ ਹੀ ਹਜ਼ਮ ਆਏਗਾ? ਭਾਜਪਾ ਨੇ ਤਾਂ ਜਾਖੜ ਸਾਹਿਬ ਦੀ ਜਾਟਾਂ, ਜੱਟਾਂ ਅਤੇ ਹਿੰਦੂਆਂ ਵਿੱਚ ਬਰਾਬਰ ਦੀ ਮਕਬੂਲੀਅਤ ਨੂੰ ਮੱਦੇਨਜ਼ਰ ਰੱਖਦਿਆਂ ਪ੍ਰਧਾਨ ਬਣਾਇਆ ਹੈ ਪ੍ਰੰਤੂ ਕੱਲ੍ਹ ਤੱਕ ਸੁਖਬੀਰ ਬਾਦਲ ਅਤੇ ਜਾਖੜ, ਜੋ ਕਿ ਪਾਣੀ ਪੀ -ਪੀ ਇੱਕ-ਦੂਜੇ ਨੂੰ ਕੋਸਦੇ ਰਹੇ ਹਨ, ਕੀ ਸਮਝੌਤਾ ਹੋ ਜਾਣ ਦੀ ਸੂਰਤ ਵਿੱਚ ਉਹ ਰਲ ਕੇ ਬੈਠ ਸਕਣਗੇ ਅਤੇ ਸੀਟਾਂ ਦੇ ਲੈਣ-ਦੇਣ 'ਤੇ ਸਮਝੌਤਾ ਸੌਖਿਆਂ ਨੇਪਰੇ ਚੜ੍ਹ ਸਕੇਗਾ?

ਕੇਂਦਰ ਦੀ ਸਰਕਾਰ ਵਿੱਚ ਅਕਾਲੀਆਂ ਦੀ ਭਾਈਵਾਲੀ ਵੇਲੇ ਲਿਆਂਦੇ ਤਿੰਨ ਖੇਤੀ ਕਾਨੂੰਨ ਇੱਕ ਵਾਰ ਫਿਰ ਤੋਂ ਗੱਠਜੋੜ ਦੇ ਆੜੇ ਆਉਂਦੇ ਦਿਖਾਈ ਦਿੰਦੇ ਹਨ। ਅਕਾਲੀਆਂ ਨੇ ਪਹਿਲਾਂ ਤਿੰਨੇ ਕਾਨੂੰਨਾਂ ਦੇ ਢੇਰ ਸਾਰੇ ਫਾਇਦੇ ਗਿਣਾਉਂਦਿਆਂ ਕਾਨੂੰਨਾਂ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਪੈਰਾਂ ਥੱਲਿਓਂ ਕਿਸਾਨੀ ਵੋਟ, ਜਿਸ ਉੱਪਰ ਇਸ ਪਾਰਟੀ ਦੀ ਜ਼ਿਆਦਾ ਨਿਰਭਰਤਾ ਹੈ, ਖਿਸਕਦੀ ਦੇਖ ਯੂ ਟਰਨ ਮਾਰਿਆ ਅਤੇ ਐਨ ਡੀ ਏ ਨਾਲੋਂ ਨਾਤਾ ਤੋੜ ਲਿਆ। ਇਸ ਤਰ੍ਹਾਂ ਦੇ ਵਿਹਾਰ ਕਾਰਨ ਅਕਾਲੀਆਂ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ। ਅੱਜ ਵੀ ਪੰਜਾਬ ਦੀ ਕਿਸਾਨੀ ਭਾਜਪਾ ਨੂੰ ਕਿਸਾਨ ਵਿਰੋਧੀ ਸਮਝਦੀ ਹੈ। ਅਜਿਹੇ ਵਿੱਚ ਪੰਜਾਬ ਦੀ ਕਿਸਾਨੀ ਵੋਟ ਅਕਾਲੀਆਂ ਹੱਥੋਂ ਤਿਲਕ ਸਕਦੀ ਹੈ। ਐਨ ਡੀ ਏ ਦਾ ਹਿੱਸਾ ਬਣਨ ਵੇਲੇ ਅਕਾਲੀਆਂ ਨੂੰ ਇਸ ਗੱਲ 'ਤੇ ਵੀ ਵਿਚਾਰ ਕਰਨਾ ਪਵੇਗਾ।

ਅੱਜ ਦੀ ਘੜੀ ਅਕਾਲੀਆਂ ਦਾ ਬਸਪਾ ਨਾਲ ਚੋਣ ਗਠਜੋੜ ਹੈ ਅਤੇ ਇਸ ਗਠਜੋੜ ਵਿੱਚ ਕੋਈ ਤਰੇੜ ਵੀ ਨਜ਼ਰ ਨਹੀਂ ਆਉਂਦੀ। ਦੂਜੇ ਪਾਸੇ ਜਾਖੜ ਸਾਹਿਬ ਦੇ ਭਾਜਪਾ ਪ੍ਰਧਾਨ ਬਣਦਿਆਂ ਹੀ ਬਸਪਾ ਨੇ ਉਹਨਾ ਦੇ ਕਿਸੇ ਪੁਰਾਣੇ ਬਿਆਨ ਦਾ ਜ਼ਿਕਰ ਕਰਦਿਆਂ ਜਾਖੜ ਸਾਹਿਬ ਦੀ ਪ੍ਰਧਾਨਗੀ 'ਤੇ ਆਪਣੀ ਨਾਰਾਜ਼ਗੀ ਦਰਸਾਈ ਹੈ। ਹੁਣ ਜੇਕਰ ਅਕਾਲੀ ਅਤੇ ਭਾਜਪਾ ਦਾ ਚੋਣ ਸਮਝੌਤਾ ਹੁੰਦਾ ਹੈ ਤਾਂ ਉਸ ਦਾ ਸੇਕਾ ਅਕਾਲੀ ਅਤੇ ਭਾਜਪਾ ਗਠਜੋੜ ਨੂੰ ਵੀ ਲੱਗੇਗਾ। ਬਸਪਾ ਇਸ ਸਮਝੌਤੇ ਦਾ ਹਿੱਸਾ ਤਾਂ ਹੀ ਬਣੇਗੀ, ਜੇਕਰ ਇਸ ਦੀ ਕੇਂਦਰੀ ਲੀਡਰਸ਼ਿਪ ਦੇਸ਼ ਪੱਧਰ 'ਤੇ ਐਨ ਡੀ ਏ ਦਾ ਅੰਗ ਬਣ ਕੇ ਚੋਣ ਲੜੇਗੀ।

ਉਪਰੋਕਤ ਵਿਚਾਰ ਚਰਚਾ ਦਰਸਾਉਂਦੀ ਹੈ ਕਿ ਕਈ ਤੱਥ ਹਨ, ਜਿਨ੍ਹਾਂ ਤੋਂ ਦੋਵੇਂ ਪਾਰਟੀਆਂ ਦੇ ਇਕੱਠੇ ਹੋ ਕੇ 2024 ਦੀਆਂ ਲੋਕ ਸਭਾ ਚੋਣਾਂ ਲੜਨ ਦੀਆਂ ਸੰਭਾਵਨਾਵਾਂ ਬਣ ਸਕਦੀਆਂ ਹਨ। ਉਸੇ ਸਮੇਂ ਦੋਵੇਂ ਪਾਰਟੀਆਂ ਦੇ ਨਿੱਜੀ ਹਿੱਤ ਅਤੇ ਲੀਡਰਾਂ ਦੀ ਹਉਮੈ ਦੇ ਨਾਲ-ਨਾਲ ਇੱਕ-ਦੋ ਕਾਰਨ ਹੋਰ ਵੀ ਸਮਝੌਤੇ ਦੇ ਆੜੇ ਆ ਸਕਦੇ ਹਨ। ਜੇਕਰ ਦੋਨੋਂ ਪਾਰਟੀਆਂ ਇਕੱਠੀਆਂ ਕਿਸੇ ਸਮਝੌਤੇ ਤਹਿਤ ਇਹ ਚੋਣਾਂ ਲੜਦੀਆਂ ਹਨ ਤਾਂ ਦੋਵੇਂ ਧਿਰਾਂ ਦਾ ਫਾਇਦਾ ਹੈ ਅਤੇ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਕੋਈ ਤੀਜੀ ਧਿਰ ਬਾਜ਼ੀ ਮਾਰ ਸਕਦੀ ਹੈ, ਬਲਕਿ ਹੁਣ ਤਾਂ ਕਾਂਗਰਸ ਅਤੇ ਆਪ ਦੇ ਵੀ ਨੇੜੇ ਆਉਣ ਦੇ ਚਾਂਸ ਬਣਨ ਲੱਗੇ ਹਨ। ਸਭ ਕੁਝ ਦੇ ਬਾਵਜੂਦ ਇੱਕ ਗੱਲ ਜਿਹੜੀ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ, ਉਹ ਇਹ ਕਿ ਦੋਵੇਂ ਹੀ ਸੂਰਤਾਂ ਵਿੱਚ 2024 ਦੇ ਚੋਣ ਨਤੀਜਿਆਂ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵਰਤਮਾਨ ਵਿਰੋਧੀ ਧਿਰਾਂ ਨਾਲ ਨਹੀਂ ਜਾਏਗਾ, ਸਗੋਂ ਐਨ ਡੀ ਏ ਦੇ ਜਿੱਤ ਜਾਣ ਦੀ ਸੂਰਤ ਵਿੱਚ ਸਰਕਾਰ ਦਾ ਹਿੱਸਾ ਬਣੇਗਾ। ਵੈਸੇ ਤਾਂ ਜੰਗ ਅਤੇ ਪਿਆਰ ਦੀ ਤਰ੍ਹਾਂ ਹੀ ਭਾਰਤੀ ਰਾਜਨੀਤੀ ਵਿੱਚ ਵੀ ਸਭ ਕੁਝ ਜਾਇਜ਼ ਹੀ ਹੁੰਦਾ ਹੈ।

*# ਸੰਪਰਕ : 98727-87243*

21-JULY-PAGE-5.qxd 7/20/2023 10:21 PM Page 1



### ਮਾਮਲਾ 'ਆਪ' ਦੇ ਵਰਕਰਾਂ ਵੱਲੋਂ ਕੀਤੀ ਗੁੰਡਾਗਰਦੀ ਦਾ

# ਸੰਵਿਧਾਨਕ ਹੱਕਾਂ 'ਤੇ ਡਾਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਕੋਕਰੀ

### ਜਥੇਬੰਦੀਆਂ ਦੇ ਸੂਬਾਈ ਆਗੂਆਂ ਵੱਲੋਂ ਡੀ ਸੀ ਤੋਂ ਕਾਰਵਾਈ ਦੀ ਮੰਗ

**ਮੋਗਾ (ਅਮਰਜੀਤ ਬੱਬਰੀ)**-ਬੀਤੀ 15 ਜੁਲਾਈ ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਖੋਸਾ ਪਾਂਡੋ, ਖੁਖਰਾਣਾ ਤੇ ਮੋਗਾ ਸ਼ਹਿਰ ਵਿੱਚ ਜਬਰ ਵਿਰੋਧੀ ਲੋਕ ਸੰਘਰਸ਼ ਕਮੇਟੀ ਮੋਗਾ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਮੋਗਾ ਦੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੇ ਪੁਤਲਾ ਫੂਕ ਪ੍ਰਦਰਸ਼ਨ ਦੌਰਾਨ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਨਸ਼ੇ 'ਚ ਟੁੰਨ ਹੋ ਕੇ ਅਤੇ ਮੂੰਹ ਬੰਨ੍ਹ ਕੇ ਸੰਘਰਸ਼ ਕਮੇਟੀ ਦੇ ਆਗੂਆਂ ਤੇ ਪ੍ਰਦਰਸ਼ਨਕਾਰੀਆਂ ਦੇ ਗਲ ਪੈਣ, ਧੱਕਾ-ਮੁੱਕੀ ਕਰਨ, ਡੱਕ ਕੇ ਰੱਖਣ ਅਤੇ ਸੰਵਿਧਾਨਕ ਹੱਕਾਂ ਦੇ ਕੀਤੇ ਗਏ ਘਾਣ ਦਾ ਮਸਲਾ ਪੰਜਾਬ ਪੱਧਰ 'ਤੇ ਤੂਲ ਫੜਦਾ ਜਾ ਰਿਹਾ ਹੈ ਤੇ ਸੰਘਰਸਸ਼ੀਲ ਜਥੇਬੰਦੀਆਂ ਵੱਲੋਂ ਇਸ ਦਾ ਮੂੰਹ ਤੋੜਵਾਂ ਜਵਾਬ ਦੇਣ ਲਈ 21 ਜੁਲਾਈ ਨੂੰ ਡੀ ਸੀ ਦਫਤਰ ਮੋਗਾ ਅੱਗੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਨੂੰ ਇਤਿਹਾਸਕ ਬਣਾਉਣ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਹਨ।

ਆਮ ਆਦਮੀ ਪਾਰਟੀ ਦੀ ਵਿਧਾਇਕਾ ਅਮਨਦੀਪ ਕੌਰ ਅਰੋੜਾ ਦੁਆਰਾ ਭਾੜੇ ਦੇ ਗੁੰਡੇ ਭੇਜ ਕੇ ਕਰਵਾਈ ਗਈ ਗੁੰਡਾਗਰਦੀ ਨੂੰ ਗੰਭੀਰ ਮਸਲਾ ਸਮਝਦਿਆਂ ਅੱਜ ਸੰਘਰਸ਼ ਕਮੇਟੀ ਵਿੱਚ ਸ਼ਾਮਲ ਜਥੇਬੰਦੀਆਂ ਦੀਆਂ ਸੂਬਾਈ ਕਮੇਟੀਆਂ ਦੇ ਆਗੂਆਂ ਦਾ ਇੱਕ 17 ਮੈਂਬਰੀ ਵਫਦ ਸੁਖਦੇਵ ਸਿੰਘ ਕੋਕਰੀ ਕਲਾਂ, ਰਾਜਿੰਦਰ ਸਿੰਘ ਦੀਪ ਸਿੰਘ ਵਾਲਾ, ਕਸ਼ਮੀਰ ਘੁੱਗਸ਼ੋਰ, ਕਾਮਰੇਡ ਸੂਰਤ ਸਿੰਘ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਮੋਗਾ ਸ੍ਰ. ਕੁਲਵੰਤ ਸਿੰਘ ਨੂੰ ਮਿਲਿਆ ਤੇ ਇਸ ਘਟਨਾ 'ਤੇ ਸਖ਼ਤ ਇਤਰਾਜ਼ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਇਸ ਦੀ ਲਿਖਤੀ ਸ਼ਿਕਾਇਤ ਸੌਂਪਦਿਆਂ ਮੁਲਜ਼ਮਾਂ ਖਿਲਾਫ ਬਣਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਨ ਦੀ ਮੰਗ ਕੀਤੀ। ਡਿਪਟੀ ਕਮਿਸ਼ਨਰ ਮੋਗਾ ਨੇ ਵਫਦ ਨੂੰ ਕਨੂੰਨੀ ਹੱਕਰਸੀ ਦਾ ਭਰੋਸਾ ਦਿੱਤਾ।

ਇਸ ਮੌਕੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਸਕੱਤਰ ਸੁਖਦੇਵ ਸਿੰਘ ਕੋਕਰੀ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਕਾਮਰੇਡ ਸੂਰਤ ਸਿੰਘ ਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਕਸ਼ਮੀਰ ਘੁੱਗਸ਼ੋਰ ਨੇ ਕਿਹਾ ਕਿ ਅਸੀਂ ਪ੍ਰਧਾਨ ਮੰਤਰੀ ਦੇ ਵੀ ਪੁਤਲੇ ਫੂਕਦੇ ਹਾਂ, ਪਰ ਅੱਜ ਤੱਕ ਕਦੇ ਵੀ ਕਿਸੇ ਰਾਜਨੀਤਕ ਪਾਰਟੀ ਨੇ ਪੁਤਲਾ ਫੂਕ ਪ੍ਰਦਰਸ਼ਨ ਵਿੱਚ ਇਸ ਤਰ੍ਹਾਂ ਦੀ ਹੁੱਲੜਬਾਜ਼ੀ ਨਹੀਂ ਕੀਤੀ, ਪਰ ਅੰਦੋਲਨ ਵਿੱਚੋਂ ਨਿਕਲਣ ਵਾਲੀ ਪਾਰਟੀ ਵੱਲੋਂ ਅਜਿਹੇ ਵਰਤਾਰੇ ਨੂੰ ਬਰਦਾਸ਼ਤ ਨਾ ਕਰ ਪਾਉਣਾ ਇਨ੍ਹਾਂ ਦੀ ਯੋਗਤਾ ਤੇ ਸਮਝ 'ਤੇ ਵੱਡੇ ਸਵਾਲ ਖੜੇ ਕਰਦਾ ਹੈ, ਜਿਨ੍ਹਾਂ ਦੇ ਜਵਾਬ ਹਰ ਉਸ ਆਮ ਸ਼ਹਿਰੀ ਨੂੰ ਪਤਾ ਹੋਣੇ ਜ਼ਰੂਰੀ ਹਨ, ਜੋ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੈ। ਉਨ੍ਹਾਂ ਮੋਗਾ ਜ਼ਿਲ੍ਹੇ ਨਾਲ ਸਬੰਧਤ ਸਮੂਹ ਮੁਲਾਜ਼ਮ, ਮਜ਼ਦੂਰ, ਕਿਸਾਨ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਨੂੰ ਇਸ ਜਬਰ ਵਿਰੁੱਧ ਡੱਟ ਕੇ ਖੜੇ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਆਪਣੇ ਸੰਵਿਧਾਨਕ ਹੱਕਾਂ 'ਤੇ ਪਹਿਰਾ ਦੇਣ ਦਾ ਵਕਤ ਹੈ, ਜੇ ਅਸੀਂ ਨਾ ਉਠੇ ਤਾਂ ਇਹ ਲੋਕ ਸਾਨੂੰ ਘਰਾਂ ਵਿੱਚ ਵੀ ਚੈਨ ਨਾਲ ਜੀਣ ਨਹੀਂ ਦੇਣਗੇ। ਇਸ ਲਈ 21 ਜੁਲਾਈ ਨੂੰ ਵਹੀਰਾਂ ਘੱਤ ਕੇ ਵੱਡੀ ਗਿਣਤੀ 'ਚ ਡੀ ਸੀ ਦਫਤਰ ਮੋਗਾ ਪਹੁੰਚੋ ਤੇ ਇਸ ਸਰਕਾਰ ਨੂੰ ਕਰਾਰਾ ਜਵਾਬ ਦਿਓ।


ਜਥੇਬੰਦੀਆਂ ਦੇ ਸੂਬਾਈ ਆਗੂ ਡੀ ਸੀ ਮੋਗਾ ਨੂੰ ਮਿਲਣ ਉਪਰੰਤ ਮੀਡੀਆ ਨਾਲ ਗੱਲਬਾਤ ਕਰਦੇ ਹੋਏ। (ਫੋਟੋ ਭੁਪਿੰਦਰ ਸਿੰਘ)

ਇਸ ਮੌਕੇ ਉਕਤ ਤੋਂ ਇਲਾਵਾ ਜਬਰ ਵਿਰੋਧੀ ਲੋਕ ਸੰਘਰਸ਼ ਕਮੇਟੀ ਮੋਗਾ ਦੇ ਕਨਵੀਨਰ ਡਾ. ਇੰਦਰਵੀਰ ਗਿੱਲ ਤੇ ਕਰਮਜੀਤ ਮਾਣੂੰਕੇ, ਕੋ-ਕਨਵੀਨਰ ਬਲੌਰ ਸਿੰਘ ਘੱਲਕਲਾਂ, ਮਾ. ਪ੍ਰੇਮ ਕੁਮਾਰ, ਤਾਲਮੇਲ ਕਮੇਟੀ ਪੈਰਾਮੈਡੀਕਲ ਤੇ ਸਿਹਤ ਕਰਮਚਾਰੀ ਪੰਜਾਬ ਦੇ ਚੇਅਰਮੈਨ ਕੁਲਬੀਰ ਸਿੰਘ ਢਿੱਲੋਂ, ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਸੂਬਾਈ ਆਗੂ ਰਾਜਿੰਦਰ ਸਿੰਘ, ਨਰੇਗਾ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਕੁਲਦੀਪ ਸਿੰਘ ਭੋਲਾ ਤੇ ਜਗਸੀਰ ਖੋਸਾ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ, ਨੌਜਵਾਨ ਭਾਰਤ ਸਭਾ ਦੇ ਜ਼ਿਲ੍ਹਾ ਆਗੂ ਰਾਜਿੰਦਰ ਰਾਜੇਆਣਾ, ਜਗਸੀਰ ਖੋਸਾ, ਐਪਸੋ ਪੰਜਾਬ ਦੇ ਆਗੂ ਸਵਰਨ ਖੋਸਾ, ਡੀ ਟੀ ਐੱਫ ਆਗੂ ਕ੍ਰਿਸ਼ਨ ਪ੍ਰਤਾਪ, ਪੈਨਸ਼ਨਰ ਆਗੂ ਅਮਰਜੀਤ ਸਿੰਘ ਆਦਿ ਹਾਜ਼ਰ ਸਨ।

# ਕਾਮਰੇਡ ਜਗਤਾਰ ਸਿੰਘ ਜੌਹਲ ਦਾ ਦੇਹਾਂਤ

**ਜਲੰਧਰ (ਨ ਜ਼ ਸ)**-ਆਜ਼ਾਦੀ ਘੁਲਾਟੀਏ ਭਾਈ ਜੋਗਿੰਦਰ ਸਿੰਘ ਦੇ ਭਤੀਜੇ, ਭਾਰਤੀ ਕਮਿਊਨਿਸਟ ਪਾਰਟੀ ਦੇ ਸੀਨੀਅਰ ਮੈਂਬਰ ਤੇ ਅਦਾਰਾ 'ਨਵਾਂ ਜ਼ਮਾਨਾ' ਦੇ ਪੱਤਰਕਾਰ ਰਹੇ ਕਾਮਰੇਡ ਜਗਤਾਰ ਸਿੰਘ ਜੌਹਲ ਦਾ ਬੀਤੀ 17 ਜੁਲਾਈ ਨੂੰ ਦੇਹਾਂਤ ਹੋ ਗਿਆ ਸੀ, ਜਿਨ੍ਹਾਂ ਦਾ ਬੁੱਧਵਾਰ 19 ਜੁਲਾਈ ਨੂੰ ਉਨ੍ਹਾਂ ਦੇ ਜੱਦੀ ਪਿੰਡ ਜੰਡਿਆਲਾ ਮੰਜਕੀ ਵਿਖੇ ਅੰਤਿਮ ਸੰਸਕਾਰ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਭਤੀਜੇ ਮਨਵੀਰ ਸਿੰਘ ਜੌਹਲ ਅਤੇ ਬੇਟੀਆਂ ਮਵਨੀਤ ਕੌਰ ਤੇ ਮਨਜੋਤ ਕੌਰ ਨੇ ਉਨ੍ਹਾ ਦੀ ਮ੍ਰਿਤਕ ਦੇਹ ਨੂੰ ਅਗਨੀ ਭੇਟਾ ਕੀਤੀ। ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਚੱਲੇ ਆ ਰਹੇ ਸਨ। ਉਨ੍ਹਾ ਦੇ ਅੰਤਿਮ ਸੰਸਕਾਰ ਮੌਕੇ ਜਿੱਥੇ ਵੱਡੀ ਗਿਣਤੀ ਇਲਾਕਾ ਵਾਸੀਆਂ, ਰਿਸ਼ਤੇਦਾਰਾਂ ਤੇ ਵੱਖ ਵੱਖ ਸਿਆਸੀ ਜਥੇਬੰਦੀਆਂ ਦੇ ਆਗੂ ਸ਼ਾਮਲ ਹੋਏ, ਉਥੇ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਰਛਪਾਲ ਕੈਲੇ, ਕਾਮਰੇਡ ਤਰਸੇਮ ਸਿੰਘ, ਕਾਮਰੇਡ ਚਰਨਜੀਤ ਥੰਮੂਵਾਲ, ਕਾਮਰੇਡ ਰਜਿੰਦਰ ਸਿੰਘ ਮੌਜੀ, ਕਾਮਰੇਡ ਸਿਕੰਦਰ ਸੰਧੂ, ਕਾਮਰੇਡ ਬੀਰ ਕੁਮਾਰ, ਕਾਮਰੇਡ ਪਰਮਜੀਤ ਸਿੰਘ ਸਮਰਾਏ, ਕਾਮਰੇਡ ਜਗੀਰ ਮੁਆਈ ਤੇ ਕਾਮਰੇਡ ਜਸਵਿੰਦਰ ਸਿੰਘ ਜੰਡਿਆਲਾ ਨੇ ਕਾਮਰੇਡ ਜਗਤਾਰ ਜੌਹਲ ਦੀ ਮ੍ਰਿਤਕ ਦੇਹ 'ਤੇ ਪਾਰਟੀ ਦਾ ਝੰਡਾ ਪਾ ਕੇ ਉਨ੍ਹਾ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਆਰ ਐੱਮ ਪੀ ਆਈ ਦੇ ਆਗੂ ਕਾਮਰੇਡ ਮੰਗਤ ਰਾਮ ਪਾਸਲਾ, ਕਾਮਰੇਡ ਮੱਖਣ ਪੱਲ੍ਹਣ (ਸਰਪੰਚ ਜੰਡਿਆਲਾ ਮੰਜਕੀ), ਸੀ ਪੀ ਆਈ ਐੱਮ ਦੇ ਵਿਜੇ ਕੁਮਾਰ ਧਰਨੀ, ਸੁਖਪ੍ਰੀਤ ਸਿੰਘ ਜੌਹਲ, ਗੁਰਬਿੰਦਰ ਸਿੰਘ ਗੋਗੀ ਤੋਂ ਇਲਾਵਾ ਸਤਨਾਮ ਚਾਨਾ, ਨਵਜੀਤ ਸਿੰਘ ਜੌਹਲ, ਡਾ. ਲਖਵਿੰਦਰ ਸਿੰਘ ਜੌਹਲ, ਉਮਿੰਦਰ ਸਿੰਘ ਜੌਹਲ, ਦੰਦਾਂ ਦੇ ਮਾਹਰ ਡਾਕਟਰ ਦੁੱਗਲ, ਪੱਤਰਕਾਰ ਤਰਸੇਮ ਬੱਧਨ, ਸਤਿੰਦਰ ਬਜੂਹਾ, ਰੋਸ਼ਨ ਲਾਲ ਤੇ ਹੋਰਨਾਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਅਦਾਰਾ 'ਨਵਾਂ ਜ਼ਮਾਨਾ' ਵੱਲੋਂ ਵੀ ਉਨ੍ਹਾਂ ਦੇ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਕਾਮਰੇਡ ਜਗਤਾਰ ਸਿੰਘ ਜੌਹਲ ਦੀ ਯਾਦ ਵਿੱਚ ਸ਼ੋਕ ਸਭਾ ਤੇ ਸ਼ਰਧਾਂਜਲੀ ਸਮਾਗਮ 23 ਜੁਲਾਈ ਦਿਨ ਐਤਵਾਰ ਨੂੰ ਉਨ੍ਹਾਂ ਦੇ ਘਰ ਨੂਰਮਹਿਲ ਰੋਡ, ਨੇੜੇ ਗੁਰਦਵਾਰਾ ਦੇਹਰਾ ਸਾਹਿਬ ਜੰਡਿਆਲਾ ਮੰਜਕੀ ਭੰਗਾਲਾ ਵਿਖੇ ਦੁਪਹਿਰ 12.00 ਵਜੇ ਤੋਂ 2.00 ਤੱਕ ਹੋਵੇਗਾ।



## ਕਾਤਰਾਂ

### ਅਲਾਸਕਨ ਦੀ ਵਿਦਿਆਰਥਣ ਹੁਸਨਪ੍ਰੀਤ ਕੌਰ ਨੇ 6.5 ਬੈਂਡ ਪ੍ਰਾਪਤ ਕੀਤੇ



**ਜਗਰਾਓਂ, (ਸੰਜੀਵ ਅਰੋੜਾ)**-ਅਲਾਸਕਨ ਐਜੂਕੇਸ਼ਨ ਆਈਲਟਸ ਜਗਰਾਉਂ ਬ੍ਰਾਂਚ ਦੀ ਵਿਦਿਆਰਥਣ ਨੇ ਸੰਸਥਾ ਦੇ ਪਹਿਲੇ ਨਤੀਜਿਆਂ ਦੀ ਤਰ੍ਹਾਂ ਸ਼ਾਨ ਬਹਾਲ ਰੱਖਦਿਆਂ ਆਈਲਟਸ ਵਿੱਚ ਓਵਰ ਆਲ 6.5 ਬੈਂਡ ਪ੍ਰਾਪਤ ਕੀਤੇ। ਹੁਸਨਪ੍ਰੀਤ ਕੌਰ ਨੇ ਵੱਖ-ਵੱਖ ਮਡਿਊਲਜ਼, ਜਿਸ ਵਿੱਚ ਲਿਸਨਿੰਗ 'ਚ 8, ਰੀਡਿੰਗ 'ਚ 6.5, ਰਾਈਟਿੰਗ 'ਚ 6 ਤੇ ਸਪੀਕਿੰਗ 'ਚ 6 ਬੈਂਡ ਪ੍ਰਾਪਤ ਕੀਤੇ। ਇਸ ਉਪਰ ਸੰਸਥਾ ਦੇ ਡਾਇਰੈਕਟਰ ਜਾਰਡਨ ਸਿੰਘ ਨੇ ਹੁਸਨਪ੍ਰੀਤ ਕੌਰ ਨੂੰ ਵਧਾਈ ਦਿੰਦਿਆ ਟੀ.ਆਰ.ਐੱਫ. ਦਿੱਤਾ ਤੇ ਨਤੀਜੇ ਉਪਰ ਖੁਸ਼ੀ ਜ਼ਾਹਰ ਕੀਤੀ। ਅਲਾਸਕਨ ਐਜੂਕੇਸ਼ਨ ਦੀ ਬ੍ਰਾਂਚ ਕੋਆਰਡੀਨੇਟਰ ਮੈਡਮ ਗੁਰਵੀਰ ਕੌਰ ਸਿੱਧੂ ਨੇ ਦੱਸਿਆ ਕਿ ਅਲਾਸਕਨ ਐਜੂਕੇਸ਼ਨ ਬਹੁਤ ਹੀ ਕਿਫਾਇਤੀ ਫੀਸਾਂ ਵਿੱਚ ਵਧੀਆ ਟ੍ਰੇਨਿੰਗ ਤੇ ਸਿੱਖਿਆ ਦੇ ਰਿਹਾ ਹੈ। ਲੋੜਵੰਦ ਤੇ ਅੰਗਰੇਜ਼ੀ ਵਿੱਚ ਕਮਜ਼ੋਰ ਵਿਦਿਆਰਥੀਆਂ ਨੂੰ ਵੱਖਰੀਆਂ ਐਕਸਟਰਾ ਕਲਾਸਾਂ ਤੇ ਗਰਾਮਰ ਕਲਾਸਾਂ ਫ੍ਰੀ ਦਿੱਤੀਆਂ ਜਾ ਰਹੀਆਂ ਹਨ ਤਾਂ ਕਿ ਬੱਚੇ ਵੱਧ ਤੋਂ ਵੱਧ ਲਾਭ ਪ੍ਰਾਪਤ ਕਰ ਸਕਣ। ਇਸ ਦੌਰਾਨ ਪੈਟਰਨ ਬੇਅੰਤ ਬਾਵਾ ਤੇ ਜਸਪਾਲ ਸਿੰਘ ਕਲਸੀ ਨੇ ਸਟਾਫ ਤੇ ਬੱਚਿਆਂ ਦੀ ਸ਼ਲਾਘਾ ਕਰਦਿਆਂ ਨਤੀਜੇ ਉਪਰ ਵਧਾਈ ਦਿੱਤੀ।

### ਸ਼ੂਗਰ ਸੰਬੰਧੀ ਮੁਫਤ ਜਾਂਚ ਕੈਂਪ 27 ਨੂੰ

**ਅਹਿਮਦਗੜ (ਪਵਨ ਗੁਪਤਾ)** — ਹਿੰਦ ਹਸਪਤਾਲ ਵੱਲੋਂ ਸ਼ੂਗਰ ਸਬੰਧੀ ਮੁਫਤ ਜਾਂਚ ਕੈਂਪ ਹਿੰਦ ਹਸਪਤਾਲ ਵਿਖੇ 27 ਜੁਲਾਈ ਨੂੰ ਲਗਾਇਆ ਜਾ ਰਿਹਾ ਹੈ । ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਡਾਕਟਰ ਸੁਨੀਤ ਹਿੰਦ ਨੇ ਦੱਸਿਆ ਕਿ ਇਸ ਕੈਂਪ ਵਿਚ ਸ਼ੂਗਰ ਦੀ ਜਾਂਚ, ਤਿੰਨ ਮਹੀਨਿਆਂ ਦੀ ਐਵਰੇਜ ਸ਼ੂਗਰ ਦੀ ਜਾਂਚ, ਯੂਰੋਫਲੋਮਿੱਟਰੀ ਟੈਸਟ, ਡਾਇਟ ਚਾਰਟ ਸੰਬੰਧੀ ਸਲਾਹ ਅਤੇ ਹੱਡੀਆਂ ਦੀ ਜਾਂਚ ਮੁਫਤ ਕੀਤੀ ਜਾਵੇਗੀ।

### ਹੈਰੋਇਨ ਸਮੇਤ ਨੌਜਵਾਨ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਸੀ.ਆਈ.ਏ. ਸਟਾਫ ਸਰਹਿੰਦ ਵੱਲੋਂ ਇੱਕ ਨੌਜਵਾਨ ਨੂੰ ਹੈਰੋਇਨ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੀ.ਆਈ.ਏ. ਦੀ ਟੀਮ ਨੂੰ ਮੁਖਬਰੀ ਮਿਲੀ ਸੀ ਕਿ ਅਨੁਜ ਬੱਤਾ ਵਾਸੀ ਪਿੰਡ ਡੰਘੇੜੀਆਂ ਹੈਰੋਇਨ ਦੀਆਂ ਬਿੱਟਾਂ ਬਣਾ ਕੇ ਵੇਚਣ ਦਾ ਧੰਦਾ ਕਰਦਾ ਹੈ ਜਿਸ 'ਤੇ ਪੁਲਸ ਪਾਰਟੀ ਵੱਲੋਂ ਸਰਹਿੰਦ ਦੇ ਡਿਫੈਂਸ ਬੰਨ੍ਹ ਨਜ਼ਦੀਕ ਨਾਕਾਬੰਦੀ ਕਰਕੇ ਪੈਦਲ ਤੁਰੇ ਆ ਰਹੇ ਅਨੁਜ ਬੱਤਾ ਨੂੰ ਕਾਬੂ ਕੀਤਾ ਗਿਆ ਜਿਸ ਉਪਰੰਤ ਸਬ-ਇੰਸਪੈਕਟਰ ਸਤਵਿੰਦਰ ਸਿੰਘ ਵੱਲੋਂ ਅਨੁਜ ਬੱਤਾ ਦੇ ਮੋਢੇ 'ਚ ਪਾਏ ਪਿੱਠੂ ਬੈਗ ਦੀ ਤਲਾਸ਼ੀ ਕੀਤੀ ਗਈ ਤਾਂ ਉਸ ਦੇ ਕਬਜ਼ੇ 'ਚੋਂ 50 ਗ੍ਰਾਮ ਹੈਰੋਇਨ, ਇੱਕ ਸੁਨਿਆਰਾ ਕੰਡਾ, ਇੱਕ ਸਿਲਵਰ ਰੋਲ, 20 ਖਾਲੀ ਪਾਰਦਰਸ਼ੀ ਲਿਫਾਫੀਆਂ ਬਰਾਮਦ ਹੋਈਆਂ। ਅਨੁਜ ਬੱਤਾ ਵਿਰੁੱਧ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਮੁਕੱਦਮਾ ਦਰਜ ਕਰਵਾਉਂਦੇ ਹੋਏ ਸੀ.ਆਈ.ਏ. ਦੇ ਸਬ-ਇੰਸਪੈਕਟਰ ਸਤਵਿੰਦਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

## ਪਤੀ-ਪਤਨੀ ਦੀ ਕੁੱਟਮਾਰ ਦੇ ਦੋਸ਼ 'ਚ ਪਰਚਾ ਦਰਜ

**ਜਲਾਲਾਬਾਦ, (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਨੇ ਸਥਾਨਕ ਸ਼ਹਿਰ ਦੀ ਜੰਮੂ ਬਸਤੀ ਵਿਖੇ ਹੋਈ ਲੜਾਈ ਦੇ ਦੌਰਾਨ ਸੱਟਾਂ ਮਾਰਨ ਦੇ ਦੋਸ਼ ਵਿੱਚ 3 ਲੋਕਾਂ ਖਿਲਾਫ ਮੁਕੱਦਮਾ ਦਰਜ ਕੀਤਾ ਹੈ। ਮੁੱਦਈ ਸੁਨੀਤਾ ਰਾਣੀ ਪਤਨੀ ਸੁਰਜੀਤ ਸਿੰਘ ਵਾਸੀ ਜੰਮੂ ਬਸਤੀ ਜਲਾਲਾਬਾਦ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਬੀਤੀ 8-07-2023 ਨੂੰ ਕਰੀਬ 7 ਵਜੇ ਦੇਰ ਸ਼ਾਮ ਨੂੰ ਮੈਂ ਤੇ ਮੇਰਾ ਪਤੀ ਸੁਰਜੀਤ ਸਿੰਘ, ਥਾਣਾ ਸਿਟੀ ਸਾਂਝ ਕੇਂਦਰ ਜਲਾਲਾਬਾਦ ਤੋਂ ਆਪਣੇ ਘਰ ਨੂੰ ਵਾਪਸ ਆ ਰਹੇ ਸੀ ਤਾਂ ਸਾਡੇ ਘਰ ਨੂੰ ਜਾਣ ਵਾਲੇ ਰਸਤੇ 'ਤੇ ਪੱਥਰ ਲਗਾ ਕੇ ਬੰਦ ਕੀਤਾ ਹੋਇਆ ਸੀ। ਅਸੀਂ ਇਨ੍ਹਾਂ ਪੱਥਰਾਂ ਨੂੰ ਸਾਇਡ 'ਤੇ ਕਰਨ ਲਈ ਅੱਗੇ ਆਏ ਤਾਂ ਇੰਨੇ ਨੂੰ ਗੁਰਮੀਤ ਸਿੰਘ ਪੁੱਤਰ ਮੁਖਤਿਆਰ ਸਿੰਘ, ਸੰਤੋਸ਼ ਰਾਣੀ ਪਤਨੀ ਗੁਰਮੀਤ ਸਿੰਘ ਤੇ ਮੁਖਤਿਆਰ ਸਿੰਘ ਪੁੱਤਰ ਹੰਸੂ ਸਿੰਘ ਵਾਸੀਆਨ ਜੰਮੂ ਬਸਤੀ ਜਲਾਲਾਬਾਦ ਨੇ ਸਾਡੇ ਨਾਲ ਆ ਕੇ ਲੜਾਈ ਝਗੜਾ ਕਰਨ ਲੱਗ ਪਏ। ਇਸ ਦੌਰਾਨ ਸਾਡੇ ਵੱਲੋਂ ਰੌਲਾ ਪਾਇਆ ਗਿਆ, ਜਿਸ ਦੇ ਬਾਅਦ ਲੋਕਾਂ ਦਾ ਇਕੱਠ ਹੁੰਦਾ ਦੇਖ ਕੇ ਮੌਕੇ ਤੋਂ ਉਕਤ ਵਿਅਕਤੀ ਭੱਜ ਗਏ, ਜਿਸ 'ਤੇ ਆਸਪਾਸ ਦੇ ਲੋਕਾਂ ਨੇ ਸਾਨੂੰ ਸਰਕਾਰੀ ਹਸਪਤਾਲ ਜਲਾਲਾਬਾਦ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ, ਜਿਸ 'ਤੇ ਥਾਣਾ ਸਿਟੀ ਦੀ ਪੁਲਸ ਵੱਲੋਂ ਮੁੱਦਈ ਸੁਨੀਤਾ ਰਾਣੀ ਦੇ ਬਿਆਨਾਂ 'ਤੇ ਗੁਰਮੀਤ ਸਿੰਘ, ਸੰਤੋਸ਼ ਰਾਣੀ ਤੇ ਮੁਖਤਿਆਰ ਸਿੰਘ ਖਿਲਾਫ ਪਰਚਾ ਦਰਜ ਕਰ ਲਿਆ ਹੈ।

### ਮਾਮਲਾ ਸੁਖਮਨ ਦੀ ਕੁੱਟਮਾਰ ਦਾ

# ਮੁਲਜ਼ਮਾਂ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਸੰਘਰਸ਼ ਤੇਜ਼ ਕਰਾਂਗੇ : ਸੁਰਜੀਤ ਫੂਲ

### ਭਾਕਿਯੂ ਕ੍ਰਾਂਤੀਕਾਰੀ ਵੱਲੋਂ 24 ਤੋਂ ਮੁੜ ਅੰਦੋਲਨ ਵਿੱਢਣ ਦੀ ਤਿਆਰੀ



**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਤੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਐਲਾਨ ਕੀਤਾ ਗਿਆ ਕਿ ਜੇਕਰ ਵਿਦਿਆਰਥੀ ਆਗੂ ਸੁਖਮਨ ਸਿੰਘ ਕੋਟਲੀ ਕਲਾਂ ਦੀ ਕੁੱਟਮਾਰ ਕਰਨ ਵਾਲੇ ਮੁਲਜ਼ਮਾਂ ਨੂੰ ਜਲਦ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਹ ਜਾਣਕਾਰੀ ਜਥੇਬੰਦੀ ਦੇ ਚੇਅਰਮੈਨ ਸੁਰਜੀਤ ਸਿੰਘ ਫੂਲ ਨੇ ਸਥਾਨਕ ਮੂਨ ਹੋਟਲ ਵਿੱਚ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦਿੱਤੀ। ਕਿਸਾਨ ਆਗੂ ਫੂਲ ਨੇ ਦੋਸ਼ ਲਗਾਇਆ ਕਿ ਮਾਨਸਾ ਪੁਲਸ ਵੱਲੋਂ ਮੁੱਖ ਮੁਲਜ਼ਮ ਅਮਰਿੰਦਰ ਸਿੰਘ ਪਟਵਾਰੀ ਤੇ ਹੋਰਨਾਂ ਖਿਲਾਫ ਲੰਘੀ 9 ਜੂਨ ਨੂੰ ਪਰਚਾ ਦਰਜ ਕੀਤਾ ਗਿਆ ਸੀ, ਪ੍ਰੰਤੂ ਦੋ ਕਥਿਤ ਦੋਸ਼ੀਆਂ ਦੀ ਗ੍ਰਿਫਤਾਰੀ ਤੋਂ ਇਲਾਵਾ ਅਜੇ ਤੱਕ ਹੋਰ ਕੋਈ ਕਾਰਵਾਈ ਨਹੀਂ ਕੀਤੀ ਗਈ ਤੇ ਮੁਲਜ਼ਮ ਖੁੱਲੇਆਮ ਘੁੰਮ ਰਹੇ ਹਨ, ਸਗੋਂ ਇੱਕ ਮਜ਼ਦੂਰ ਤੋਂ ਗਲਤ ਬਿਆਨਬਾਜ਼ੀ ਕਰਵਾ ਕੇ ਮੁਦਈ 'ਤੇ ਹੀ ਝੂਠਾ ਪਰਚਾ ਦਰਜ ਕਰਵਾ ਦਿੱਤਾ ਹੈ। ਇਸੇ ਦੌਰਾਨ ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾਈ ਪ੍ਰਧਾਨ ਭਗਵੰਤ ਸਿੰਘ ਸਮਾਓਂ 'ਤੇ ਦੋਸ਼ ਲਾਉਂਦਿਆਂ ਉਨ੍ਹਾ ਕਿਹਾ ਕਿ ਸਮਾਓਂ ਇਸ ਮਸਲੇ ਨੂੰ ਦਲਿਤਾਂ ਤੇ ਧਨਾਢਾਂ ਦਾ ਮੁੱਦਾ ਬਣਾ ਕੇ ਦੋਵਾਂ ਵਰਗਾਂ ਵਿੱਚ ਫੁੱਟ ਪਾਉਣ ਦਾ ਯਤਨ ਕਰਕੇ ਇਸ ਨੂੰ ਗਲਤ ਰੰਗਤ ਦੇ ਰਿਹਾ ਹੈ। ਫੂਲ ਨੇ ਸਪੱਸ਼ਟ ਕੀਤਾ ਕਿ ਜਥੇਬੰਦੀ ਅਜਿਹੀਆਂ ਸਾਜ਼ਿਸ਼ੀ ਚਾਲਾਂ ਨੂੰ ਨਹੀਂ ਚੱਲਣ ਦੇਵੇਗੀ।

ਕਿਸਾਨ ਆਗੂ ਨੇ ਮਾਨਸਾ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਸਮੁੱਚੇ ਕੇਸ ਦੀ ਨਿਰਪੱਖ ਜਾਂਚ ਕਰਵਾ ਕੇ ਪਰਚਾ ਰੱਦ ਕੀਤਾ ਜਾਵੇ। ਸੁਖਮਨ ਦੀ ਕੁੱਟਮਾਰ ਕਰਨ ਵਾਲੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਜਾਵੇ ਤੇ ਨਾਲ ਹੀ ਮਾਨਯੋਗ ਕੋਰਟ 'ਚ ਗਲ਼ਤ ਤੱਥ ਪੇਸ਼ ਕਰਕੇ ਲਈ ਜ਼ਮਾਨਤ ਦੀ ਵੀ ਪੜਤਾਲ ਕਰਵਾਈ ਜਾਵੇ। ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾਈ ਜਨਰਲ ਸਕੱਤਰ ਲਖਵੀਰ ਸਿੰਘ ਲੌਂਗੋਵਾਲ ਨੇ ਕਿਹਾ ਕਿ ਜੇਕਰ ਸੁਖਮਨ ਨੂੰ ਇਨਸਾਫ ਨਾ ਮਿਲਿਆ ਤਾਂ ਦੋਵਾਂ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਪੱਕਾ ਮੋਰਚਾ ਵੀ ਲਗਾਇਆ ਜਾ ਸਕਦਾ ਹੈ। ਲੌਂਗੋਵਾਲ ਨੇ ਕਿਹਾ ਕਿ ਭਾਵੇਂ ਮੋਰਚਾ 24 ਜੁਲਾਈ ਤੋਂ ਸ਼ੁਰੂ ਕਰਨਾ ਸੀ, ਪ੍ਰੰਤੂ ਜ਼ਿਲ੍ਹੇ ਵਿੱਚ ਹੜ੍ਹਾਂ ਦੀ ਭਿਆਨਕ ਸਥਿਤੀ ਨੂੰ ਦੇਖਦਿਆਂ ਕੁਝ ਸਮੇਂ ਲਈ ਇਸ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਦੋਵੇਂ ਆਗੂਆਂ ਵੱਲੋਂ ਸਾਂਝੇ ਤੌਰ 'ਤੇ ਇਹ ਵੀ ਐਲਾਨ ਕੀਤਾ ਗਿਆ ਕਿ 21 ਜੁਲਾਈ ਨੂੰ ਮਾਨਸਾ ਵਿਖੇ ਹੋ ਰਹੀ ਨਸ਼ਾ ਵਿਰੋਧੀ ਰੈਲੀ ਸਮੇਂ ਵੱਡੀ ਗਿਣਤੀ 'ਚ ਆਗੂ ਤੇ ਵਰਕਰ ਸ਼ਾਮਲ ਹੋਣਗੇ। ਪ੍ਰੈੱਸ ਕਾਨਫਰੰਸ ਸਮੇਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਹਰਚਰਨ ਸਿੰਘ ਕੋਟ, ਬਲਦੀਪ ਸਿੰਘ, ਪ੍ਰਭਜੋਤ ਸਿੰਘ ਮਾਨਸ਼ਾਹੀਆ, ਗੁਰਜੰਟ ਢਿੱਲੋਂ, ਜਗਦੇਵ ਸਿੰਘ ਚਕੇਰੀਆਂ, ਜਗਤਾਰ ਸਿੰਘ ਖਾਲਸਾ ਬੱਪੀਆਣਾ ਆਦਿ ਆਗੂ ਹਾਜ਼ਰ ਸਨ।

## ਮਾਤਾ ਗੁਜਰੀ ਸਕੂਲ 'ਚ ਜਾਗਰੂਕਤਾ ਕੈਂਪ ਲਗਾਇਆ



**ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਵੱਖ-ਵੱਖ ਸਕੂਲਾਂ ਤੇ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਕੈਰੀਅਰ ਦੀ ਤਿਆਰੀ ਕਰਨ ਤੇ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਰੋਜ਼ਗਾਰ ਹਾਸਲ ਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਬੇਰੋਜ਼ਗਾਰੀ ਦਾ ਖਾਤਮਾ ਕੀਤਾ ਜਾ ਸਕੇ। ਇਸੇ ਮੰਤਵ ਤਹਿਤ ਜ਼ਿਲ੍ਹਾ ਰੋਜ਼ਗਾਰ ਅਫਸਰ ਰੁਪਿੰਦਰ ਕੌਰ ਦੀ ਅਗਵਾਈ ਹੇਠ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਜਾਗਰੂਕਤਾ ਕੈਂਪ ਲਾਇਆ ਗਿਆ, ਜਿਸ ਵਿੱਚ ਬਾਰਵੀਂ ਜਮਾਤ ਦੇ ਕਾਮਰਸ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਜਾਗਰੂਕਤਾ ਕੈਂਪ ਦੌਰਾਨ ਕੈਰੀਅਰ ਕਾਊਂਸਲਰ ਡਾ: ਨਿਧੀ ਸਿੰਘ ਨੇ ਵਿਦਿਆਰਥੀਆਂ ਨੂੰ ਬਾਰਵੀਂ ਤੋਂ ਬਾਅਦ ਅਗਲੇਰੀ ਪੜ੍ਹਾਈ ਦੇ ਨਾਲ-ਨਾਲ ਕੈਰੀਅਰ ਦੇ ਮੌਕਿਆਂ ਜਿਵੇਂ ਕਿ ਰੇਲਵੇ, ਐੱਸ.ਐੱਸ.ਸੀ., ਪੰਜਾਬ ਪੁਲਸ, ਸੀ.ਐੱਚ.ਐੱਸ.ਐੱਲ., ਸੀ.ਜੀ.ਐੱਲ. ਤੇ ਸਮੇਂ-ਸਮੇਂ 'ਤੇ ਨਿਕਲਣ ਵਾਲੀਆਂ ਸਰਕਾਰੀ ਨੌਕਰੀਆਂ ਦੀ ਤਿਆਰੀ ਬਾਰੇ ਜਾਣਕਾਰੀ ਦਿੱਤੀ।

ਉਨ੍ਹਾ ਵਿਦਿਆਰਥੀਆਂ ਨੂੰ ਬੈਂਕਿੰਗ, ਆਈ.ਬੀ.ਪੀ.ਐੱਸ., ਐੱਸ.ਬੀ.ਆਈ.ਪੀ.ਓ., ਐੱਸ.ਓ. ਤੇ ਕਲਰਕ ਦੀ ਤਿਆਰੀ ਨਾਲ ਸਬੰਧਤ ਸਵੈ-ਰੋਜ਼ਗਾਰ ਤੇ ਜ਼ਿਲ੍ਹਾ ਰੋਜ਼ਗਾਰ ਬਿਊਰੋ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਦੱਸਿਆ। ਉਨ੍ਹਾ ਵਿਦਿਆਰਥੀਆਂ ਲਈ ਟਾਈਮ ਮੈਨੇਜਮੈਂਟ ਤੇ ਪੜ੍ਹਾਈ ਦੇ ਨਾਲ ਹੋਰ ਗਤੀਵਿਧੀਆਂ ਵਾਸਤੇ ਸਮੇਂ ਦੇ ਸਦ ਉਪਯੋਗ ਬਾਰੇ ਵੀ ਟਿਪਸ ਦਿੱਤੇ। ਉਨ੍ਹਾ ਇਹ ਵੀ ਦੱਸਿਆ ਕਿ ਰੋਜ਼ਗਾਰ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਲਈ ਰੋਜ਼ਗਾਰ ਬਿਊਰੋ ਦੇ ਹੈਲਪ ਲਾਇਨ ਨੰ: 99156-82436 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਯੂ ਕੇ ਇੰਟਰਨੈਸ਼ਨਲ ਸਕੂਲ ਨੇ ਹੜ੍ਹ ਪੀੜਤਾਂ ਲਈ ਭੇਜੀ ਰਾਹਤ ਸਮਗਰੀ




**ਧਰਮਕੋਟ (ਗੁਰਦੀਪ ਸਿੰਘ ਭੁੱਲਰ)** : ਇਲਾਕੇ ਦੇ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਦੇ ਬੱਚਿਆਂ ਤੇ ਅਧਿਆਪਕਾਂ ਵੱਲੋਂ ਕੁਦਰਤੀ ਆਫਤਾਂ ਦਾ ਸਾਹਮਣਾ ਕਰ ਰਹੇ ਹੜ੍ਹ ਪੀੜਤਾਂ ਲਈ ਆਪਣੀ ਆਮਦਨ ਵਿੱਚੋਂ ਦਸਵੰਧ ਕੱਢਦੇ ਹੋਏ ਉਨ੍ਹਾਂ ਲਈ ਸਮੱਗਰੀ ਭੇਜਣ ਦੀ ਸੇਵਾ ਨਿਭਾਈ ਗਈ। ਇਸ ਮੌਕੇ ਪ੍ਰਿੰਸੀਪਲ ਮੈਡਮ, ਮੈਨੇਜਮੈਂਟ ਕਮੇਟੀ ਦੇ ਮੈਂਬਰਾਂ, ਸਾਰੇ ਬੱਚਿਆਂ ਤੇ ਸਟਾਫ ਮੈਂਬਰਾਂ ਵੱਲੋਂ ਹੜ੍ਹ ਪੀੜਤਾਂ ਲਈ ਹਮਦਰਦੀ ਦੀ ਭਾਵਨਾ ਜਤਾਈ ਗਈ। ਇਸ ਮੌਕੇ ਪ੍ਰਿੰਸੀਪਲ ਮੈਡਮ ਸਵੇਤਾ ਸ਼ਰਮਾ ਨੇ ਬੱਚਿਆਂ, ਅਧਿਆਪਕਾਂ ਤੇ ਬੱਚਿਆਂ ਦੇ ਮਾਂ-ਬਾਪ ਦਾ ਬਹੁਤ-ਬਹੁਤ ਧੰਨਵਾਦ ਕੀਤਾ, ਜਿਨ੍ਹਾਂ ਨੇ ਆਪਣੇ ਦਸਵੰਧ ਵਿੱਚੋਂ ਕੁੱਝ ਹਿੱਸਾ ਕੱਢ ਕੇ 'ਕੁਦਰਤੀ ਆਫਤਾਂ' ਦਾ ਸਾਹਮਣਾ ਕਰ ਰਹੇ ਤੇ ਬੇਘਰ ਹੋਏ ਲੋਕਾਂ ਦੀ ਸੇਵਾ ਲਈ ਵੱਧ ਚੜ੍ਹ ਕੇ ਹਿੱਸਾ ਪਾਇਆ। ਇਸ ਮੌਕੇ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ ਤੇ ਬਲਕਾਰ ਸਿੰਘ ਨੇ ਵੀ ਸਾਰਿਆਂ ਦਾ ਧੰਨਵਾਦ ਕੀਤਾ।

## ਡੀ ਟੀ ਐੱਫ ਵੱਲੋਂ ਦਾਖਲਿਆਂ 'ਚ ਵਾਧੇ ਲਈ ਸੈਂਟਰ ਮੁਖੀਆਂ ਨੂੰ ਕੱਢੇ ਨੋਟਿਸਾਂ ਦੀ ਨਿੰਦਾ

**ਤਲਵੰਡੀ ਸਾਬੋ, (ਜਗਦੀਪ ਗਿੱਲ)**-ਸਕੂਲਾਂ ਅੰਦਰ ਡੇਢ ਮਹੀਨੇ ਦੀਆਂ ਛੁੱਟੀਆਂ ਕੱਟ ਕੇ ਆਏ ਬੱਚਿਆਂ ਨੂੰ ਜਿੱਥੇ ਨਵੇਂ ਸਿਰੇ ਤੋਂ ਪੜ੍ਹਾਈ ਦਾ ਮਾਹੌਲ ਦੇਣਾ ਸੀ, ਉੱਥੇ ਜ਼ਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਨੇ ਸਮੁੱਚੇ ਸੈਂਟਰ ਤੇ ਸਕੂਲ ਮੁਖੀਆਂ ਦੀਆਂ ਮੀਟਿੰਗਾਂ ਕਰਕੇ ਸਕੂਲਾਂ ਵਿੱਚ ਮਿੱਥੇ ਟੀਚੇ ਅਨੁਸਾਰ ਬੱਚਿਆਂ ਦੇ ਦਾਖਲੇ ਵਧਾਉਣ ਲਈ ਘਰੋ ਘਰੀ ਜਾਣ ਦੇ ਆਦੇਸ਼ ਜਾਰੀ ਕੀਤੇ ਗਏ ਹਨ। ਇਸ ਤੋਂ ਵੀ ਅੱਗੇ ਜਿਨ੍ਹਾਂ ਸੈਂਟਰਾਂ ਦੇ ਬੱਚੇ ਮਿੱਥੇ ਟੀਚੇ ਤੋਂ ਘੱਟ ਦਾਖਲ ਹੋਏ ਹਨ, ਉਨ੍ਹਾਂ ਸੈਂਟਰ ਮੁਖੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਉਨ੍ਹਾਂ ਦੀ ਜੁਆਬ ਤਲਬੀ ਕੀਤੀ ਜਾ ਰਹੀ ਹੈ, ਜਿਸ ਦਾ ਡੈਮੋਕ੍ਰੇਟਿਕ ਟੀਚਰਜ਼ ਫਰੰਟ ਤਲਵੰਡੀ ਸਾਬੋ ਵੱਲੋਂ ਸਖ਼ਤ ਸ਼ਬਦਾਂ 'ਚ ਵਿਰੋਧ ਕੀਤਾ ਹੈ ਤੇ ਜ਼ਿਲ੍ਹਾ ਅਧਿਕਾਰੀਆਂ ਨੂੰ ਇਹ ਨੋਟਿਸ ਤੁਰੰਤ ਵਾਪਸ ਲੈਣ ਦੀ ਅਪੀਲ ਕੀਤੀ ਹੈ।

ਇਸ ਸਮੇਂ ਡੀ ਟੀ ਐੱਫ ਬਠਿੰਡਾ ਦੇ ਜ਼ਿਲ੍ਹਾ ਪ੍ਰਧਾਨ ਰੇਸ਼ਮ ਸਿੰਘ, ਸਕੱਤਰ ਜਸਵਿੰਦਰ ਸਿੰਘ, ਮੀਤ ਪ੍ਰਧਾਨ ਵਿਕਾਸ ਗਰਗ, ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਅਧਿਆਪਕਾਂ ਨੇ ਫਰਵਰੀ ਮਾਰਚ, ਅਪ੍ਰੈਲ ਤੇ ਮਈ ਮਹੀਨਿਆਂ ਦੌਰਾਨ ਦਾਖਲਾ ਮੁਹਿੰਮ ਵਿੱਚ ਕੋਈ ਕਮੀ ਨਹੀਂ ਛੱਡੀ। ਜੇਕਰ ਕੁੱਝ ਮਾਪੇ ਅਜੇ ਵੀ ਸਰਕਾਰੀ ਸਕੂਲਾਂ ਦੀ ਥਾਂ ਦੁਕਾਨਨੁਮਾ ਪ੍ਰਾਈਵੇਟ ਸਕੂਲਾਂ 'ਚ ਬੱਚੇ ਭੇਜ ਰਹੇ ਹਨ ਤਾਂ ਇਸ 'ਚ ਅਧਿਆਪਕਾਂ ਦਾ ਕੀ ਕਸੂਰ ਹੈ। ਸਮੂਹ ਅਧਿਆਪਕ ਪੂਰੀ ਸੁਹਿਰਦਤਾ ਨਾਲ ਆਪਣੀ ਡਿਊਟੀ ਕਰ ਰਹੇ ਹਨ। ਪਰ ਇੱਥੋਂ ਦੇ ਅਧਿਕਾਰੀ ਤੇ ਸਰਕਾਰ ਆਵਦੇ ਟੀਚੇ ਮਿੱਥ ਕੇ ਪੜ੍ਹਾਈ ਦੇ ਸਮੇਂ ਦੌਰਾਨ ਸਕੂਲਾਂ ਵਿੱਚੋਂ ਅਧਿਆਪਕਾਂ ਨੂੰ ਬਾਹਰ ਕੱਢ ਕੇ ਘਰੋਂ ਘਰੀਂ ਦਾਖਲਿਆਂ ਲਈ ਹੁਕਮ ਚਾੜ੍ਹ ਰਹੇ ਹਨ। ਜੇਕਰ ਕਿਸੇ ਸਕੂਲ ਜਾਂ ਸੈਂਟਰ ਦੇ ਬੱਚੇ ਮਿੱਥੇ ਟੀਚੇ ਤੋਂ ਘੱਟ ਦਾਖਲ ਹੋਏ ਹਨ ਤਾਂ ਉਨ੍ਹਾਂ ਸਕੂਲ ਜਾਂ ਸੈਂਟਰ ਮੁਖੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਕਾਰਵਾਈਆਂ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜ਼ਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਬਠਿੰਡਾ ਵੱਲੋਂ ਸੈਂਟਰ ਸਕੂਲਾਂ ਦੇ ਮੁਖੀਆਂ ਨੂੰ ਦਾਖਲਿਆਂ ਸਬੰਧੀ ਕੱਢੇ ਨੋਟਿਸਾਂ ਦਾ ਨੋਟਿਸ ਲੈਂਦਿਆਂ ਇਨ੍ਹਾਂ ਆਗੂਆਂ ਨੇ ਕਿਹਾ ਕਿ ਉਹ ਕਿਸੇ ਵੀ ਅਫਸਰਸ਼ਾਹੀ ਦਾ ਬੇਬੁਨਿਆਦ ਅਧਿਆਪਕਾਂ ਉੱਪਰ ਰੋਅਬ ਦਾਬ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਨਗੇ। ਜੇਕਰ ਸੈਂਟਰ ਮੁਖੀਆਂ ਨੂੰ ਕੱਢੇ ਗਏ ਇਨ੍ਹਾਂ ਨੋਟਿਸਾਂ ਨੂੰ ਵਾਪਸ ਨਾ ਲਿਆ ਗਿਆ ਤਾਂ ਜਥੇਬੰਦੀ ਇਸ ਦੇ ਖਿਲਾਫ ਤਿੱਖਾ ਸੰਘਰਸ਼ ਕਰੇਗੀ। ਇਸ ਸਮੇਂ ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਪ੍ਰੀਤ ਖੇਮੋਆਣਾ, ਜਥੇਬੰਦਕ ਸਕੱਤਰ ਕੁਲਵਿੰਦਰ ਸਿੰਘ ਵਿਰਕ, ਵਿੱਤ ਸਕੱਤਰ ਅਨਿਲ ਭੱਟ, ਤਲਵੰਡੀ ਸਾਬੋ ਦੇ ਬਲਾਕ ਪ੍ਰਧਾਨ ਭੋਲਾ ਰਾਮ ਤੇ ਜਨਰਲ ਸਕੱਤਰ ਗੁਰਜਿੰਦਰ ਸਿੰਘ ਨੇ ਸਮੂਹ ਅਧਿਆਪਕਾਂ ਨੂੰ ਕਿਹਾ ਕਿ ਇਨ੍ਹਾਂ ਅਧਿਆਪਕ ਤੇ ਵਿਦਿਆਰਥੀ ਵਿਰੋਧੀ ਹਮਲਿਆਂ ਖਿਲਾਫ ਡੱਟਵੇਂ ਰੂਪ ਵਿੱਚ ਅੱਗੇ ਆਉਣਾ ਚਾਹੀਦਾ ਹੈ। ਇਨ੍ਹਾਂ ਤੋਂ ਇਲਾਵਾ ਬਲਾਕ ਮੀਤ ਪ੍ਰਧਾਨ ਕੁਲਵਿੰਦਰ ਗਿਆਨਾ, ਵਿੱਤ ਸਕੱਤਰ ਜਸਵਿੰਦਰ ਸੰਦੋਹਾ, ਪ੍ਰੈੱਸ ਸਕੱਤਰ ਰਾਜੇਸ਼ ਕੁਮਾਰ ਆਦਿ ਆਗੂਆਂ ਨੇ ਡੀ.ਈ.ਓ.(ਐ.ਸਿੰ.) ਦੀ ਦਹਿਸ਼ਤੀ ਕਾਰਵਾਈ ਦੀ ਕਰੜੇ ਸ਼ਬਦਾਂ 'ਚ ਨਿੰਦਾ ਕੀਤੀ।

## ਯੂ ਕੇ ਇੰਟਰਨੈਸ਼ਨਲ ਸਕੂਲ ਨੇ 'ਮਿਸ਼ਨ ਹਰਿਆਲੀ' ਤਹਿਤ ਪੌਦੇ ਲਗਾਏ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਨੇ ਪ੍ਰਿੰਸੀਪਲ ਮੈਡਮ ਸਵੇਤਾ ਸ਼ਰਮਾ, ਸਟਾਫ ਮੈਂਬਰ, 5ਵੀਂ ਤੋਂ ਲੈ ਕੇ +2 ਜਮਾਤ ਤੱਕ ਦੇ ਵਿਦਿਆਰਥੀਆਂ ਤੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਮਿਸ਼ਨ ਹਰਿਆਲੀ 2023 ਆਪਣਾ ਪੰਜਾਬ ਫਾਊਂਡੇਸ਼ਨ ਦੇ ਤਹਿਤ ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਅਲੱਗ ਅਲੱਗ ਤਰ੍ਹਾਂ ਦੇ ਦੋ ਸੌ ਤੋਂ ਵੀ ਵੱਧ ਪੌਦੇ ਲਗਾ ਕੇ ਆਪਣਾ ਪੂਰਾ ਯੋਗਦਾਨ ਪਾਇਆ। ਨਰਸਰੀ ਤੋਂ ਲੈ ਕੇ ਚੌਥੀ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਵੀ ਘਰ ਬੈਠ ਕੇ ਆਪਣੇ ਮਾਪਿਆਂ ਨਾਲ ਇਸ ਮਿਸ਼ਨ 'ਚ ਵਧ ਚੜ੍ਹ ਕੇ ਹਿੱਸਾ ਲਿਆ ਤੇ ਆਪਣਾ ਸਰਟੀਫਿਕੇਟ ਪ੍ਰਾਪਤ ਕੀਤਾ।

ਇਸ ਮੌਕੇ ਪ੍ਰਿੰਸੀਪਲ ਮੈਡਮ ਸਵੇਤਾ ਸ਼ਰਮਾ ਨੇ ਕਿਹਾ ਕਿ ਅਸੀਂ ਇਸੇ ਤਰ੍ਹਾਂ ਹਮੇਸ਼ਾ ਹੀ ਵਾਤਾਵਰਣ ਨੂੰ ਸ਼ੁੱਧ ਬਣਾਉਣ ਲਈ ਰੁੱਖ ਲਗਾਉਂਦੇ ਰਹਾਂਗੇ ਤੇ ਵਾਤਾਵਰਨ ਦੀ ਸੰਭਾਲ ਕਰਦੇ ਰਹਾਂਗੇ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਤੇ ਸਮੂਹ ਸਟਾਫ ਦੇ ਮੈਂਬਰ ਸ਼ਾਮਲ ਸਨ।

## ਮਿਸ਼ਨ ਹਰਿਆਲੀ ਤਹਿਤ ਵੱਖ-ਵੱਖ ਸਕੂਲਾਂ ਨੇ ਲਗਾਏ ਪੌਦੇ



**ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਨਾਮਵਰ ਵਿੱਦਿਅਕ ਸੰਸਥਾ ਗੁਰਪ੍ਰੀਤ ਹੋਲੀ ਹਾਰਟ ਪਬਲਿਕ ਸਕੂਲ ਮਹਿਲ ਕਲਾਂ ਵੱਲੋਂ ਆਪਣਾ ਪੰਜਾਬ ਫਾਊਂਡੇਸ਼ਨ ਤੇ ਪ੍ਰਾਈਵੇਟ ਸਕੂਲਜ਼ ਪੰਜਾਬ ਦੇ ਮਿਸ਼ਨ ਹਰਿਆਲੀ-2023 ਤਹਿਤ ਵੱਖ-ਵੱਖ ਥਾਵਾਂ ਤੇ ਸਕੂਲਾਂ 'ਚ 600 ਬੂਟੇ ਲਗਾਏ ਗਏ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸੁਸ਼ੀਲ ਗੋਇਲ ਨੇ ਕਿਹਾ ਕਿ ਸਾਡਾ ਇਹ ਮੁੱਢਲਾ ਫਰਜ਼ ਹੈ ਕਿ ਅਸੀਂ ਵਾਤਾਵਰਣ ਦੀ ਸੰਭਾਲ 'ਚ ਆਪਣਾ ਯੋਗਦਾਨ ਪਾਈਏ। ਵਾਈਸ ਪ੍ਰਿੰਸੀਪਲ ਪੂਜਾ ਸ਼ਰਮਾ ਨੇ ਵਿਦਿਆਰਥੀਆਂ ਨੂੰ ਰੁੱਖਾਂ ਦੀ ਸਾਂਭ ਸੰਭਾਲ ਤੇ ਰੁੱਖਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਇਸ ਮੌਕੇ ਸਕੂਲ ਮੈਨੇਜਮੈਂਟ, ਅਧਿਆਪਕ, ਕਰਮਚਾਰੀ ਤੇ ਵਿਦਿਆਰਥੀ ਹਾਜ਼ਰ ਸਨ। ਇਸੇ ਤਰ੍ਹਾਂ ਹੀ ਗੁਰੂ ਹਰਿਗੋਬਿੰਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਗੜ੍ਹ-ਦੱਧਾਹੂਰ ਦੇ ਵਿਦਿਆਰਥੀਆਂ ਵੱਲੋਂ ਮਿਸ਼ਨ ਹਰਿਆਲੀ 2023 ਮੁਹਿੰਮ 'ਚ ਆਪਣਾ ਯੋਗਦਾਨ ਪਾਉਂਦਿਆਂ ਸਕੂਲ ਦੇ ਡਾਇਰੈਕਟਰ ਸ੍ਰ: ਮਨਜੀਤ ਸਿੰਘ ਤੂਰ ਦੀ ਦੇਖ-ਰੇਖ ਹੇਠ ਵੱਲੋਂ ਵੱਖ-ਵੱਖ ਕਿਸਮ ਦੇ ਫਲਦਾਰ ਤੇ ਛਾਂਦਾਰ ਬੂਟੇ ਲਗਾਏ ਗਏ। ਸਕੂਲ ਪ੍ਰਿੰਸੀਪਲ ਪ੍ਰਿਤਪਾਲ ਕੌਰ ਤੂਰ ਨੇ ਦੱਸਿਆ ਕਿ ਪੰਜਾਬ ਫਾਊਂਡੇਸ਼ਨ ਦੇ ਸੰਸਥਾਪਕ ਜਗਜੀਤ ਸਿੰਘ ਧੂਰੀ ਦੀ ਅਗਵਾਈ 'ਚ ਵਾਤਾਵਰਨ ਬਚਾਉਣ ਲਈ ਚਲਾਈ ਗਈ ਇਸ ਮੁਹਿੰਮ ਤਹਿਤ ਇੱਕ ਹੀ ਦਿਨ 'ਚ 7 ਲੱਖ ਬੂਟੇ ਲਗਾ ਕੇ ਵਿਸ਼ਵ ਰਿਕਾਰਡ ਬਣਾਇਆ ਗਿਆ ਹੈ। ਇਸ ਮੌਕੇ ਡਾਇਰੈਕਟਰ ਮਨਜੀਤ ਸਿੰਘ ਤੂਰ, ਅਧਿਆਪਕ ਰਣਜੀਤ ਸਿੰਘ, ਪ੍ਰਭਜੋਤ ਕੌਰ, ਜਗਪ੍ਰੀਤ ਕੌਰ, ਪ੍ਰਦੀਪ ਕੌਰ ਆਦਿ ਸਟਾਫ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

# ਪੁਨਰਜੋਤ ਆਈ ਬੈਂਕ ਸੁਸਾਇਟੀ ਵਿਖੇ ਬੈਂਕਾਂ ਦਾ ਰਾਸ਼ਟਰੀਕਰਨ ਦਿਵਸ ਮਨਾਇਆ

### ਸੈਂਟਰਲ ਬੈਂਕ ਦੀਆਂ ਯੂਨੀਅਨਾਂ ਵੱਲੋਂ ਸਮਾਜ ਸੇਵੀ ਸੁਸਾਇਟੀਆਂ ਨੂੰ ਵਿੱਤੀ ਮਦਦ




**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)**-ਸੈਂਟਰਲ ਬੈਂਕ ਆਫ ਇੰਡੀਆ ਇੰਪਲਾਈਜ਼ ਯੂਨੀਅਨ (ਸੀ.ਬੀ.ਆਈ.ਈ.ਯੂ-ਨਾਰਥ ਜ਼ੋਨ) ਤੇ ਸੈਂਟਰਲ ਬੈਂਕ ਆਫੀਸਰਜ਼ ਯੂਨੀਅਨ (ਸੀ.ਬੀ.ਓ.ਯੂ-ਚੰਡੀਗੜ੍ਹ ਜ਼ੋਨ) ਨੇ 55ਵਾਂ ਬੈਂਕ ਰਾਸ਼ਟਰੀਕਰਨ ਦਿਵਸ ਮਨਾਇਆ। ਬੈਂਕਾਂ ਦੇ ਰਾਸ਼ਟਰੀਕਰਨ ਦਾ ਉਦੇਸ਼ ਵਿੱਤੀ ਸੇਵਾਵਾਂ ਲਈ ਬਰਾਬਰ ਦੇ ਅਵਸਰਾਂ ਨੂੰ ਯਕੀਨੀ ਬਣਾਉਣਾ ਤੇ ਸਮਾਜਿਕ-ਆਰਥਿਕ ਵਿਕਾਸ ਨੂੰ ਉਤਸ਼ਾਹਤ ਕਰਨਾ ਹੈ। ਇਸ ਸਮਾਗਮ ਦਾ ਉਦੇਸ਼ ਬੈਂਕਾਂ ਦੁਆਰਾ ਸਾਡੇ ਸਮਾਜ ਨੂੰ ਸਰੂਪ ਦੇਣ ਤੇ ਵਿੱਤੀ ਸਮਾਵੇਸ਼ ਨੂੰ ਉਤਸ਼ਾਹਤ ਕਰਨ 'ਚ ਨਿਭਾਈ ਗਈ ਮਹੱਤਵਪੂਰਨ ਭੂਮਿਕਾ ਨੂੰ ਪਛਾਣਨਾ ਤੇ ਸਨਮਾਨਤ ਕਰਨਾ ਹੈ। ਇਹ ਜਸ਼ਨ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ, ਕਿਉਂਕਿ ਅਸੀਂ 1969 ਤੇ 1980 ਵਿੱਚ ਹੋਏ ਬੈਂਕ ਰਾਸ਼ਟਰੀਕਰਨ ਦੇ ਇਤਿਹਾਸਕ ਫੈਸਲੇ ਦੀ ਨਿਸ਼ਾਨਦੇਹੀ ਕਰਦੇ ਹਾਂ। ਇਸ ਮੌਕੇ ਆਪਣੇ ਸੰਬੋਧਨ ਵਿੱਚ ਡਾਕਟਰ ਰਮੇਸ਼ ਤੇ ਡਾਕਟਰ ਸੁਰਿੰਦਰ ਗੁਪਤਾ ਵੱਲੋਂ ਬੈਂਕਾਂ ਦੀ ਯੂਨੀਅਨ ਵੱਲੋਂ ਬੈਂਕਾਂ ਦੇ ਰਾਸ਼ਟਰੀਕਰਨ ਲਈ ਕੀਤੇ ਸੰਘਰਸ਼ ਲਈ ਯੂਨੀਅਨਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਬੈਂਕਾਂ ਦੇ ਰਾਸ਼ਟਰੀਕਰਨ ਤੋਂ ਬਾਅਦ ਦੇਸ਼ ਦੀ ਅਰਥ-ਵਿਵਸਥਾ ਨੂੰ ਬਹੁਤ ਵੱਡਾ ਹੁਲਾਰਾ ਮਿਲਿਆ ਸੀ। ਆਮ ਆਦਮੀ ਜੋ ਕਦੀ ਸੋਚ ਵੀ ਨਹੀਂ ਸੀ ਸਕਦਾ, ਬੈਂਕ ਦੀਆਂ ਸੇਵਾਵਾਂ ਲੈਣ ਲੱਗ ਪਿਆ। ਛੋਟੇ ਕਾਰੋਬਾਰੀਆਂ ਨੂੰ ਆਪਣੇ ਕਾਰੋਬਾਰ ਵਧਾਉਣ ਲਈ ਬੈਂਕਾਂ ਨੇ ਬਹੁਤ ਸਹਾਇਤਾ ਕੀਤੀ।

ਪੁਨਰਜੋਤ ਆਈ ਬੈਂਕ ਸੁਸਾਇਟੀ ਦੇ ਸਕੱਤਰ ਸ੍ਰੀ ਸੁਭਾਸ਼ ਮਲਿਕ ਨੇ ਸੁਸਾਇਟੀ ਵੱਲੋਂ ਸਮਾਜ ਨੂੰ ਦਿੱਤੀਆਂ ਜਾ ਰਹੀਆਂ ਮੁਫ਼ਤ ਸੇਵਾਵਾਂ ਬਾਰੇ ਚਾਨਣਾ ਪਾਇਆ। ਉਨ੍ਹਾ ਦੱਸਿਆ ਕਿ ਸੁਸਾਇਟੀ ਵੱਲੋਂ ਹੁਣ ਤੱਕ ਲਗਭਗ 5800 ਦੇ ਕਰੀਬ ਲੋਕਾਂ ਨੂੰ ਮੁਫਤ ਪੁਤਲੀਆਂ (ਕੌਰਨੀਆ ਟਾਂਸਪਲਾਂਟ) ਬਦਲੀਆਂ ਜਾ ਚੁੱਕੀਆਂ ਹਨ। ਉਨ੍ਹਾਂ ਸੈਂਟਰਲ ਬੈਂਕ ਆਫ ਇੰਡੀਆ ਦੇ ਸਮੂਹ ਇੰਪਲਾਈਜ਼ ਦਾ ਧੰਨਵਾਦ ਕੀਤਾ। ਯੂਨੀਅਨਾਂ ਵੱਲੋਂ ਡਾ. ਰਮੇਸ਼ ਪ੍ਰਧਾਨ ਪੁਨਰਜੋਤ ਆਈ ਬੈਂਕ ਸੁਸਾਇਟੀ (ਰਜਿ.), ਜੋ ਲੋਕਾਂ ਨੂੰ ਕੌਰਨੀਆ ਦਾਨ ਕਰਨ ਲਈ ਪ੍ਰੇਰਿਤ ਕਰਕੇ ਅੱਖਾਂ ਦੇ ਟਰਾਂਸਪਲਾਂਟ ਦੀਆਂ ਮੁਫਤ ਸੇਵਾਵਾਂ ਪ੍ਰਦਾਨ ਕਰ ਰਹੇ ਹਨ ਤੇ ਡਾ: ਸੁਰਿੰਦਰ ਗੁਪਤਾ, ਮੈਨੇਜਿੰਗ ਡਾਇਰੈਕਟਰ ਡਾਇਬਟੀਜ਼-ਫ੍ਰੀ-ਵਰਲਡ, ਜੋ ਲੋਕਾਂ ਨੂੰ ਡਾਇਬਟੀਜ਼ ਦੇ ਮੁਫਤ ਇਲਾਜ ਦੀ ਪੇਸ਼ਕਸ਼ ਕਰ ਰਹੇ ਹਨ, ਦੀਆਂ ਸੰਸਥਾਵਾਂ ਨੂੰ ਵਿੱਤੀ ਸਹਾਇਤਾ ਦੇ ਤੌਰ 'ਤੇ ਚੈੱਕ ਭੇਟ ਕੀਤੇ। ਇਸ ਮੌਕੇ ਰਾਜੇਸ਼ ਵਰਮਾ ਜਨਰਲ ਸਕੱਤਰ ਸੀ.ਬੀ.ਆਈ.ਈ.ਯੂ. ਤੇ ਗੁਰਮੀਤ ਸਿੰਘ ਜਨਰਲ ਸਕੱਤਰ ਸੀ.ਬੀ.ਓ.ਯੂ. (ਚੰਡੀਗੜ੍ਹ ਜ਼ੋਨ) ਨੇ ਬੈਂਕ ਰਾਸ਼ਟਰੀਕਰਨ ਦਿਵਸ 'ਤੇ ਏ.ਆਈ.ਬੀ.ਈ.ਏ. ਦੀ ਮੰਗ ਨੂੰ ਦਰਸਾਇਆ, ਜਿਸ ਵਿੱਚ ਜਨਤਕ ਖੇਤਰ ਦੇ ਬੈਂਕਾਂ ਦਾ ਵਿਸਥਾਰ ਕਰਨਾ ਤੇ ਮਜ਼ਬੂਤ ਕਰਨਾ, ਬੈਂਕਾਂ ਦਾ ਨਿੱਜੀਕਰਨ ਬੰਦ ਕਰਨਾ, ਸਾਰੇ ਨਿੱਜੀ ਬੈਂਕਾਂ ਦਾ ਰਾਸ਼ਟਰੀਕਰਨ ਕਰਨਾ, ਕਾਰਪੋਰੇਟ ਖਰਾਬ ਨੂੰ ਮੁੜ ਪ੍ਰਾਪਤ ਕਰੋ ਲੋਨ, ਜਾਣ-ਬੁੱਝ ਕੇ ਡਿਫਾਲਟਰਾਂ 'ਤੇ ਅਪਰਾਧਿਕ ਕਾਰਵਾਈ ਕਰਨਾ, ਹੇਅਰ ਕੱਟ ਪਾਲਿਸੀ ਬੰਦ ਕਰਨਾ, ਲੋਕਾਂ ਦੀ ਜਮ੍ਹਾਂ ਰਾਸ਼ੀ 'ਤੇ ਵਿਆਜ ਦੀ ਦਰ ਵਧਾਉਣਾ, ਸੇਵਾ ਖਰਚੇ ਘਟਾਉਣਾ, ਕੋ-ਆਪ੍ਰੇਟਿਵ ਵਿੱਚ 2 ਟੀਅਰ ਸਿਸਟਮ ਦੀ ਸ਼ੁਰੂਆਤ ਕਰਨਾ, ਆਰ.ਆਰ.ਬੀ. ਬੈਂਕਾਂ ਨੂੰ ਸਪਾਂਸਰ ਬੈਂਕਾਂ ਨਾਲ ਮਿਲਾਉਣਾ, ਸਾਰੇ ਬੈਂਕਾਂ ਵਿੱਚ ਢੁੱਕਵੀਂ ਭਰਤੀਆਂ ਕਰਨੀਆਂ ਸ਼ਾਮਲ ਸਨ। ਖੇਤਰੀ ਮੁਖੀ ਸ੍ਰੀ ਅਸ਼ੋਕ ਕੁਮਾਰ ਦੀ ਗੈਰ-ਹਾਜ਼ਰੀ ਵਿੱਚ ਓਮ ਪ੍ਰਕਾਸ ਤੇਲੀ ਡਿਪਟੀ ਰੀਜਨਲ ਹੈੱਡ ਸੈਂਟਰਲ ਬੈਂਕ ਆਫ ਇੰਡੀਆ ਨੇ ਦੋਵਾਂ ਸੰਸਥਾਵਾਂ ਵੱਲੋਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਮੁਫਤ ਸੇਵਾਵਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਦੋਵਾਂ ਸੰਸਥਾਵਾਂ ਨੂੰ ਸਾਡੀ ਸੰਸਥਾ ਸੈਂਟਰਲ ਬੈਂਕ ਆਫ ਇੰਡੀਆ ਵੱਲੋਂ ਮੁਹੱਈਆ ਕਰਵਾਈਆਂ ਜਾ ਰਹੀਆਂ ਵਧੀਆ ਸਕੀਮਾਂ ਦਾ ਲਾਭ ਲੈਣ ਲਈ ਵੀ ਬੇਨਤੀ ਕੀਤੀ। ਉਨ੍ਹਾਂ ਤੋਂ ਇਲਾਵਾ ਸਮੀਰ ਨਾਗਪਾਲ ਰੀਜਨਲ ਸੈਕਟਰੀ ਆਫੀਸਰਜ਼ ਯੂਨੀਅਨ, ਐੱਸ ਐੱਸ ਚੌਧਰੀ ਰੀਜਨਲ ਸੈਕਟਰੀ ਐਵਾਰਡ ਸਟਾਫ ਯੂਨੀਅਨ, ਐੱਸ ਕੇ ਰਿਸ਼ੀ, ਸ਼ਿਵ ਕੁਮਾਰ, ਰਜੇਸ਼ ਅੱਤਰੀ, ਪ੍ਰਵੀਨ ਕੁਮਾਰ, ਸ਼ਿਵਨੰਦਨ ਕੁਮਾਰ ਹਾਜ਼ਰ ਸਨ। ਸੈਂਟਰਲ ਬੈਂਕ ਆਫ ਇੰਡੀਆ ਰਿਟਾਇਰੀਜ਼ ਐਸੋਸੀਏਸ਼ਨ ਵੱਲੋਂ ਐੱਮ. ਐੱਸ. ਭਾਟੀਆ ਤੇ ਸੁਨੀਲ ਗਰੋਵਰ ਨੇ ਹਾਜ਼ਰੀ ਲੁਆਈ। ਡਾ. ਰਮੇਸ਼ ਸੁਪਰ ਸਪੈਸ਼ਲਿਸਟ ਆਈ ਕਲੀਨਿਕ ਦੇ ਸਟਾਫ ਮੈਂਬਰਾਂ ਨੇ ਇਸ ਸਮਾਗਮ ਨੂੰ ਸਫਲ ਬਣਾਉਣ ਲਈ ਪੂਰੀ ਮਿਹਨਤ ਨਾਲ ਕੰਮ ਕੀਤਾ।

## ਈ ਟੀ ਟੀ ਤੋਂ ਮਾਸਟਰ ਕੇਡਰ 'ਚ ਤਰੱਕੀਆਂ ਛੇਤੀ ਕੀਤੀਆਂ ਜਾਣ : ਗੁਪਤਾ

**ਅਹਿਮਦਗੜ੍ਹ (ਪਵਨ ਗੁਪਤਾ)**-ਈ ਟੀ ਟੀ ਤੋਂ ਹੈੱਡਟੀਚਰ ਦੀਆਂ ਤਰੱਕੀਆਂ ਤੇ ਹੈੱਡਟੀਚਰ ਤੋਂ ਸੈਂਟਰ ਹੈੱਡਟੀਚਰ ਤਰੱਕੀਆਂ ਦੇ ਡੀ ਪੀ ਆਈ (ਐਲੀਮੈਂਟਰੀ) ਤੋਂ ਪੱਤਰ ਜਾਰੀ ਹੋਣ ਬਾਅਦ ਹੁਣ ਐਲੀਮੈਂਟਰੀ ਟੀਚਰਜ਼ ਵੱਲੋਂ ਮਾਸਟਰ ਕੇਡਰ ਪ੍ਰਮੋਸ਼ਨਾਂ ਲਈ ਵੀ ਡੀ ਪੀ ਆਈ ਸੈਕੰਡਰੀ ਤੇ ਪ੍ਰਮੋਸ਼ਨ ਸੈੱਲ ਤੋਂ ਜਲਦ ਪ੍ਰਮੋਸ਼ਨ ਕਰਨ ਲਈ ਪੁਰਜ਼ੋਰ ਮੰਗ ਇੱਕ ਵਾਰ ਫਿਰ ਉੱਠੀ ਹੈ। ਅਧਿਆਪਕਾਂ ਦੇ ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਉਂਦੇ ਹੋਏ ਦੱਸਿਆ ਕਿ ਉਹ ਸਾਲ 2006 ਤੋਂ ਪਿਛਲੇ 17 ਸਾਲਾਂ ਤੋਂ ਪ੍ਰਾਇਮਰੀ ਕੇਡਰ ਵਿੱਚ ਕੰਮ ਕਰ ਰਹੇ ਹਨ। ਕਦੇ ਕਾਂਗਰਸ ਦੀ ਸਰਕਾਰ ਤੇ ਕਦੇ ਅਕਾਲੀ-ਭਾਜਪਾ ਦੀ ਸਰਕਾਰ ਉਨ੍ਹਾਂ ਨੇ ਦੇਖੀ। ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਵਾਰ ਵਾਰ ਪ੍ਰਮੋਸ਼ਨ ਲਈ ਡਾਟਾ ਮੰਗਿਆ ਜਾਂਦਾ ਹੈ, ਪਰ ਮਹਿਕਮੇ ਤੋਂ ਜ਼ਿਲ੍ਹੇ ਵਾਇਜ਼ ਤੇ ਸਟੇਟ ਵਾਈਜ਼ ਪਿਛਲੇ 10 ਸਾਲਾਂ ਵਿੱਚ ਸੀਨੀਆਰਤਾ ਸੂਚੀ ਹੀ ਫਾਈਨਲ ਨਹੀਂ ਹੋ ਸਕੀ। ਜ਼ਿਲ੍ਹਾ ਪ੍ਰੀਸ਼ਦਾਂ ਤੋਂ ਸਿੱਖਿਆ ਵਿਭਾਗ ਵਿੱਚ ਸ਼ਿਫਟ ਕੀਤੇ ਮੁਲਾਜ਼ਮਾਂ ਲਈ ਇਸ ਪ੍ਰਮੋਸ਼ਨ ਤਹਿਤ ਬਹੁਤ ਹੀ ਭੰਬਲ ਭੂਸਾ ਬਰਕਰਾਰ ਹੈ। ਹਰੇਕ ਜ਼ਿਲ੍ਹੇ ਵਿੱਚੋਂ ਕੁਝ ਅਧਿਆਪਕਾਂ ਨੂੰ ਇੱਕ ਦਿਨ ਲਈ ਸਿੱਖਿਆ ਵਿਭਾਗ ਵਿੱਚ ਜੁਆਇਨ ਕਰਾਉਣ ਉਪਰੰਤ ਵਾਪਸ ਜ਼ਿਲ੍ਹਾ ਪ੍ਰੀਸ਼ਦ ਦੇ ਸਕੂਲਾਂ 'ਚ ਭੇਜ ਦਿੱਤਾ ਗਿਆ ਸੀ, ਪਰ ਬਾਅਦ 'ਚ ਉਨ੍ਹਾਂ ਨੂੰ ਪ੍ਰਮੋਟ ਕਰ ਦਿੱਤਾ ਗਿਆ, ਜਦ ਕਿ ਉਨ੍ਹਾਂ ਦੇ ਨਾਲ ਦੇ ਸਾਥੀਆਂ ਨੂੰ ਉਨ੍ਹਾਂ ਤੋਂ 5 ਸਾਲਾਂ ਬਾਅਦ ਵੀ ਪ੍ਰਮੋਟ ਨਹੀਂ ਕੀਤਾ ਗਿਆ। ਆਮ ਆਦਮੀ ਪਾਰਟੀ ਦੀ ਸ਼ਹਿਰੀ ਮਹਿਲਾ ਵਿੰਗ ਦੀ ਪ੍ਰਧਾਨ ਰਿੰਕੂ ਗਰਗ ਤੇ ਸਮਾਜ ਸੇਵੀ ਪਵਨ ਗੁਪਤਾ ਨੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਲਿਖੇ ਪੱਤਰ 'ਚ ਮੰਗ ਕੀਤੀ ਹੈ ਕਿ ਪ੍ਰਾਇਮਰੀ ਪੱਧਰ ਤੋਂ ਮਾਸਟਰ ਕੇਡਰ ਲਈ ਤਰੱਕੀ ਕਰਨ ਲਈ ਪੱਕੀ ਤੇ ਸਮਾਂਬੱਧ ਪ੍ਰਮੋਸ਼ਨ ਨੀਤੀ ਦੀ ਲੋੜ ਹੈ ਤਾਂ ਜੋ ਇੰਨਾ ਲੰਮਾਂ ਸਮਾਂ ਅਧਿਆਪਕ ਵਰਗ ਨੂੰ ਉਡੀਕ ਨਾ ਕਰਨੀ ਪਵੇ। ਉਨ੍ਹਾਂ ਕਿਹਾ ਕਿ ਜੇਕਰ ਮਿੱਥੇ ਸਮੇਂ ਅੰਦਰ ਪ੍ਰਮੋਸ਼ਨ ਨਹੀਂ ਹੁੰਦੀ ਤਾਂ ਐਲੀਮੈਂਟਰੀ ਵਰਗ ਦੇ ਅਧਿਆਪਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੰਘਰਸ਼ ਲਈ ਮਜਬੂਰ ਹੋਣਾ ਪਵੇਗਾ।

CMYK

# ਲੋਕ ਇਨਸਾਫ ਪਾਰਟੀ ਦਾ ਹਲਕਾ ਇੰਚਾਰਜ ਸਾਥੀਆਂ ਸਮੇਤ ਮਜ਼ਦੂਰ ਮੁਕਤੀ ਮੋਰਚੇ 'ਚ ਸ਼ਾਮਲ

## ਭਗਵੰਤ ਸਮਾਓਂ ਦੀ ਅਗਵਾਈ 'ਚ ਪ੍ਰਗਟਾਇਆ ਵਿਸ਼ਵਾਸ



**ਮਾਨਸਾ (ਆਤਮਾ ਸਿੰਘ ਪਮਾਰ)**-ਮਜ਼ਦੂਰ ਮੁਕਤੀ ਮੋਰਚਾ ਪੰਜਬ ਨੂੰ ਮਾਨਸਾ ਜ਼ਿਲ੍ਹੇ ਅੰਦਰ ਉਸ ਸਮੇਂ ਬਲ ਮਿਲਿਆ, ਜਦੋਂ ਲੋਕ ਇਨਸਾਫ ਪਾਰਟੀ ਹਲਕਾ ਮਾਨਸਾ ਦੇ ਇੰਚਾਰਜ ਮਿਸਤਰੀ ਹਰਪ੍ਰੀਤ ਸਿੰਘ ਸੱਦਾ ਸਿੰਘ ਵਾਲਾ ਨੇ ਲੋਕ ਇਨਸਾਫ ਪਾਰਟੀ ਨੂੰ ਛੱਡਣ ਦਾ ਐਲਾਨ ਕਰਕੇ ਆਪਣੇ ਸਾਥੀਆਂ ਸਮੇਤ ਮਜ਼ਦੂਰ ਮੁਕਤੀ ਮੋਰਚਾ ਪੰਜਾਬ 'ਚ ਸ਼ਾਮਲ ਹੋਣ ਅਤੇ ਮਜ਼ਦੂਰ ਆਗੂ ਭਗਵੰਤ ਸਿੰਘ ਸਮਾਓਂ ਨਾਲ ਖੜਨ ਦਾ ਐਲਾਨ ਕਰ ਦਿੱਤਾ। ਇਸ ਮੌਕੇ ਮਿਸਤਰੀ ਹਰਪ੍ਰੀਤ ਸਿੰਘ ਸੱਦਾ ਸਿੰਘ ਵਾਲਾ ਨੇ ਕਿਹਾ ਕਿ ਬੈਂਸ ਭਰਾਵਾਂ ਨੇ ਭਾਵੇਂ ਮੈਨੂੰ ਆਪਣੀ ਪਾਰਟੀ ਦਾ ਤਿੰਨ ਸਾਲ ਪਹਿਲਾਂ ਹਲਕਾ ਇੰਚਾਰਜ ਨਿਯੁਕਤ ਕੀਤਾ ਸੀ, ਪਰ ਅੱਜ ਇਹ ਆਗੂ ਭਾਜਪਾ ਵਰਗੀ ਫਿਰਕੂ ਤੇ ਭਗਵਾਂ ਪਾਰਟੀ ਦਾ ਗੁਣਗਾਨ ਕਰ ਰਹੇ ਹਨ। ਮਿਸਤਰੀ ਨੇ ਕਿਹਾ ਕਿ ਮਜ਼ਦੂਰ ਆਗੂ ਭਗਵੰਤ ਸਿੰਘ ਸਮਾਓਂ ਲੰਮੇ ਸਮੇਂ ਤੋਂ ਦਲਿਤਾਂ ਤੇ ਕਿਰਤੀ ਸਮਾਜ ਲਈ ਇੱਕ ਸਟੈਂਡ 'ਤੇ ਖੜ ਕੇ ਲੜਾਈ ਲੜ ਰਹੇ ਹਨ। ਇਸ ਲਈ ਇਨ੍ਹਾਂ ਦਾ ਸੱਚੇ ਤੇ ਦ੍ਰਿੜ੍ਹ ਇਰਾਦੇ ਵਾਲੇ ਸੰਘਰਸ਼ ਨੂੰ ਦੇਖਦਿਆਂ ਅਸੀਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵਿੱਚ ਸ਼ਾਮਲ ਹੋਣਾ ਹੀ ਠੀਕ ਸਮਝਿਆ ਹੈ। ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਮਜ਼ਦੂਰ ਮੋਰਚੇ ਵਿੱਚ ਸ਼ਾਮਲ ਹੋਣ ਵਾਲੇ ਸਾਥੀਆਂ ਦਾ ਹਾਰ ਪਾ ਕੇ ਸਵਾਗਤ ਕੀਤਾ ਅਤੇ ਕਿਹਾ ਕਿ ਲੋਕ ਇਨਸਾਫ ਪਾਰਟੀ ਨੂੰ ਛੱਡ ਕੇ ਸਾਥੀਆਂ ਸਮੇਤ ਮਜ਼ਦੂਰ ਸਮਾਜ ਵਿੱਚ ਸ਼ਾਮਲ ਹੋਣ ਵਾਲੇ ਮਿਸਤਰੀ ਹਰਪ੍ਰੀਤ ਸਿੰਘ ਸੱਦਾ ਸਿੰਘ ਵਾਲਾ ਤੇ ਸਾਥੀਆਂ ਨੂੰ ਜਥੇਬੰਦੀ ਵਿੱਚ ਪੂਰਾ ਮਾਨ ਸਤਿਕਾਰ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਦਲਿਤਾਂ ਤੇ ਕਿਰਤੀ ਸਮਾਜ ਦੀ ਏਕਤਾ ਦੀ ਤਾਕਤ ਖੜੀ ਕਰਨਾ ਹੀ ਮਜ਼ਦੂਰ ਮੋਰਚਾ ਦਾ ਮੁੱਖ ਮੰਤਵ ਹੈ। ਉਨ੍ਹਾ ਕਿਹਾ ਕਿ ਮਾਨ ਸਰਕਾਰ ਹੜ੍ਹਾਂ ਕਾਰਨ ਬਰਬਾਦ ਹੋ ਰਹੇ ਕਿਸਾਨਾਂ ਤੇ ਗਰੀਬਾਂ ਦੀ ਬਾਂਹ ਫੜਨ 'ਚ ਨਾਕਾਮ ਰਹੀ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਹੜ੍ਹ ਵਿੱਚ ਘਿਰੇ ਕਿਸਾਨਾਂ, ਮਜ਼ਦੂਰਾਂ ਦੀ ਜਾਨ-ਮਾਲ ਦੀ ਸੁੱਰਖਿਆ ਕੀਤੀ ਜਾਵੇ ਤੇ ਇਸ ਮੌਕੇ ਲੋਕ ਇਨਸਾਫ ਪਾਰਟੀ ਛੱਡ ਕੇ ਮਜ਼ਦੂਰ ਮੋਰਚੇ 'ਚ ਸ਼ਾਮਲ ਹੋਣ ਵਾਲਿਆਂ 'ਚ ਸੁਖਦੇਵ ਸਿੰਘ ਭੂੰਦੜ, ਕੁਲਦੀਪ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਰਡ ਨੰਬਰ 27, ਕੁਲਵਿੰਦਰ ਸਿੰਘ ਖਾਲਸਾ, ਬਾਵਾ ਸਿੰਘ, ਲਾਲ ਸਿੰਘ, ਭਜਨ ਸਿੰਘ, ਗੁਰਮੇਲ ਸਿੰਘ, ਮਿੱਠੂ ਸਿੰਘ, ਜੰਟਾ ਸਿੰਘ, ਖੁਸਪ੍ਰੀਤ ਸਿੰਘ ਮਿਸਤਰੀ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਮੀਤ ਪ੍ਰਧਾਨ ਮਨਜੀਤ ਕੌਰ ਜੋਗਾ, ਜਰਨੈਲ ਸਿੰਘ ਮਾਨਸਾ, ਭੋਲਾ ਸਿੰਘ ਝੱਬਰ, ਜਰਨੈਲ ਸਿੰਘ ਰੱਲਾ, ਗੋਰਾ ਸਿੰਘ ਕੋਟਧਰਮੂ ਨੇ ਵੀ ਸ਼ਾਮਲ ਹੋਣ ਵਾਲੇ ਸਾਥੀਆਂ ਨੂੰ ਜੀ ਆਇਆਂ ਕਿਹਾ ਤੇ ਪੂਰੀ ਤਾਕਤ ਬਣਾ ਕੇ ਮਜ਼ਦੂਰ ਵਰਗ ਦੇ ਜਾਇਜ਼ ਤੇ ਸੰਵਿਧਾਨਕ ਹੱਕਾਂ ਲਈ ਲੜਨ ਦਾ ਅਹਿਦ ਵੀ ਲਿਆ।

# ਨਸ਼ਾ ਵਿਰੋਧੀ ਅੰਦੋਲਨ ਦੀ ਅਗਵਾਈ ਲਈ ਐਕਸ਼ਨ ਕਮੇਟੀ ਦਾ ਗਠਨ

## ਅੱਜ ਦੀ ਰੈਲੀ ਨੂੰ ਸਫਲ ਬਣਾਉਣ ਦਾ ਲਿਆ ਅਹਿਦ



**ਮਾਨਸਾ, (ਆਤਮਾ ਸਿੰਘ ਪਮਾਰ)**-ਮਾਨਸਾ ਵਿਖੇ ਚੱਲ ਰਹੇ ਨਸ਼ਾ ਵਿਰੋਧੀ ਤਿੱਖੇ ਅੰਦੋਲਨ ਤੇ ਪਰਵਿੰਦਰ ਸਿੰਘ ਝੋਟੇ 'ਤੇ ਪਾਏ ਝੂਠੇ ਕੇਸ ਰੱਦ ਕਰਵਾਉਣ ਲਈ ਜਾਰੀ ਪੱਕੇ ਮੋਰਚੇ ਦੀ ਅਗਵਾਈ ਲਈ ਬਾਬਾ ਬੂਝਾ ਸਿੰਘ ਭਵਨ ਵਿਖੇ ਹੋਈ ਤਿੰਨ ਦਰਜਨ ਤੋਂ ਵੱਧ ਕਿਸਾਨ, ਮਜ਼ਦੂਰ, ਔਰਤ, ਨੌਜਵਾਨ, ਵਿਦਿਆਰਥੀ, ਦੁਕਾਨਦਾਰ, ਵਪਾਰੀ ਕਾਰੋਬਾਰੀ ਤੇ ਸਮਾਜਿਕ ਸੰਗਠਨਾਂ ਦੀ ਇਕ ਸਾਂਝੀ ਮੀਟਿੰਗ ਵੱਲੋਂ ਸਰਬਸੰਮਤੀ ਨਾਲ ਨਸ਼ਾ ਵਿਰੋਧੀ ਐਕਸ਼ਨ ਕਮੇਟੀ ਮਾਨਸਾ ਦਾ ਗਠਨ ਕੀਤਾ ਗਿਆ। ਕਮੇਟੀ ਨੇ 21 ਜੁਲਾਈ ਨੂੰ ਹੋਣ ਜਾ ਰਹੀ ਵਿਸ਼ਾਲ ਰੈਲੀ ਨੂੰ ਪੁਰ ਅਮਨ ਤੇ ਅਨੁਸ਼ਾਸਤ ਢੰਗ ਨਾਲ ਜਥੇਬੰਦ ਕਰਨ ਲਈ ਵਿਚਾਰ ਕਰਨ ਉਪਰੰਤ ਆਗੂਆਂ ਤੇ ਵਰਕਰਾਂ ਦੀਆਂ ਜ਼ਿੰਮੇਵਾਰੀਆਂ ਲਗਾਈਆਂ। ਇਸ ਮੀਟਿੰਗ ਵਿੱਚ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ, ਐਂਟੀ ਡਰੱਗ ਟਾਸਕ ਫੋਰਸ, ਗਊਸ਼ਾਲਾ ਭਵਨ ਪ੍ਰਬੰਧਕ ਕਮੇਟੀ, ਸੀ ਪੀ ਆਈ, ਸੀ ਪੀ ਐੱਮ, ਮੁਸਲਿਮ ਭਾਈਚਾਰਾ, ਖੰਡ ਘਿਓ ਹੋਲਸੇਲ ਐਸੋਸੀਏਸ਼ਨ, ਕੈਮਿਸਟ ਐਸੋਸੀਏਸ਼ਨ, ਭੱਠਾ ਮਾਲਕ ਐਸੋਸੀਏਸ਼ਨ, ਮਾਨਸਾ ਕਲੱਬ ਮਾਨਸਾ, ਛੋਟਾ ਹਾਥੀ ਮਾਲਕ ਯੂਨੀਅਨ, ਪੱਲੇਦਾਰ ਮਜ਼ਦੂਰ ਯੂਨੀਅਨ, ਸਾਬਕਾ ਸੈਨਿਕ ਯੂਨੀਅਨ, ਪ੍ਰਾਈਵੇਟ ਸਕੂਲ ਐਸੋਸੀਏਸ਼ਨ, ਡੈਮੋਕ੍ਰੇਟਿਕ ਟੀਚਰਜ਼ ਫਰੰਟ, ਪੈਸਟੀਸਾਈਡ ਡੀਲਰਜ਼ ਐਸੋਸੀਏਸ਼ਨ, ਜ਼ਿਲ੍ਹਾ ਰੂਰਲ ਯੂਥ ਕਲੱਬ ਐਸੋਸੀਏਸ਼ਨ, ਬੀਕੇਯੂ (ਡਕੌਂਦਾ) ਧਨੇਰ, ਬੀਕੇਯੂ (ਡਕੌਂਦਾ) ਬੁਰਜਗਿੱਲ, ਦੋਧੀ ਡੇਅਰੀ ਯੂਨੀਅਨ, ਪ੍ਰਗਤੀਸ਼ੀਲ ਇਸਤਰੀ ਸਭਾ, ਮਜ਼ਦੂਰ ਮੁਕਤੀ ਮੋਰਚਾ, ਬੀਕੇਯੂ (ਲੱਖੋਵਾਲ), ਬੀਕੇਯੂ (ਮਾਨਸਾ), ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ, ਦਸਮੇਸ਼ ਅਕੈਡਮੀ ਮਾਨਸਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਰਾਮਗੜ੍ਹੀਆ ਵਿਸ਼ਵਕਰਮਾ ਭਵਨ ਸਭਾ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ, ਕਾਰ ਵਰਕਸ਼ਾਪ ਯੂਨੀਅਨ, ਬੀਕੇਯੂ (ਕ੍ਰਾਂਤੀਕਾਰੀ) ਜਮਹੂਰੀ ਕਿਸਾਨ ਸਭਾ, ਅਕਾਲੀ ਦਲ ਮਾਨ, ਕਾਰ ਡੀਲਰਜ਼ ਐਸੋਸੀਏਸ਼ਨ, ਰੈਡੀਮੇਡ ਗਾਰਮੈਂਟਸ ਯੂਨੀਅਨ, ਇਨਕਲਾਬੀ ਨੌਜਵਾਨ ਸਭਾ, ਲਾਲ ਝੰਡਾ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਮੁੱਖ ਆਗੂ ਸ਼ਾਮਲ ਹੋਏ। ਮੀਟਿੰਗ ਨੇ ਨਸ਼ਿਆਂ ਦੇ ਮਾਰੂ ਕਾਰੋਬਾਰ ਨੂੰ ਮੁਕੰਮਲ ਤੌਰ 'ਤੇ ਬੰਦ ਕਰਵਾਉਣ ਲਈ ਪੂਰਨ ਸਹਿਮਤੀ ਨਾਲ ਸੰਘਰਸ਼ ਚਲਾਉਣ ਦਾ ਮਤਾ ਵੀ ਪਾਸ ਕੀਤਾ। ਇਹ ਸੰਘਰਸ਼ ਸ਼ਾਂਤੀਪੂਰਨ ਢੰਗ ਨਾਲ ਚਲਾਇਆ ਜਾਵੇਗਾ ਤੇ ਇਸ 'ਚ ਪੁਲਸ ਅਤੇ ਪ੍ਰਸ਼ਾਸਨ ਤੋਂ ਵੀ ਸਹਿਯੋਗ ਦੀ ਮੰਗ ਕੀਤੀ ਗਈ। ਝੂਠੇ ਕੇਸਾਂ ਨੂੰ ਲੜਨ ਤੇ ਨਸ਼ਾ ਤਸਕਰਾਂ ਨੂੰ ਸਜ਼ਾਵਾਂ ਕਰਵਾਉਣ ਲਈ ਬਾਰ ਐਸੋਸੀਏਸ਼ਨ ਤੇ ਵਕੀਲ ਸਾਹਿਬਾਨਾਂ ਤੋਂ ਵੀ ਸਹਿਯੋਗ ਮੰਗਿਆ ਜਾਵੇਗਾ। ਐਕਸ਼ਨ ਕਮੇਟੀ ਵੱਲੋਂ ਕਾ. ਰਾਜਵਿੰਦਰ ਸਿੰਘ ਰਾਣਾ ਨੂੰ ਸਰਬਸੰਮਤੀ ਨਾਲ ਐਕਸ਼ਨ ਕਮੇਟੀ ਦਾ ਕਨਵੀਨਰ ਥਾਪਿਆ ਗਿਆ। ਅੱਜ ਦੇ ਪੱਕੇ ਮੋਰਚੇ ਦੀ ਸਟੇਜ ਦਾ ਸੰਚਾਲਨ ਪ੍ਰਗਤੀਸ਼ੀਲ ਇਸਤਰੀ ਸਭਾ ਦੀ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਕੌਰ ਖਾਰਾ ਨੇ ਕੀਤਾ।

## ਕਾਤਰਾਂ

### ਹੜ੍ਹ ਪੀੜਤਾਂ ਲਈ ਰਾਹਤ ਸਮਗਰੀ ਭੇਜੀ

**ਮੁਕਤਸਰ (ਸ਼ਮਿੰਦਰਪਾਲ/ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੇ ਮੌੜ ਰੋਡ ਨੇੜੇ ਡੰਡੇਵਜ਼ ਮਾਰਕਿਟ ਤੋਂ ਪੰਜਾਬ ਮਹਾਵੀਰ ਦਲ, ਜੈ ਮਾਤਾ ਚਿੰਤਪੂਰਨੀ ਲੰਗਰ ਸੇਵਾ ਵੱਲੋਂ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ ਦੇ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਲੈ ਕੇ ਸੇਵਾਦਾਰ ਰਵਾਨਾ ਹੋਏ। ਜੱਥੇ ਨੂੰ ਰਵਾਨਾ ਕਰਨ ਮੌਕੇ ਪੱਲੇਦਾਰ ਯੂਨੀਅਨ ਦੇ ਪ੍ਰਧਾਨ ਗੁਰਤੇਜ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਚੇਅਰਮੈਨ ਹਰੀਪਾਲ ਬਾਂਸਲ, ਪ੍ਰਧਾਨ ਰਾਜ ਕੁਮਾਰ ਸਿਡਾਨਾ, ਮੀਤ ਪ੍ਰਧਾਨ ਹੀਰਾ ਲਾਲ ਸ਼ਰਮਾ ਆਦਿ ਨੇ ਦੱਸਿਆ ਕਿ ਦਲ ਵੱਲੋਂ ਵਧ-ਚੜ੍ਹ ਕੇ ਸਮਾਜਸੇਵਾ ਦੇ ਕੰਮਾਂ 'ਚ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸੇ ਲੜੀ ਅਧੀਨ ਇਹ ਸੇਵਾ ਕਰਨ ਲਈ ਜੱਥਾ ਰਵਾਨਾ ਹੋਇਆ।

### ਮਾਡਰਨ ਕਾਲਜ ਬੀਰ ਕਲਾਂ ਵੱਲੋਂ ਹੜ੍ਹ ਪੀੜਤਾਂ ਦੀ ਮਦਦ

**ਚੀਮਾਂ ਮੰਡੀ, (ਰਵਿੰਦਰ ਚੀਮਾ)**-ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾ. ਵੀ. ਕੇ. ਰਾਏ ਅਤੇ ਕਾਲਜ ਸਟਾਫ ਮੈਂਬਰ ਤੇ ਸਮੂਹ ਵਿਦਿਆਰਥੀਆਂ ਦੇ ਸਹਿਯੋਗ ਨਾਲ ਹੜ੍ਹ ਪੀੜਤਾਂ ਦੀ ਮਦਦ ਲਈ ਸਾਮਾਨ ਦਿੱਤਾ ਗਿਆ। ਪ੍ਰਿੰਸੀਪਲ ਡਾ. ਵੀ. ਕੇ. ਰਾਏ ਨੇ ਕਿਹਾ ਕਿ ਜ਼ਿਲ੍ਹਾ ਸੰਗਰੂਰ ਤੇ ਮਾਨਸਾ ਦੇ ਕਾਫੀ ਪਿੰਡਾਂ ਵਿੱਚ ਹੜ੍ਹਾਂ ਨੇ ਬਹੁਤ ਤਬਾਹੀ ਮਚਾਈ ਹੋਈ ਹੈ। ਪਿੰਡਾਂ ਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਪਾਣੀ ਜਮ੍ਹਾਂ ਹੋਣ ਕਾਰਨ ਲੋਕਾਂ ਦਾ ਜੀਵਨ ਅਸਤ ਵਿਅਸਤ ਹੋ ਗਿਆ ਹੈ ਅਤੇ ਲੋਕ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਕਾਲਜ ਪ੍ਰਬੰਧਕ ਕਮੇਟੀ ਤੇ ਵਿਦਿਆਰਥੀਆਂ ਨੇ ਲੋੜਵੰਦਾਂ ਦੀ ਸਹਾਇਤਾ ਨੂੰ ਮੁੱਖ ਰੱਖਦਿਆਂ ਇਹ ਸੇਵਾ ਨਿਭਾਈ।

### 'ਉਨ੍ਹਾਂ ਦੇ ਜਾਣ ਤੋਂ ਮਗਰੋਂ' ਲੋਕ ਅਰਪਣ 23 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਲਿਖਾਰੀ ਸਭਾ ਸੰਗਰੂਰ ਵੱਲੋਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸੰਗਰੂਰ ਵਿਖੇ 23 ਜੁਲਾਈ ਨੂੰ ਸਵੇਰੇ 10:00 ਵਜੇ ਮਹੀਨਾਵਾਰ ਸਾਹਿਤਕ ਸਮਾਗਮ ਹੋ ਰਿਹਾ ਹੈ, ਜਿਸ ਵਿੱਚ ਉੱਘੇ ਸਾਹਿਤਕਾਰ ਸ੍ਰੀ ਜਗਮੇਲ ਸਿੱਧੂ ਮੈਂਬਰ ਸਲਾਹਕਾਰ ਬੋਰਡ ਭਾਰਤੀ ਸਾਹਿਤ ਅਕੈਡਮੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਸਭਾ ਦੇ ਪ੍ਰੈੱਸ ਸਕੱਤਰ ਅਮਨ ਜਖਲਾਂ ਨੇ ਦੱਸਿਆ ਕਿ ਇਸ ਸਮਾਗਮ 'ਚ ਉਸਤਾਦ ਗਜ਼ਲਗੋ ਸੁਖਵਿੰਦਰ ਸਿੰਘ ਲੋਟੇ ਦਾ ਗਜ਼ਲ-ਸੰਗ੍ਰਹਿ 'ਉਨ੍ਹਾਂ ਦੇ ਜਾਣ ਤੋਂ ਮਗਰੋਂ' ਲੋਕ ਅਰਪਣ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਸੁਖਵਿੰਦਰ ਸਿੰਘ ਲੋਟੇ ਦਾ ਇੱਕ ਗਜ਼ਲ-ਸੰਗ੍ਰਹਿ 'ਗਜ਼ਲਾਂ ਹੀ ਸਿਰਨਾਵਾਂ' ਤੇ ਇੱਕ ਸੰਪਾਦਿਤ ਕਾਵਿ-ਸੰਗ੍ਰਹਿ 'ਚੋਣਵੇਂ ਰੁਮਾਂਟਿਕ ਸਿਅਰ' ਪ੍ਰਕਾਸ਼ਤ ਹੋ ਚੁੱਕੇ ਹਨ। ਇਸ ਮੌਕੇ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਕਵੀ ਦਰਬਾਰ ਵੀ ਹੋਵੇਗਾ।

### ਮੁਫ਼ਤ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਸ਼ਨ ਵੰਡਿਆ

**ਮਾਨਸਾ (ਆਤਮਾ ਸਿੰਘ ਪਮਾਰ)** : ਚੇਅਰਪਰਸਨ-ਕਮ-ਜ਼ਿਲ੍ਹਾ ਸੈਸ਼ਨ ਜੱਜ ਮਿਸ. ਪ੍ਰੀਤੀ ਸਾਹਨੀ ਦੇ ਦਿਸ਼ਾ ਨਿਰਦੇਸ਼ਾਂ 'ਤੇ ਮੁਫ਼ਤ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਰਦੂਲਗੜ੍ਹ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਿਸ. ਗੁਰਜੀਤ ਕੌਰ ਢਿੱਲੋਂ ਤੇ ਸਬ ਡਵੀਜ਼ਨ ਦੇ ਜੱਜ ਸਾਹਿਬਾਨ ਮਿਸ. ਹਰਪ੍ਰੀਤ ਕੌਰ ਨਾਫਰਾ ਵੱਲੋਂ ਆਸਰਾ ਲੋਕ ਸੇਵਾ ਕਲੱਬ ਦੀ ਸਹਾਇਤਾ ਨਾਲ ਲੋਕਾਂ ਨੂੰ ਰਾਸ਼ਨ ਤੇ ਖਾਣ-ਪੀਣ ਦਾ ਹੋਰ ਸਾਮਾਨ ਵੰਡਿਆ ਗਿਆ। ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਿਸ ਗੁਰਜੀਤ ਕੌਰ ਢਿੱਲੋਂ ਨੇ ਦੱਸਿਆ ਕਿ ਉਹ ਇਸ ਮੁਸ਼ਕਲ ਦੀ ਘੜੀ ਵਿੱਚ ਲੋਕਾਂ ਦੇ ਨਾਲ ਖੜੇ ਹਨ ਤੇ ਆਉਣ ਵਾਲੇ ਸਮੇਂ ਵਿੱਚ ਵੀ ਲੋਕਾਂ ਦੀ ਮਦਦ ਲਈ ਹਰ ਸਮੇਂ ਤਿਆਰ ਬਰ ਤਿਆਰ ਰਹਿਣਗੇ। ਇਸ ਸਮੇਂ ਆਸਰਾ ਲੋਕ ਕਲੱਬ ਦੇ ਪ੍ਰੋਜੈਕਟ ਚੇਅਰਮੈਨ ਤਰਸੇਮ ਸਿੰਘ ਸੇਮੀ, ਰਤਨ ਕੁਮਾਰ ਮਾਸਟਰ, ਸ੍ਰੀਮਤੀ ਬਲਵੀਰ ਕੌਰ ਪੈਨਲ ਐਡਵੋਕੇਟ, ਮਿਸ ਰਾਜਵਿੰਦਰ ਕੌਰ ਪੈਨਲ ਐਡਵੋਕੇਟ, ਬਾਰ ਐਸੋਸੀਏਸ਼ਨ ਪ੍ਰਧਾਨ ਸਰਦੂਲਗੜ੍ਹ ਆਦਿ ਵੀ ਸੇਵਾਵਾਂ ਲਈ ਹਾਜ਼ਰ ਸਨ।

### ਦਵਿੰਦਰ ਗਾਂਧੀ ਪਰਾਇਡ ਆਫ਼ ਪੰਜਾਬ ਰਾਜ ਪੁਰਸਕਾਰ ਨਾਲ ਸਨਮਾਨਤ

**ਮੁਕਤਸਰ (ਸ਼ਮਿੰਦਰਪਾਲ /ਪੂਜਾ)**- ਪਿਛਲੇ ਲੰਬੇ ਸਮੇਂ ਤੋਂ ਲਾਵਾਰਿਸ ਲਾਸ਼ਾਂ ਦਾ ਅੰਤਿਮ ਸੰਸਕਾਰ ਕਰਨ ਦੇ ਨਾਲ ਹੀ ਹੋਰ ਸਮਾਜ ਸੇਵਾ ਦੇ ਕੰਮਾਂ ਵਿਚ ਯੋਗਦਾਨ ਪਾਉਣ ਬਦਲੇ ਬਾਬਾ ਸ਼ਨੀਦੇਵ ਸੇਵਾ ਸੋਸਾਇਟੀ ਦੇ ਪ੍ਰਧਾਨ ਦਵਿੰਦਰ ਗਾਂਧੀ ਨੂੰ ਪਰਾਇਡ ਆਫ਼ ਪੰਜਾਬ ਰਾਜ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਪਿਛਲੇ ਦਿਨੀ ਮੁਕਤਸਰ ਦੇ ਮੁਕਤੀਸਰ ਗੈਸਟ ਹਾਊਸ ਵਿਖੇ ਹੋਏ ਸਮਾਗਮ ਦੌਰਾਨ ਉਨ੍ਹਾਂ ਨੂੰ ਇਹ ਪੁਰਸਕਾਰ ਦਿੱਤਾ ਗਿਆ। ਦਵਿੰਦਰ ਗਾਂਧੀ ਅਤੇ ਉਨ੍ਹਾਂ ਦੀ ਸੰਸਥਾ 2008 ਤੋਂ ਲਗਾਤਾਰ ਲਾਵਾਰਿਸ ਲਾਸ਼ਾਂ ਦਾ ਅੰਤਿਮ ਸੰਸਕਾਰ ਕਰਦੇ ਆ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਸ਼ਹਿਰ ਵਿਚ ਸਮਾਜ ਸੇਵਾ ਦੇ ਹੋਰ ਵੀ ਕੰਮ ਕੀਤੇ ਜਾ ਰਹੇ ਹਨ। ਹਰ ਸ਼ਨੀਵਾਰ ਸ਼ਨੀ ਮੰਦਰ ਵਿਖੇ ਲੰਗਰ ਲਗਾਉਣ ਦੇ ਨਾਲ ਹੀ ਜ਼ਰੂਰਤਮੰਦਾਂ ਦੀ ਸਹਾਇਤਾ ਵੀ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਇਹ ਪੁਰਸਕਾਰ ਮਿਲਣਾ ਮਾਣ ਵਾਲੀ ਗੱਲ ਹੈ।

# ਪਨੀਰੀ ਮੁਫ਼ਤ ਮੁਹੱਈਆ ਕਰਵਾਉਣ ਲਈ ਕੰਟਰੋਲ ਰੂਮ ਸਥਾਪਤ

**ਫਾਜ਼ਿਲਕਾ, (ਨਿਸ਼ਾ ਸ਼ਰਮਾ)**-ਹੜ੍ਹਾਂ ਨਾਲ ਪ੍ਰਭਾਵਿਤ ਕਿਸਾਨਾਂ ਨੂੰ ਰਾਹਤ ਦਿੰਦਿਆਂ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਸੂਬੇ ਵਿੱਚ ਜਿਹੜੇ ਕਿਸਾਨਾਂ ਦੀ ਫਸਲ ਦਾ ਹੜ੍ਹਾਂ ਕਾਰਨ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਝੋਨੇ ਦੀ ਪਨੀਰੀ ਮੁਫ਼ਤ ਮੁਹੱਈਆ ਕਰਵਾਉਣ ਲਈ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇੱਥੇ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਸ੍. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਅਜਿਹੇ ਕਿਸਾਨ ਸਵੇਰੇ 8 ਵਜੇ ਤੋਂ ਰਾਤ 9.30 ਵਜੇ ਤੱਕ '77106-65725' 'ਤੇ ਕਾਲ ਕਰਕੇ ਝੋਨੇ ਦੀ ਪਨੀਰੀ ਲੈਣ ਲਈ ਮੰਗ ਦਰਜ ਕਰਵਾ ਸਕਦੇ ਹਨ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਵਚਨਬੱਧਤਾ ਅਨੁਸਾਰ ਪੰਜਾਬ ਸਰਕਾਰ ਇਸ ਕੁਦਰਤੀ ਆਫਤ ਤੋਂ ਪ੍ਰਭਾਵਿਤ ਕਿਸਾਨਾਂ ਦੀ ਮਦਦ ਲਈ ਪੂਰੀ ਵਾਹ ਲਗਾ ਰਹੀ ਹੈ। ਸ੍. ਖੁੱਡੀਆਂ ਨੇ ਦੱਸਿਆ ਕਿ ਕਿਸਾਨਾਂ ਨੂੰ ਕਿਸੇ ਵੀ ਪ੍ਰਕਾਰ ਦੀ ਚਿੰਤਾ ਕਰਨ ਦੀ ਲੋੜ ਨਹੀਂ ਹੈ, ਕਿਉਂਕਿ ਸੂਬਾ ਸਰਕਾਰ ਇਸ ਮੁਸ਼ਕਲ ਘੜੀ ਵਿੱਚ ਉਨ੍ਹਾਂ ਦੇ ਨਾਲ ਖੜੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਝੋਨੇ ਦੀ ਪਨੀਰੀ ਦੀ ਮੰਗ ਨੂੰ ਪੂਰਾ ਕਰਨ ਲਈ ਯਤਨਸ਼ੀਲ ਹੈ। ਸੂਬਾ ਸਰਕਾਰ ਹੜ੍ਹਾਂ ਕਾਰਨ ਨੁਕਸਾਨੀ ਗਈ ਝੋਨੇ ਦੀ ਫਸਲ ਵਾਲੇ ਖੇਤਰਾਂ ਵਿੱਚ ਝੋਨੇ ਦੀ ਮੁੜ ਲੁਆਈ ਲਈ ਪਨੀਰੀ ਮੁਫ਼ਤ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

# ਗੁਰੂ ਕ੍ਰਿਪਾ ਹਸਤਪਤਾਲ ਨੇ ਹੜ੍ਹ ਪੀੜਤ ਇਲਾਕਿਆਂ 'ਚ ਲਗਾਇਆ ਮੈਡੀਕਲ ਕੈਂਪ

**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਗੁਰੂ ਕ੍ਰਿਪਾ ਹਸਤਪਤਾਲ ਘੁਬਾਇਆ ਵੱਲੋਂ ਹੜ੍ਹ ਪੀੜਤ ਇਲਾਕਿਆਂ ਕਾਵਾਂ ਵਾਲੀ ਪਤਨ ਦੇ ਨਾਲ ਲਗਦੇ ਪਿੰਡਾਂ ਵਿੱਚ ਫ੍ਰੀ ਮੈਡੀਕਲ ਚੈੱਕਅੱਪ ਕੈਂਪ ਲਗਾਇਆ ਗਿਆ।

ਇਹ ਕੈਂਪ ਗੁਰੂ ਕ੍ਰਿਪਾ ਹਸਪਤਾਲ ਘੁਬਾਇਆ ਦੇ ਇੰਚਾਰਜ ਡਾਕਟਰ ਜਗਦੀਸ਼ ਸਿੰਘ ਅਤੇ ਉਨ੍ਹਾਂ ਦੇ ਸਮੂਹ ਸਟਾਫ ਵੱਲੋਂ ਲਗਾਇਆ ਗਿਆ। ਇਸ ਮੌਕੇ ਡਾਕਟਰ ਜਗਦੀਸ਼ ਸਿੰਘ ਨੇ ਦੱਸਿਆ ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਵਿੱਚ ਆਏ ਹੜ੍ਹ ਦੇ ਮੱਦੇਨਜ਼ਰ ਉਨ੍ਹਾਂ ਵੱਲੋਂ ਇੱਥੇ ਹਰ ਇੱਕ ਪਿੰਡ-ਪਿੰਡ ਜਾ ਕੇ ਲੋਕਾਂ ਦਾ ਚੈੱਕਅੱਪ ਕੀਤਾ ਗਿਆ ਅਤੇ ਫ੍ਰੀ ਦਵਾਈਆਂ ਵੰਡੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਉਨ੍ਹਾਂ ਵੱਲੋਂ ਸਰਹੱਦੀ ਪਿੰਡ ਵੱਲੋਂ ਸ਼ਾਹ ਹਿਥਾੜ (ਗੁਲਾਬਾ ਭੈਣੀ), ਢਾਣੀ ਸੱਦਾ ਸਿੰਘ, ਪਿੰਡ ਰੇਤੇ ਵਾਲੀ ਭੈਣੀ, ਝੰਗੜ ਭੈਣੀ, ਗੱਟੀ ਨੰਬਰ 1, ਰੇਤੇ ਵਾਲੀ ਭੈਣੀ ਦੀਆਂ ਢਾਣੀਆਂ, ਪਿੰਡ ਰਾਮ ਸਿੰਘ ਭੈਣੀ, ਦੋਨਾ ਨਾਨਕਾ, ਪਿੰਡ ਤੇਜਾ ਰੁਹੇਲਾ ਅਤੇ ਪਿੰਡ ਚੱਕ ਰੁਹੇਲਾ ਆਦਿ ਸਾਰਿਆਂ ਪਿੰਡਾਂ ਵਿੱਚ ਜਾ ਜਾ ਕੇ ਮਰੀਜ਼ਾਂ ਦੀ ਜਾਂਚ ਕੀਤੀ ਗਈ। ਇਸ ਦੌਰਾਨ ਉਨ੍ਹਾਂ ਕੋਲ ਜ਼ਿਆਦਾਤਰ ਖਾਰਸ, ਜ਼ੁਕਾਮ, ਬੁਖਾਰ, ਖਾਂਸੀ, ਐਲਰਜੀ, ਪੇਟ ਦਰਦ, ਦਸਤ, ਉਲਟੀਆਂ, ਜੋੜ ਦਰਦ ਦੀ ਤਕਲੀਫ, ਨਮੂਨੀਆ, ਵਾਲ ਸਫੇਦ ਹੋਣਾ, ਕਾਲਾ ਪੀਲੀਆ, ਟੀ ਬੀ ਦੇ ਮਰੀਜ਼, ਕਮਜ਼ੋਰੀ, ਖ਼ੂਨ ਦੀ ਘਾਟ ਦੇ ਮਰੀਜ਼ ਪਹੁੰਚੇ। ਉਨ੍ਹਾਂ ਵੱਲੋਂ ਇਨ੍ਹਾਂ ਦਾ ਚੈੱਕਅਪ ਕੀਤਾ ਗਿਆ ਅਤੇ ਉਨ੍ਹਾਂ ਨੂੰ ਦਵਾਈ ਵੀ ਦਿੱਤੀ ਗਈ।

ਡਾਕਟਰ ਜਗਦੀਸ਼ ਨੇ ਦੱਸਿਆ ਕਿ ਹੁਣ ਤੱਕ ਇਨ੍ਹਾਂ ਸਾਰਿਆਂ ਪਿੰਡਾਂ ਦੇ ਕੁੱਲ 1050 ਮਰੀਜ਼ਾਂ ਦਾ ਚੈੱਕਅੱਪ ਕਰਕੇ ਦਵਾਈਆਂ ਵੰਡੀਆਂ ਗਈਆਂ ਹਨ। ਡਾਕਟਰ ਜਗਦੀਸ਼ ਨੇ ਦੱਸਿਆ ਕਿ ਇਹ ਕੈਂਪ ਹੁਣ ਹਰ ਹਫਤੇ ਬਾਅਦ ਪਿੰਡ ਰਾਮ ਸਿੰਘ ਭੈਣੀ ਵਿੱਚ ਹਰ ਐਤਵਾਰ ਨੂੰ ਲਗਾਇਆ ਜਾਵੇਗਾ। ਇਹ ਸੇਵਾ ਬਿਲਕੁੱਲ ਫ੍ਰੀ ਕੀਤੀ ਜਾਵੇਗੀ।

# ਕਿਸਾਨਾਂ ਦੇ ਵਿਰੋਧ ਸਦਕਾ ਦੁਕਾਨ ਦੀ ਕੁਰਕੀ ਟਲੀ



**ਭੀਖੀ, (ਧਰਮਵੀਰ ਸ਼ਰਮਾ)**-ਸਥਾਨਕ ਬੈਂਕ ਵਾਲੀ ਗਲੀ 'ਚ ਸਥਿੱਤ ਇੱਕ ਕੱਪੜੇ ਦੀ ਦੁਕਾਨ ਦੇ ਪ੍ਰਸ਼ਾਸਨ ਵੱਲੋਂ ਕਬਜ਼ਾ ਵਰੰਟ ਜਾਰੀ ਕੀਤੇ ਹੋਏ ਸਨ, ਪਰ ਪੰਜਾਬ ਕਿਸਾਨ ਯੂਨੀਅਨ ਤੇ ਸੀ.ਪੀ.ਆਈ. (ਐੱਮ.ਐੱਲ.) ਲਿਬਰੇਸ਼ਨ ਦੀ ਅਗਵਾਈ 'ਚ ਕਿਸਾਨਾਂ ਦੇ ਲਾਏ ਧਰਨੇ ਦੇ ਚਲਦਿਆਂ ਕੋਈ ਅਧਿਕਾਰੀ ਨਾ ਪਹੁੰਚਣ 'ਤੇ ਇਕ ਵਾਰ ਕਬਜ਼ਾ ਵਰੰਟ ਦੀ ਕਾਰਵਾਈ ਟਲ ਗਈ। ਧਰਨੇ ਨੂੰ ਸੰਬੋਧਨ ਕਰਦਿਆਂ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਸਕੱਤਰ ਗੁਰਨਾਮ ਸਿੰਘ ਭੀਖੀ, ਭੋਲਾ ਸਿੰਘ ਸਮਾਉਂ, ਲਿਬਰੇਸ਼ਨ ਆਗੂ ਹਰਭਗਵਾਨ ਭੀਖੀ, ਧਰਮਪਾਲ ਨੀਟਾ, ਦਰਸ਼ਨ ਸਿੰਘ ਟੇਲਰ, ਮਜ਼ਦੂਰ ਮੁਕਤੀ ਮੋਰਚਾ ਦੇ ਭੂਰਾ ਸਮਾਉਂ, ਮੇਲਾ ਸਿੰਘ ਮੋਹਰ ਸਿੰਘ ਵਾਲਾ ਨੇ ਕਿਹਾ ਕਿ ਆਰਥਿਕ ਸੰਕਟ ਲਗਾਤਾਰ ਵਧ ਰਿਹਾ ਹੈ, ਜਿਸ ਦੀ ਮਾਰ 'ਚ ਹੇਠਲਾ ਵਰਗ ਲਤਾੜਿਆ ਜਾ ਰਿਹਾ ਹੈ। ਇੱਕ ਪਾਸੇ ਸਰਕਾਰ ਧਨਾਢਾਂ ਨੂੰ ਕਰਜ਼ੇ ਛੱਡ ਛੱਡ ਕੇ ਮਾਲਾਮਾਲ ਕਰ ਰਹੀ ਹੈ, ਕਾਰਪੋਰੇਟ ਵੱਡੇ ਕਰਜ਼ੇ ਲੈ ਵਿਦੇਸ਼ੀ ਦੌੜ ਗਏ, ਪਰ ਆਮ ਲੋਕਾਂ ਨੂੰ ਛੋਟੇ ਛੋਟੇ ਕਰਜ਼ਿਆਂ ਬਦਲੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀਆਂ ਕੁਰਕੀਆਂ, ਕਬਜ਼ੇ ਵਾਰੰਟ ਕੱਢ ਘਰਾਂ, ਜ਼ਮੀਨਾਂ, ਰੁਜ਼ਗਾਰ ਤੋਂ ਬੇਦਖਲ ਕੀਤਾ ਜਾ ਰਿਹਾ ਹੈ, ਪਰ ਉਨ੍ਹਾਂ ਦੀ ਜਥਬੰਦੀ ਕਿਸੇ ਛੋਟੇ ਕਿਸਾਨ, ਦੁਕਾਨਦਾਰ ਦੀ ਕੁਰਕੀ ਨਹੀਂ ਹੋਣ ਦੇਣਗੇ ਤੇ ਇਸ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਬਿੰਦਰ ਬੋਘਕਾ, ਰਘਵੀਰ ਸਿੰਘ, ਯਾਦਵਿੰਦਰ ਸਿੰਘ, ਅਰਜੁਨ ਕੁਮਾਰ, ਵਿਵੇਕ ਜੈਨ ਬੱਬੂ, ਮਹੇਸ਼ ਕੁਮਾਰ ਆਦਿ ਹਾਜ਼ਰ ਸਨ।

# ਸਪਰਿੰਗ ਡਿਊ ਦੇ ਵਿਦਿਆਰਥੀਆਂ ਤੇ ਸਟਾਫ ਨੇ ਮਿਸ਼ਨ ਹਰਿਆਲੀ 'ਚ ਲਿਆ ਹਿੱਸਾ

**ਜਗਰਾਓਂ (ਅਮਿਤ ਖੰਨਾ)**-ਆਪਣਾ ਪੰਜਾਬ ਫਾਊਂਡੇਸ਼ਨ ਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ ਵੱਲੋਂ ਸ਼ੁਰੂ ਕੀਤੇ ਗਏ ਮਿਸ਼ਨ ਹਰਿਆਲੀ ਵਿੱਚ ਸਪਰਿੰਗ ਡਿਊ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਪੂਰੀ ਸ਼ਿੱਦਤ ਨਾਲ ਹਿੱਸਾ ਲਿਆ। ਪੰਜਾਬ ਭਰ ਦੇ ਸਕੂਲਾਂ ਨੇ ਇਸ ਵਿੱਚ ਹਿੱਸਾ ਲੈਂਦੇ ਹੋਏ ਵਰਲਡ ਰਿਕਾਰਡ ਬਣਾਉਣ ਦੇ ਲਈ ਵੱਧ ਤੋਂ ਵੱਧ ਪੌਦੇ ਲਗਾ ਕੇ ਇੱਕ ਨਵਾਂ ਕੀਰਤੀਮਾਨ ਸਥਾਪਤ ਕੀਤਾ। ਹਰ ਇੱਕ ਵਿਦਿਆਰਥੀ ਨੇ ਇੱਕ ਪੌਦਾ ਲਗਾ ਕੇ ਉਸ ਦੀ ਫੋਟੋ ਵੈੱਬਸਾਇਟ ਉੱਪਰ ਅਪਲੋਡ ਕੀਤੀ ਤੇ ਪ੍ਰਸ਼ੰਸਾ ਪੱਤਰ ਪ੍ਰਾਪਤ ਕੀਤਾ। ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ ਬਾਵਾ ਨੇ ਦੱਸਿਆ ਕਿ ਜਦੋਂ ਸਕੂਲ ਅੰਦਰ ਵਿਦਿਆਰਥੀਆਂ ਨੂੰ ਇਸ ਉਪਰਾਲੇ ਬਾਰੇ ਦੱਸਿਆ ਗਿਆ ਤਾਂ ਉਹਨਾਂ ਅੰਦਰ ਉਤਸ਼ਾਹ ਸੀ, ਕਈ ਵਿਦਿਆਰਥੀਆਂ ਨੇ ਗਰੁੱਪ ਬਣਾ ਕੇ ਆਪਣੇ ਆਪਣੇ ਪਿੰਡਾਂ ਵਿੱਚ ਸੈਕੜਿਆਂ ਦੀ ਗਿਣਤੀ ਵਿੱਚ ਪੌਦੇ ਲਗਾਏ। ਸਕੂਲ ਪ੍ਰਬੰਧਕੀ ਕਮੇਟੀ ਵੱਲੋਂ ਵੱਖਰੇ ਤੌਰ 'ਤੇ ਪੌਦਿਆਂ ਦਾ ਇੰਤਜ਼ਾਮ ਕੀਤਾ ਗਿਆ, ਜਿਨ੍ਹਾਂ ਨੂੰ ਸਕੂਲ ਅੰਦਰ ਤੇ ਆਲੇ ਦੁਆਲੇ ਦੇ ਇਲਾਕੇ ਵਿੱਚ ਵਿਦਿਆਰਥੀਆਂ ਵੱਲੋਂ ਲਗਾਇਆ ਗਿਆ। ਸਕੂਲ ਵਿਦਿਆਰਥੀਆਂ ਤੇ ਸਟਾਫ ਵੱਲੋਂ ਲਗਭਗ 850 ਦੇ ਕਰੀਬ ਪੌਦੇ ਲਗਾਏ ਗਏ। ਪ੍ਰਿੰਸੀਪਲ ਨਵਨੀਤ ਚੌਹਾਨ ਵੱਲੋਂ ਫੈਡਰੇਸ਼ਨ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ ਗਈ ਤੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਬੂਟੇ ਲਗਾ ਕੇ ਗੰਦਲੇ ਹੋ ਰਹੇ ਵਾਤਾਵਰਣ ਨੂੰ ਸਾਫ ਰੱਖਣ ਲਈ ਇਸ ਮੁਹਿੰਮ ਵਿੱਚ ਹਿੱਸਾ ਲੈਣ ਲਈ ਮੁਬਾਰਕਬਾਦ ਦਿੱਤੀ ਗਈ। ਸਕੂਲ ਪ੍ਰਬੰਧਕੀ ਕਮੇਟੀ ਵੱਲੋਂ ਪ੍ਰਧਾਨ ਮਨਜੋਤ ਕੁਮਾਰ, ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ, ਡਾਇਰੈਕਟਰ ਹਰਜੀਤ ਸਿੰਘ ਸਿੱਧੂ ਤੇ ਮੈਨੇਜਰ ਮਨਦੀਪ ਚੌਹਾਨ ਨੇ ਇਸ ਉਪਰਾਲੇ ਲਈ ਵਿਦਿਆਰਥੀਆਂ, ਮਾਤਾ-ਪਿਤਾ ਸਾਹਿਬਾਨ ਤੇ ਸਟਾਫ ਨੂੰ ਵਧਾਈ ਦਿੱਤੀ।

# ਡੀ ਆਈ ਜੀ ਅਜੈ ਮਲੂਜਾ ਦੇ ਪਿਤਾ ਨੂੰ ਨਮ ਅੱਖਾਂ ਨਾਲ ਅੰਤਮ ਸ਼ਰਧਾਂਜਲੀ



**ਮਲੋਟ, (ਗੁਰਮੀਤ ਸਿੰਘ ਮੱਕੜ)** : ਡੀ.ਆਈ.ਜੀ. ਫਰੀਦਕੋਟ ਰੇਂਜ ਸ਼੍ਰੀ ਅਜੈ ਮਲੂਜਾ ਦੇ 88 ਸਾਲਾ ਪਿਤਾ ਸ਼ਗਨ ਲਾਲ ਮਲੂਜਾ, ਜੋ ਮੰਗਲਵਾਰ ਸ਼ਾਮ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ, ਉਨ੍ਹਾ ਦਾ ਅੰਤਿਮ ਸੰਸਕਾਰ ਮਲੋਟ ਦੇ ਰਾਮ ਬਾਗ ਵਿਖੇ ਪੂਰੇ ਧਾਰਮਿਕ ਰਸਮਾਂ ਰਿਵਾਜ਼ਾਂ ਨਾਲ ਪੰਜਾਬ ਦੀਆਂ ਉੱਘੀਆਂ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਕੀਤਾ ਗਿਆ। ਸ਼੍ਰੀ ਸ਼ਗਨ ਲਾਲ ਦੀ ਅੰਤਿਮ ਯਾਤਰਾ ਸਮੇਂ ਉਨ੍ਹਾਂ ਦੇ ਜੱਦੀ ਘਰ ਵਿਖੇ ਲੋਕਾਂ ਨੇ ਮਾਰਕੀਟ ਬੰਦ ਕਰਕੇ ਜਿੱਥੇ ਸੋਗ ਪ੍ਰਗਟ ਕੀਤਾ, ਉੱਥੇ ਉਨ੍ਹਾਂ ਨੂੰ ਨਮ ਅੱਖਾਂ ਨਾਲ ਵਿਦਾਅ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡੀ.ਜੀ.ਪੀ. (ਪੀ.ਸੀ.ਪੀ.ਐੱਸ.ਐੱਲ.) ਜਤਿੰਦਰ ਜੈਨ, ਐੱਸ.ਐੱਸ.ਪੀ. ਫਰੀਦਕੋਟ ਹਰਜੀਤ ਸਿੰਘ, ਡੀ.ਪੀ.ਆਰ.ਓ. ਫਰੀਦਕੋਟ ਗੁਰਦੀਪ ਸਿੰਘ ਮਾਨ, ਅਮਰ ਚਹਿਲ ਰਿਟਾ. ਡੀ.ਆਈ.ਜੀ., ਏ.ਆਈ.ਜੀ. ਸੁਰਿੰਦਰਪਾਲ, ਡੀ.ਐੱਸ.ਪੀ. ਗਿੱਦੜਬਾਹਾ ਜਸਵੀਰ ਸਿੰਘ ਪੰਨੂੰ, ਸਾਬਕਾ ਆਰ.ਟੀ.ਆਈ. ਕਮਿਸ਼ਨਰ ਚੰਦਰ ਪ੍ਰਕਾਸ਼, ਸਤਿਗੁਰਦੇਵ ਪੱਪੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਲੋਟ ਦੇ ਪਤਵੰਤੇ ਵਿਅਕਤੀ ਮੌਜੂਦ ਸਨ।

# ਬੀ ਬੀ ਐੱਸ ਬੀ ਕਾਨਵੈਂਟ ਸਕੂਲ ਵਿਖੇ ਸੈਮੀਨਾਰ

**ਜਗਰਾਓਂ (ਅਮਿਤ ਖੰਨਾ)**-ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਇੱਕ ਸੈਮੀਨਾਰ ਕਰਵਾਇਆ ਗਿਆ, ਜਿਸ 'ਚ ਸ੍ਰੀ ਕੇ. ਕੇ. ਭਾਵਾ ਪ੍ਰਧਾਨ ਬਾਬਾ ਬੰਦਾ ਸਿੰਘ ਬਹਾਦਰ ਅੰਤਰ ਰਾਸ਼ਟਰੀ ਫਾਊਂਡੇਸ਼ਨ, ਮੈਡਮ ਰੈਬਨ (ਮਨੋਵੈਲੀ ਕਾਲਜ ਕੈਨੇਡਾ) ਤੇ ਹੋਰ ਮਾਨਯੋਗ ਪ੍ਰਤੀਨਿਧ ਪਹੁੰਚੇ।

ਇਨ੍ਹਾਂ ਦਾ ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਮੈਡਮ ਮੋਨਾ ਠਾਕੁਰ ਵੱਲੋਂ ਸਵਾਗਤ ਕੀਤਾ ਗਿਆ। ਇਸ ਸੈਮੀਨਾਰ 'ਚ ਮੈਡਮ ਰੈਬਨ ਨੇ ਬੱਚਿਆਂ ਨੂੰ ਦੱਸਿਆ ਕਿ ਇੰਡੀਆ ਵਿੱਚ ਰਹਿ ਕੇ ਹੀ ਉਹ 70% ਸਿੱਖਿਆ ਦੇ ਆਨਲਾਈਨ ਕੋਰਸ ਕਰ ਸਕਦੇ ਹਨ। ਇਸ ਸਮੇਂ ਸ੍ਰੀ ਕੇ. ਕੇ. ਬਾਵਾ ਨੇ ਕੈਨੇਡਾ 'ਚ ਵਿਦੇਸ਼ੀ ਬੱਚਿਆਂ ਨਾਲ ਜੋ ਵਿਵਹਾਰ ਹੋ ਰਿਹਾ ਹੈ, ਉਸ ਸੰਬੰਧੀ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਉਥੋਂ ਦੇ ਯੂਨੀਵਰਸਿਟੀਆਂ ਤੇ ਸਰਕਾਰ ਨੂੰ ਅਪੀਲ ਕੀਤੀ ਹਿ ਉਹ ਇਨ੍ਹਾਂ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦੇਣ ਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਕੰਮ ਦੀ ਅਗਿਆ ਦੇਣ ਤਾਂ ਜੋ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਏ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਮੋਨਾ ਠਾਕੁਰ ਨੇ ਇਨ੍ਹਾਂ ਸਭ ਦਾ ਸਕੂਲ ਪਹੁੰਚਣ ਤੇ ਬੱਚਿਆਂ ਨੂੰ ਮਹੱਤਵਪੂਰਨ ਜਾਣਕਾਰੀ ਦੇਣ 'ਤੇ ਧੰਨਵਾਦ ਕੀਤਾ।

ਇਸ ਮੌਕੇ ਸਮੂਹ ਮੈਨੇਜਮੈਂਟ, ਜਿਸ ਵਿੱਚ ਰਜਿੰਦਰ ਬਾਵਾ, ਹਰਕ੍ਰਿਸ਼ਨ ਭਗਵਾਨਦਾਸ ਬਾਵਾ, ਸ਼ਾਮ ਸੁੰਦਰ ਭਾਰਦਵਾਜ, ਸਨੀ ਅਰੋੜਾ, ਰਾਜੀਵ ਸੱਗੜ ਤੇ ਅੰਜੂ ਬਾਲਾ ਹਾਜ਼ਰ ਸਨ।

# ਸਬ-ਜੂਨੀਅਰ ਬੈਡਮਿੰਟਨ ਸਟੇਟ ਚੈਂਪੀਅਨਸ਼ਿਪ 24 ਤੋਂ



**ਸਮਰਾਲਾ (ਸੁਰਜੀਤ ਸਿੰਘ)**-ਸਮਰਾਲਾ ਇਲਾਕੇ ਵਿੱਚ ਪਹਿਲੀ ਵਾਰ ਸਬ-ਜੂਨੀਅਰ ਬੈਡਮਿੰਟਨ ਸਟੇਟ ਚੈਂਪੀਅਨਸ਼ਿਪ ਰਿਆੈਤ ਬੈਡਮਿੰਟਨ ਸਟੇਡੀਅਮ ਸਮਰਾਲਾ ਵਿਖੇ 24, 25, 26 ਤੇ 27 ਜੁਲਾਈ 2023 ਨੂੰ ਹੋ ਰਹੀ ਹੈ। ਅਕੈਡਮੀ ਦੇ ਪ੍ਰਬੰਧਕ ਕੋਚ ਅਜੇਪਾਲ ਸਿੰਘ, ਗੁਰਮੁੱਖ ਸਿੰਘ ਤੇ ਓਮਾਂ ਕਾਂਤ ਸ਼ਾਸਤਰੀ ਨੇ ਦੱਸਿਆ ਕਿ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਵੱਲੋਂ ਸਮਰਾਲਾ ਇਲਾਕੇ ਵਿੱਚ ਪਹਿਲੀ ਵਾਰ ਬੈਡਮਿੰਟਨ ਦੀ ਸਟੇਟ ਚੈਂਪੀਅਨਸ਼ਿਪ ਕਰਵਾਈ ਜਾ ਰਹੀ ਹੈ, ਜਿਸ ਵਿੱਚ ਤਕਰੀਬ ਸਾਰੇ ਜ਼ਿਲ੍ਹਿਆਂ ਵਿੱਚੋਂ 400 ਦੇ ਕਰੀਬ ਲੜਕੇ-ਲੜਕੀਆਂ ਭਾਗ ਲੈ ਰਹੇ ਹਨ।

ਉਨ੍ਹਾ ਦੱਸਿਆ ਕਿ 15 ਤੇ 17 ਉਮਰ ਵਰਗ 'ਚ ਸਿੰਗਲ, ਡਬਲ ਤੇ ਮਿਕਸ ਡਬਲ ਤਿੰਨ ਤਰ੍ਹਾਂ ਦੇ ਮੁਕਾਬਲੇ ਹੋਣਗੇ, ਜਿਨ੍ਹਾਂ 'ਚੋਂ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲੇ 64 ਖਿਡਾਰੀਆਂ ਨੂੰ ਜਿੱਥੇ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਵੱਲੋਂ ਸਰਟੀਫਿਕੇਟ ਦਿੱਤੇ ਜਾਣਗੇ, ਉਥੇ ਰਿਆੈਤ ਬੈਡਮਿੰਟਨ ਅਕੈਡਮੀ ਵੱਲੋਂ ਵੀ ਇਨਾਮ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਹ ਸਟੇਟ ਚੈਂਪੀਅਨਸ਼ਿਪ ਬਲਜੀਤ ਕੌਰ ਰਿਆਤ, ਰਛਪਾਲ ਸਿੰਘ ਕੰਗ, ਉਪਕਾਰ ਸਿੰਘ ਗਰੇਵਾਲ, ਕਪਿਲ ਖੁੱਲਰ, ਸੰਦੀਪ ਸ਼ਰਮਾ, ਹਰਭਜਨ ਸਿੰਘ, ਹਰਦੀਪ ਸਿੰਘ ਢਿੱਲੋਂ, ਨਰਿੰਦਰ ਸਿੰਘ ਢਿੱਲੋਂ, ਡੇਵਿਡ, ਵਿਨੇ ਕੁਮਾਰ, ਰਾਜੀਵ ਵਾਡਲਾ, ਪਿਉਸ਼ ਵਰਮਾ, ਮੋਹਿਤ ਕਲਿਆਨ, ਗੁਰਮੁੱਖ ਸਿੰਘ, ਕਿਰਨਪ੍ਰੀਤ ਸੇਖੋਂ, ਅਸੀਸ ਖਮਾਣੋਂ, ਜਤਿੰਦਰ ਸੱਦੀ ਤੇ ਰੁਪਿੰਦਰ ਸਿੰਘ ਗਿੱਲ ਦੀ ਦੇਖ-ਰੇਖ 'ਚ ਕਰਵਾਇਆ ਜਾ ਰਿਹਾ।

# ਹੜ੍ਹ ਪੀੜਤਾਂ ਲਈ ਵਿਧਾਇਕ ਨੇ ਰਾਸ਼ਨ ਤੇ ਪਾਣੀ ਦਾ ਟਰੱਕ ਕੀਤਾ ਰਵਾਨਾ

**ਮੋਗਾ (ਅਮਰਜੀਤ ਬੱਬਰੀ)**-ਅੱਜ ਹਲਕਾ ਨਾਭਾ ਦੇ ਹੜ੍ਹ ਪੀੜਤ ਪਰਵਾਰਾਂ ਦੇ ਲਈ ਆਮ ਆਦਮੀ ਪਾਰਟੀ ਦੀ ਟੀਮ ਮੋਗਾ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ 400 ਪਰਵਾਰਾਂ ਲਈ ਰਾਸ਼ਨ ਅਤੇ ਪਾਣੀ ਦਾ ਟਰੱਕ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਰਵਾਨਾ ਕੀਤਾ । ਵਿਧਾਇਕ ਡਾ.ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਇਸ ਮੁਸੀਬਤ ਦੀ ਘੜੀ ਵਿੱਚ ਪੀੜਤ ਲੋਕਾਂ ਦੀ ਮਦਦ ਕਰਨਾ ਸਾਡਾ ਨੈਤਿਕ ਫਰਜ਼ ਬਣਦਾ ਹੈ। ਵਿਧਾਇਕ ਡਾ.ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੀ ਹੜ੍ਹ ਪੀੜਤਾਂ ਦੀ ਹਰ ਸੰਭਵ ਸਹਾਇਤਾ ਕਰ ਰਹੀ ਹੈ। ਇਸ ਦੇ ਇਲਾਵਾ ਮੋਗਾ ਸ਼ਹਿਰ ਦੀਆਂ ਧਾਰਮਕ, ਰਾਜਨੀਤਕ, ਸਮਾਜਕ ਜਥੇਬੰਦੀਆਂ ਵੱਲੋਂ ਵੀ ਹੜ੍ਹ ਪੀੜਤਾਂ ਲਈ ਲਗਾਤਾਰ ਯਤਨ ਕਰਕੇ ਰਾਸ਼ਨ, ਦਵਾਈਆਂ, ਪਾਣੀ ਅਤੇ ਪਸ਼ੂਆਂ ਲਈ ਹਰਾ ਚਾਰਾ, ਦਵਾਈਆਂ ਭੇਜੀਆਂ ਜਾ ਰਹੀਆਂ ਹਨ। ਇਸ ਮੌਕੇ ਵੱਡੀ ਗਿਣਤੀ ਵਿਚ ਆਮ ਆਦਮੀ ਪਾਰਟੀ ਦੇ ਵਲੰਟੀਅਰ ਅਤੇ ਮੋਗਾ ਸ਼ਹਿਰ ਨਿਵਾਸੀ ਹਾਜ਼ਰ ਸਨ।

# ਮੀਂਹ ਤੇ ਹੜ੍ਹਾਂ ਕਾਰਨ ਕਿਸਾਨਾਂ ਦੀਆਂ ਫਸਲਾਂ ਦਾ ਭਾਰੀ ਨੁਕਸਾਨ : ਪੀਰ ਮੁਹੰਮਦ



**ਮੱਖੂ (ਰਛਪਾਲ ਸਿੰਘ ਸੰਧੂ)** : ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਮੱਖੂ ਦੀ ਮੀਟਿੰਗ ਵਿੱਚ ਮਾਸਟਰ ਅਮਰ ਸਿੰਘ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਪੀਰ ਮੁਹੰਮਦ ਵਿਖੇ ਹੋਈ, ਜਿਸ ਵਿੱਚ ਇਲਾਕੇ ਦੇ ਕਿਸਾਨ ਆਗੂ ਤੇ ਵਰਕਰ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਲਖਵਿੰਦਰ ਸਿੰਘ ਪੀਰ ਮੁਹੰਮਦ ਸੂਬਾ ਆਗੂ ਨੇ ਕਿਹਾ ਕਿ ਪਿਛਲੇ ਦਿਨੀਂ ਬਾਰਿਸ਼ਾਂ ਤੇ ਹੜ੍ਹਾਂ ਕਾਰਨ ਫਸਲਾਂ ਦੇ ਹੋਏ ਨੁਕਸਾਨ ਨੇ ਕਿਸਾਨ ਦੀ ਰੀੜ੍ਹ ਦੀ ਹੱਡੀ ਤੋੜ ਦਿੱਤੀ ਹੈ। ਕਿਸਾਨ ਜੋ ਕਿ ਪਹਿਲਾਂ ਹੀ ਕਰਜ਼ੇ ਦੇ ਮੱਕੜ ਜਾਲ ਵਿੱਚ ਫਸਿਆ ਹੈ, ਉਸ ਨੂੰ ਹੁਣ ਦੋ ਡੰਗ ਦੀ ਰੋਟੀ ਦੇ ਲਾਲੇ ਪਏ ਹਨ। ਬਹੁਤ ਸਾਰੇ ਲੋਕਾਂ ਦੇ ਨਾ ਘਰ, ਨਾ ਪਸ਼ੂ ਤੇ ਨਾ ਫਸਲ ਰਹੀ, ਸਭ ਕੁਝ ਬਰਬਾਦ ਹੋ ਚੁੱਕਾ ਹੈ। ਦੇਸ ਵਿਦੇਸ਼ 'ਚ ਜਿੱਥੇ ਵੀ ਕੁਦਰਤੀ ਕਰੋਪੀਆਂ ਆ ਜਾਣ 'ਤੇ ਪੰਜਾਬ ਹਮੇਸ਼ਾ ਹੀ ਹਰ ਕਿਸੇ ਦੇ ਨਾਲ ਖੜਦਾ ਹੈ, ਪਰ ਅੱਜ ਜਦ ਪੰਜਾਬ ਨਾਲ ਖੜਨ ਦੀ ਲੋੜ ਪਈ ਤਾਂ ਕਿਸੇ ਨੇ ਕੋਈ ਹੀਲਾ ਨਹੀਂ ਕੀਤਾ, ਪਰ ਪੰਜਾਬ ਕਿਸੇ ਤੋਂ ਕੋਈ ਆਸ ਨਹੀਂ ਰੱਖਦਾ। ਇਤਿਹਾਸ ਗਵਾਹ ਹੈ ਕਿ ਜਦ ਵੀ ਪੰਜਾਬ ਵਿੱਚ ਕੁਦਰਤੀ ਕਰੋਪੀ ਜਾਂ ਜੰਗ ਆਦਿ ਦੇ ਮੌਕੇ ਆਏ ਤਾਂ ਪੰਜਾਬ ਨੇ ਆਪਸੀ ਭਾਈਚਾਰੇ ਨਾਲ ਤਕੜੇ ਹੋ ਕੇ ਜਵਾਬ ਦਿੱਤਾ, ਅੱਜ ਫਿਰ ਲੋੜ ਆਪਣੇ ਭਾਈਚਾਰੇ ਦੀ ਸਹਾਇਤਾ ਕਰਨ ਦੀ ਹੈ। ਲਖਵਿੰਦਰ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਸਮੂਹ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣਾ ਪੰਜਾਬੀ ਭਾਈਚਾਰਾ ਇਸ ਵਕਤ ਦੁੱਖ ਦੀ ਘੜੀ ਵਿੱਚ ਹੈ ਤੇ ਆਰਥਿਕ ਪੱਖੋਂ ਕਮਜ਼ੋਰ ਹੈ। ਉਸ ਦੀ ਵੱਧ ਤੋਂ ਵੱਧ ਸਹਾਇਤਾ ਕਰੀਏ। ਇਸ ਮੌਕੇ ਗੁਹਦੇਵ ਸਿੰਘ, ਗੁਰਵਿੰਦਰ ਸਿੰਘ, ਦਵਿੰਦਰ ਸਿੰਘ, ਕਾਰਜ ਸਿੰਘ, ਹਰਦੇਵ ਸਿੰਘ, ਕੁਲਬੀਰ ਸਿੰਘ, ਗੁਰਦੀਪ ਸਿੰਘ, ਸੁਖਦੇਵ ਸਿੰਘ, ਦਰਸ਼ਨ ਸਿੰਘ, ਅੰਗਰੇਜ ਸਿੰਘ, ਸੂਰਤ ਸਿੰਘ, ਸੁਖਵਿੰਦਰ ਸਿੰਘ ਵਾਰਸਵਾਲਾ, ਮਹਿਲ ਸਿੰਘ, ਰਸ਼ਪਾਲ ਸਿੰਘ ਆਦਿ ਕਿਸਾਨ ਹਾਜ਼ਰ ਸਨ।

# ਇਰਾਦਾ ਕਤਲ ਕੇਸ ਦੇ 3 ਮੁਲਜ਼ਮ ਗ੍ਰਿਫਤਾਰ, ਵਰਤੀ ਗੱਡੀ ਤੇ ਹਥਿਆਰ ਬਰਾਮਦ

**ਸੰਗਰੂਰ (ਪ੍ਰਵੀਨ ਸਿੰਘ)**-ਐੱਸ.ਐੱਸ.ਪੀ. ਸ੍ਰੀ ਸੁਰਿੰਦਰ ਲਾਂਬਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਥਾਣਾ ਸਿਟੀ ਸੰਗਰੂਰ ਦੇ ਏਰੀਆ ਵਿਖੇ ਹੋਏ ਇਰਾਦਾ ਕਤਲ ਕੇਸ ਵਿੱਚ 3 ਮੁਲਜ਼ਮ ਗ੍ਰਿਫ਼ਤਾਰ ਕਰਕੇ ਵਾਰਦਾਤ ਸਮੇਂ ਵਰਤੀ ਗੱਡੀ ਤੇ ਹਥਿਆਰ ਬ੍ਰਾਮਦ ਕਰਵਾਏ ਗਏ। ਸ੍ਰੀ ਸੁਰਿੰਦਰ ਲਾਂਬਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 23 ਮਈ 2023 ਨੂੰ ਅਮਨਦੀਪ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਮਕਾਨ ਨੰਬਰ 132 ਸ਼ਿਵਮ ਕਲੋਨੀ ਸੰਗਰੂਰ ਨੇ ਬਿਆਨ ਤਹਿਰੀਰ ਕਰਵਾਇਆ ਕਿ ਉਹ ਆਪਣੀ ਸਕੂਟਰੀ ਨੰਬਰੀ-13-6547 'ਤੇ ਸਵਾਰ ਹੋ ਕੇ ਬਨਾਸਰ ਬਾਗ ਸੰਗਰੂਰ ਵਿਖੇ ਬਾਕਸਿੰਗ ਰਿੰਗ ਵਿੱਚ ਪ੍ਰੈਕਟਿਸ ਕਰਨ ਜਾ ਰਿਹਾ ਸੀ ਤਾਂ ਕਰੀਬ 06.30 'ਤੇ ਜਦੋਂ ਉਹ ਹਨੀ ਸੈਲਨ ਪਾਸ ਪੁੱਜਾ ਤਾਂ ਸੜਕ ਕਿਨਾਰੇ ਇੱਕ ਕਾਰ ਖੜੀ ਸੀ ਤੇ ਕਾਰ ਨਜ਼ਦੀਕ ਪਲਵਿੰਦਰ ਸਿੰਘ ਉਰਫ ਮਨੀ ਪੁੱਤਰ ਬਲਦੇਵ ਸਿੰਘ, ਹਰਦਿੱਤਪੁਰੀ ਪੁੱਤਰ ਕ੍ਰਿਸ਼ਨਪੁਰੀ ਵਾਸੀਆਨ ਹਰੀਪੁਰਾ ਬਸਤੀ ਸੰਗਰੂਰ, ਗਗਨਦੀਪ ਸਿੰਘ ਉਰਫ ਦੀਪੀ ਪੁੱਤਰ ਜਸਵੰਤ ਸਿੰਘ ਵਾਸੀ ਪ੍ਰੀਤ ਨਗਰ, ਹਰੇੜੀ ਰੋਡ ਸੰਗਰੂਰ ਤੇ ਨਰਿੰਦਰਪਾਲ ਉਰਫ ਭੋਲਾ ਪੁੱਤਰ ਨਾਮਲੂਮ ਵਾਸੀ ਖੇੜੀ ਖੜੇ ਸਨ, ਜਿਨ੍ਹਾਂ ਨੇ ਪਾਇਪ ਲੋਹਾ, ਘਣ (ਹਥੌੜਾ) ਹੋ ਕੇ ਮਾਰ ਦੇਣ ਦੀ ਨੀਅਤ ਨਾਲ ਸੱਟਾਂ ਮਾਰੀਆਂ, ਜਿਸ 'ਤੇ ਅਮਨਦੀਪ ਸਿੰਘ ਉਕਤ ਦੇ ਬਿਆਨਾਂ 'ਤੇ ਮੁਕੱਦਮਾ ਨੰਬਰ 102 ਮਿਤੀ 23 ਮਈ 2023 ਅੱਧ 307, 323, 341, 506,120ਬੀ, 34 ਹਿੰ:ਡੰ: ਥਾਣਾ ਸਿਟੀ ਸੰਗਰੂਰ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ।

ਤਫਤੀਸ਼ ਦੌਰਾਨ 23 ਮਈ 2023 ਨੂੰ ਇਸ ਵਾਰਦਾਤ ਦੀ ਸਾਜ਼ਿਸ਼ ਰਚਣ ਵਾਲੇ ਮੁਲਜ਼ਮ ਗੁਰਦਿੱਤਪੁਰੀ ਪੁੱਤਰ ਕ੍ਰਿਸ਼ਨਪੁਰੀ ਤੇ ਕ੍ਰਿਸ਼ਨਪੁਰੀ ਪੁੱਤਰ ਦਿਆਲਪੁਰੀ ਵਾਸੀਆਨ ਹਰੀਪੁਰਾ ਬਸਤੀ ਸੰਗਰੂਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਨ੍ਹਾਂ ਤੋਂ ਕੀਤੀ ਪੁੱਛ-ਗਿੱਛ ਦੌਰਾਨ ਬੀਤੀ 18 ਜੁਲਾਈ ਨੂੰ ਮੁਲਜ਼ਮ ਹਰਦਿੱਤਪੁਰੀ, ਪਲਵਿੰਦਰ ਸਿੰਘ ਉਰਫ ਮਨੀ ਤੇ ਗਗਨਦੀਪ ਸਿੰਘ ਉਰਫ ਦੀਪੀ ਨੂੰ ਗ੍ਰਿਫਤਾਰ ਕਰਕੇ ਵਾਰਦਾਤ ਸਮੇਂ ਵਰਤੀ ਗੱਡੀ, 1 ਹਥੌੜਾ ਤੇ ਪਾਇਪ ਲੋਹਾ ਬ੍ਰਾਮਦ ਕਰਾਏ ਗਏ। ਇਨ੍ਹਾਂ ਤੋਂ ਹੋਰ ਵੀ ਪੁੱਛ-ਗਿੱਛ ਕੀਤੀ ਜਾ ਰਹੀ ਹੈ।

# ਬਾਬਾ ਫਰੀਦ ਨਰਸਿੰਗ ਕਾਲਜ ਵੱਲੋਂ ਰਾਹਤ ਕਾਰਜਾਂ ਲਈ ਐਂਬੂਲੈਂਸ ਭੇਟ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)** -ਜਿੱਥੇ ਪੰਜਾਬ ਦੇ ਦਰਿਆਵਾਂ ਨੇੜਲੇ ਇਲਾਕਿਆਂ ਵਿੱਚ ਆਏ ਹੜ੍ਹ ਕਾਰਨ ਸਰਕਾਰ ਸਮੇਤ ਸਮਾਜਸੇਵੀ ਸੰਸਥਾਵਾਂ ਅਤੇ ਜਥੇਬੰਦੀਆਂ ਵੱਲੋਂ ਆਪੋ ਆਪਣੇ ਤੌਰ 'ਤੇ ਰਾਹਤ ਕਾਰਜ ਜਾਰੀ ਹਨ, ਉੱਥੇ ਨਰਸਿੰਗ ਟ੍ਰੇਨਿੰਗ ਇੰਸਟੀਚਿਊਟ ਐਸੋਸੀਏਸ਼ਨ ਪੰਜਾਬ ਵੱਲੋਂ ਵੀ ਸਿਹਤ ਵਿਭਾਗ ਨਾਲ ਤਾਲਮੇਲ ਕਰਕੇ ਬਣਦਾ ਯੋਗਦਾਨ ਪਾਇਆ ਜਾ ਰਿਹਾ ਹੈ। ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਮੈਨੇਜਿੰਗ ਡਾਇਰੈਕਟਰ ਬਾਬਾ ਫਰੀਦ ਕਾਲਜ ਆਫ ਨਰਸਿੰਗ ਕੋਟਕਪੂਰਾ ਨੇ ਸਿਵਲ ਸਰਜਨ ਡਾ. ਅਨਿਲ ਗੋਇਲ ਅਤੇ ਐਸ.ਐਮ.ਓ. ਡਾ. ਚੰਦਰ ਸ਼ੇਖਰ ਨੂੰ ਐਂਬੂਲੈਂਸ ਗੱਡੀ ਸੌਂਪਦਿਆਂ ਆਖਿਆ ਕਿ ਉਹ ਫਿਰੋਜ਼ਪੁਰ ਇਲਾਕੇ ਵਿੱਚ ਹੜ੍ਹਾਂ ਦੀ ਮਾਰ ਹੇਠ ਆਏ ਪਿੰਡਾਂ ਦੇ ਵਸਨੀਕਾਂ ਲਈ ਇਹ ਗੱਡੀ ਜਿੰਨਾ ਚਿਰ ਮਰਜ਼ੀ ਵਰਤ ਸਕਦੇ ਹਨ। ਡਾ. ਅਨਿਲ ਗੋਇਲ ਨੇ ਜਿੱਥੇ ਡਾ. ਮਨਜੀਤ ਸਿੰਘ ਢਿੱਲੋਂ ਸਮੇਤ ਐਸੋਸੀਏਸ਼ਨ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ, ਉੱਥੇ ਬਾਬਾ ਬੰਦਾ ਬਹਾਦਰ ਕਾਲਜ ਫਰੀਦਕੋਟ, ਦਸਮੇਸ਼ ਡੈਂਟਲ ਕਾਲਜ ਫਰੀਦਕੋਟ, ਦਸਮੇਸ਼ ਨਰਸਿੰਗ ਕਾਲਜ ਫਰੀਦਕੋਟ, ਮਾਲਵਾ ਨਰਸਿੰਗ ਕਾਲਜ ਕੋਟਕਪੂਰਾ, ਰਾਹਤ ਹਸਪਤਾਲ ਅਤੇ ਰੋਬਿਨ ਗੇਹੈਬੀਟੇਸ਼ਨ ਸੈਂਟਰ ਨੂੰ ਵੀ ਬਣਦਾ ਯੋਗਦਾਨ ਪਾਉਣ ਦੀ ਅਪੀਲ ਕੀਤੀ। ਬਾਬਾ ਬੰਦਾ ਬਹਾਦਰ ਕਾਲਜ ਫਰੀਦਕੋਟ ਦੇ ਚੇਅਰਮੈਨ ਪੁਨੀਤਇੰਦਰ ਬਾਵਾ ਨੇ ਵਿਸ਼ਵਾਸ ਦਿਵਾਇਆ ਕਿ ਉਹ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਕਾਲਜ ਵੱਲੋਂ ਬਣਦਾ ਯੋਗਦਾਨ ਜ਼ਰੂਰ ਪਾਉਣਗੇ। ਡਾ. ਚੰਦਰ ਸ਼ੇਖਰ ਨੇ ਡਾ. ਮਨਜੀਤ ਸਿੰਘ ਢਿੱਲੋਂ ਅਤੇ ਪੁਨੀਤਇੰਦਰ ਬਾਵਾ ਸਮੇਤ ਸਮੁੱਚੇ ਵਫਦ ਦਾ ਧੰਨਵਾਦ ਕੀਤਾ।

# ਚਾਂਦਪੁਰਾ ਬੰਨ੍ਹ ਦੇ ਪਾੜ ਕਾਰਨ ਤਬਾਹੀ ਤੇ ਉਜਾੜੇ ਦਾ ਕਹਿਰ ਜਾਰੀ

## ਖਾਰਿਸ਼ ਤੇ ਸੋਜ਼ਿਸ਼ ਦੀ ਬੀਮਾਰੀ 'ਚ ਵਾਧਾ, ਲੋਕਾਂ ਦੇ ਮਕਾਨ ਢਹਿ-ਢੇਰੀ ਦੇ ਮੁਕਾਮ 'ਤੇ



**ਬਰੇਟਾ (ਰੀਤਵਾਲ)**-ਚਾਂਦਪੁਰਾ ਬੰਨ੍ਹ 'ਤੇ ਪਾੜ ਕਾਰਨ ਪਿੰਡਾਂ ਅੰਦਰ ਤਬਾਹੀ ਤੇ ਉਜਾੜੇ ਦਾ ਕਹਿਰ ਲਗਾਤਾਰ ਜਾਰੀ ਹੈ ਅਤੇ ਪਾਣੀ ਇੱਕ ਤੋਂ ਇੱਕ ਪਿੰਡਾਂ 'ਚ ਤਰਥੱਲੀ ਮੱਚਾ ਰਿਹਾ ਹੈ। ਪਾਣੀ ਦਾ ਵਹਾਅ ਤੇਜ਼ੀ ਨਾਲ ਸੈਂਕੜੇ ਏਕੜ ਫਸਲ ਤਬਾਹ ਹੁੰਦੀ ਜਾ ਰਹੀ ਹੈ, ਉਥੇ ਹਰਿਆਣੇ ਤੇ ਪੰਜਾਬ ਦਾ ਸੜਕ ਰਾਹੀਂ ਸੰਪਰਕ ਟੁੱਟ ਚੁੱਕਾ ਹੈ। ਚਾਂਦਪੁਰਾ ਬੰਨ੍ਹ ਦੇ ਪਾੜ ਦਾ ਪਾਣੀ ਬੀਰੇਵਾਲਾ ਡੋਗਰਾ ਤੋਂ ਰਿਉਂਦ ਵਿੱਚ ਤਬਾਹੀ ਮਚਾਉਂਦਾ ਪਿੰਡ ਦੀਆਂ ਸੜਕਾਂ ਤੇ ਘਰਾਂ ਅੰਦਰ ਦਾਖਲ ਹੋਣਾ ਸ਼ੁਰੂ ਹੋ ਗਿਆ। ਗਰੀਬ ਲੋਕਾਂ ਦੀ ਮਦਦ ਲਈ ਸਰਮਾਏਦਾਰਾਂ ਨੇ ਆਪਣੇ ਹੱਥ ਪਿੱਛੇ ਖਿੱਚ ਲਏ ਹਨ ਤੇ ਪ੍ਰਸ਼ਾਸਨਕ ਮਦਦ ਨਾ ਮਿਲਣ ਕਾਰਨ ਲੋਕਾਂ ਨੇ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਪਿੰਡ ਨੂੰ ਡੁੱਬਣ ਤੋਂ ਬਚਾਉਣ ਦੀ ਗੱਲ ਕਰ ਰਹੇ ਹਨ। ਪਿੰਡ ਦੇ ਨੰਬਰਦਾਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਰਿਉਂਦ ਕਲਾਂ ਦੇ ਚਾਰ ਚੁਫੇਰੇ ਖੇਤਾਂ 'ਚ 66 ਫੁੱਟ ਪਾਣੀ ਭਰ ਚੁੱਕਾ ਹੈ, ਰਿਉਂਦ ਪਿੰਡ ਦਾ ਦੂਸਰੇ ਪਿੰਡਾਂ ਤੋਂ ਰਾਵਤਾ ਟੁੱਟ ਚੁੱਕਾ ਹੈ, ਜਿਸ ਕਾਰਨ ਉਥੇ ਦੇ ਹਾਲਾਤ ਕਾਫੀ ਗੰਭੀਰ ਨਜ਼ਰ ਆ ਰਹੇ ਹਨ। ਮੰਦਭਾਗੀ ਗੱਲ ਹੈ ਕਿ ਪਿੰਡ ਦੇ ਸਰਮਾਏਦਾਰ, ਜਿਨ੍ਹਾਂ ਕੋਲ ਸਾਧਨ ਹਨ, ਉਹ ਵੀ ਉਨ੍ਹਾਂ ਗਰੀਬਾਂ ਦੀ ਮਦਦ ਕਰਨ ਤੋਂ ਇਨਕਾਰ ਚੁੱਕੇ ਹਨ, ਜਿਸ ਕਾਰਨ ਗਰੀਬ ਲੋਕਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਪਿੰਡ ਅੰਦਰ ਕੁਝ ਮਕਾਨ ਡਿੱਗਣ ਕਿਨਾਰੇ ਆ ਚੁੱਕੇ ਹਨ। ਉਨ੍ਹਾ ਦੱਸਿਆ ਕਿ ਪਾਣੀ ਕਾਰਨ ਭਿਆਨਕ ਬੀਮਾਰੀਆਂ ਪੈਦਾ ਹੋਣ ਦਾ ਖਦਸ਼ਾ ਬਣਿਆ ਹੋਇਆ ਹੈ। ਖਾਰਿਸ਼, ਧੱਫੜ ਜਿਹੀ ਬੀਮਾਰੀ ਫੈਲ ਚੁੱਕੀ ਹੈ। ਉਨ੍ਹਾਂ ਕੋਲ ਤੇ ਉਨ੍ਹਾਂ ਦੇ ਪਸ਼ੂਆਂ ਦੇ ਖਾਣ ਲਈ ਕੋਈ ਚਾਰਾ ਨਹੀਂ ਹੈ। ਉਨ੍ਹਾ ਦੱਸਿਆ ਕਿ ਜਦੋਂ ਤੱਕ ਧਰਮਪੁਰਾ ਚੋਆ ਨੂੰ ਤਿੰਨ ਜਗ੍ਹਾ ਤੋਂ ਕੱਟਿਆ ਨਹੀਂ ਜਾਂਦਾ, ਉਸ ਸਮੇਂ ਤੱਕ ਰਿਉਂਦ ਦੇ ਪਾਣੀ ਦਾ ਨਿਕਾਸ ਨਹੀਂ ਹੋ ਸਕਦਾ। ਉਨ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਜਲਦ ਜੇ.ਸੀ.ਬੀ. ਤੇ ਕਿਸ਼ਤੀਆਂ ਰਾਹੀਂ ਰਿਉਂਦ ਕਲਾਂ ਦੇ ਗਰੀਬ ਲੋਕਾਂ ਦੀ ਮਦਦ ਕੀਤੀ ਜਾਵੇ। ਇਸ ਮੌਕੇ ਸਰਕਾਰ ਖਿਲਾਫ ਨਾਅਰੇਬਾਜਜ਼ ਕੀਤੀ ਗਈ। ਹੜ੍ਹਾਂ ਦੀ ਮਾਰ ਕਾਰਨ ਪਿੰਡ ਰਿਉਂਦ ਕਲਾਂ ਅੰਦਰ ਇੱਕ ਗਰੀਬ ਮਜ਼ਦੂਰ ਮੱਖਣ ਸਿੰਘ ਪੁੱਤਰ ਅਮਰੀਕ ਸਿੰਘ ਦਾ ਘਰ ਬੁਰੀ ਤਰ੍ਹਾਂ ਤ੍ਰੇੜਾਂ ਖਾ ਚੁੱਕਾ ਹੈ, ਜਿਸ ਦੀ ਬਾਹਰਲੀ ਚਾਰਦੀਵਾਰੀ ਪਾਣੀ ਵਿੱਚ ਰੁੜ੍ਹ ਚੁੱਕੀ ਹੈ ਤੇ ਬਾਕੀ ਮਕਾਨ ਕਿਸੇ ਵੀ ਸਮੇਂ ਢਹਿ ਢੇਰੀ ਹੋ ਸਕਦਾ ਹੈ। ਉਥੇ ਫੌਜ ਦੀਆਂ ਟੀਮਾਂ ਵੱਲੋਂ ਹੜ੍ਹ 'ਚ ਫਸੇ ਲੋਕਾਂ ਨੂੰ ਕੱਢ ਕੇ ਰਾਹਤ ਕੈਂਪਾਂ ਵਿੱਚ ਭੇਜਿਆ ਜਾ ਰਿਹਾ ਹੈ। ਮੇਜਰ ਬਵੇ ਪਾਂਡੇ, ਲੈਫਟੀਨੈਂਟ ਕਰਨਲ ਵੇਕਾਂਤ ਦੀ ਟੀਮ ਵੱਲੋਂ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਦੇ ਸਹਿਯੋਗ ਸਦਕਾ ਚਾਂਦਪੁਰਾ ਬੰਨ੍ਹ 'ਤੇ ਲੱਗੇ ਪਾੜ ਨੂੰ ਭਰਨ ਦਾ ਕੰਮ ਤੇਜ਼ੀ ਨਾਲ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਮਾਨਸਾ ਰਿਸ਼ੀਪਾਲ ਸਿੰਘ, ਐੱਸ.ਐੱਸ.ਪੀ. ਡਾ. ਨਾਨਕ ਸਿੰਘ ਤੇ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਹੌਸਲਾ ਅਫਜ਼ਾਈ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਫੌਜ ਵੱਲੋਂ ਚਾਂਦਪੁਰਾ ਬੰਨ੍ਹ ਲਈ ਸਮੱਗਰੀ ਕਿਸ਼ਤੀਆਂ ਰਾਹੀਂ ਪਹੁੰਚਾਈ ਜਾ ਰਹੀ ਹੈ। ਫੌਜ ਦੇ ਜਵਾਨ ਲੋਕਾਂ ਨੂੰ ਬਾਹਰ ਕੱਢਣ ਵਿੱਚ ਲੱਗੇ ਹੋਏ ਹਨ।

21-July-PAGE- 8 qxd.qxd 7/20/2023 10:29 PM Page 1



# ਪੰਜਾਬ-ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਕੈਬਨਿਟ ਸਬ-ਕਮੇਟੀ ਦੀ ਨਿਖੇਧੀ

**ਹੁਸ਼ਿਆਰਪੁਰ ( ਓ ਪੀ ਰਾਣਾ )** ਪੰਜਾਬ ਅੰਦਰ ਕੰਮ ਕਰਦੇ ਮਾਣ-ਭੱਤਾ ਵਰਕਰਾਂ, ਪੈਨਸ਼ਨਰਾਂ, ਕੱਚੇ ਮੁਲਾਜ਼ਮਾਂ ਅਤੇ ਰੈਗੂਲਰ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਸੰਬੰਧੀ 'ਆਪ' ਸਰਕਾਰ ਵੱਲੋਂ ਕੀਤੀ ਜਾ ਰਹੀ ਟਾਲਮਟੋਲ ਦੇ ਖਿਲਾਫ 'ਪੰਜਾਬ-ਯੂ.ਟੀ. ਮੁਲਾਜਮ ਤੇ ਪੈਨਸ਼ਨਰਜ ਸਾਂਝੇ ਫਰੰਟ' ਵੱਲੋਂ ਆਨਲਾਈਨ ਵਰਚੁਅਲ ਮੀਟਿੰਗ ਸਾਂਝਾ ਫਰੰਟ ਦੇ ਕਨਵੀਨਰ ਸਤੀਸ਼ ਰਾਣਾ ਦੀ ਪ੍ਰਧਾਨਗੀ ਹੇਠ ਕੀਤੀ ਗਈ । ਮੀਟਿੰਗ ਦੇ ਫੈਸਲੇ ਪ੍ਰੈਸ ਬਿਆਨ ਜਾਰੀ ਕਰਦਿਆਂ ਸਾਂਝੇ ਫਰੰਟ ਦੇ ਕਨਵੀਨਰਾਂ ਸਤੀਸ਼ ਰਾਣਾ, ਜਰਮਨਜੀਤ ਸਿੰਘ , ਐਨ.ਕੇ.ਕਲਸੀ, ਕਰਮ ਸਿੰਘ ਧਨੋਆ, ਰਣਜੀਤ ਸਿੰਘ ਰਾਣਵਾ,ਬਾਜ ਸਿੰਘ ਖਹਿਰਾ, ਗਗਨਦੀਪ ਸਿੰਘ, ਧਨਵੰਤ ਸਿੰਘ ਭੱਠਲ, ਸੁਖਦੇਵ ਸਿੰਘ ਸੈਣੀ, ਸੁਰਿੰਦਰ ਰਾਮ ਕੁਸਾ , ਜਸਵੀਰ ਤਲਵਾੜਾ, ਰਾਧੇ ਸ਼ਿਆਮ, ਗੁਰਮੇਲ ਸਿੰਘ ਮੈਲਡੇ, ਬੋਬਿੰਦਰ ਸਿੰਘ ਅਤੇ ਕਰਮਜੀਤ ਸਿੰਘ ਬੀਹਲਾ ਨੇ ਵਿੱਤ ਮੰਤਰੀ ਦੀ ਅਗਵਾਈ ਹੇਠ ਬਣਾਈ ਸਬ ਕਮੇਟੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਆਖਿਆ ਕਿ ਪੰਜਾਬ ਦੇ ਮੁਲਾਜਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਪੰਜਾਬ ਸਰਕਾਰ ਦਾ ਵਤੀਰਾ ਬਿਲਕੁਲ ਵੀ ਗੰਭੀਰ ਨਹੀਂ ਹੈ। ਕੈਬਨਿਟ ਸਬ ਕਮੇਟੀ ਵਲੋਂ ਲਗਾਤਾਰ ਦੋ ਮੀਟਿੰਗਾਂ ਮੁਲਤਵੀ ਕੀਤੀਆਂ ਗਈਆਂ ਅਤੇ ਹੁਣ ਫਿਰ 18 ਜੁਲਾਈ ਨੂੰ ਹੋਣ ਵਾਲੀ ਮੀਟਿੰਗ ਬਿਨਾਂ ਕੋਈ ਅਗੇ ਫਿਕਸ ਕੀਤਿਆਂ ਮੁਲਤਵੀ ਕਰ ਦਿੱਤੀ ਗਈ ਹੈ ।ਆਗੂਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵੀ ਸਾਂਝੇ ਫਰੰਟ ਨੂੰ ਤਿੰਨ ਵਾਰ ਮੀਟਿੰਗ ਦਾ ਸਮਾਂ ਦੇ ਕੇ ਵੀ ਮੀਟਿੰਗ ਨਹੀਂ ਕੀਤੀ ਗਈ ਅਤੇ ਵਿੱਤ ਮੰਤਰੀ ਹਰਪਾਲ ਚੀਮਾਂ ਨਾਲ ਪਹਿਲਾਂ ਹੋਈਆਂ ਤਿੰਨ ਮੀਟਿੰਗਾਂ ਲਿੰਬਾ ਪੋਚੀ ਤੱਕ ਹੀ ਮਹਿਦੂਦ ਸਨ। ਸਾਂਝੇ ਫਰੰਟ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਮੁਲਾਜਮਾਂ ਅਤੇ ਪੈਨਸ਼ਨਰਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਮਾਣਭੱਤਾ ਵਰਕਰਾਂ ਦੀਆਂ ਉਜਰਤਾਂ ਵਿੱਚ ਤੁਰੰਤ ਵਾਧਾ ਕੀਤਾ ਜਾਵੇਗਾ, ਪਹਿਲੀ ਕੈਬਨਿਟ ਮੀਟਿੰਗ ਵਿੱਚ ਕੱਚੇ ਮੁਲਾਜਮ ਪੱਕੇ ਕੀਤੇ ਜਾਣਗੇ, ਛੇਵੇਂ ਤਨਖਾਹ ਕਮਿਸਨ ਨੂੰ ਸੋਧ ਕੇ ਮੁਲਾਜਮ ਤੇ ਪੈਨਸ਼ਨਰ ਪੱਖੀ ਬਣਾਇਆ ਜਾਵੇਗਾ, ਪੈਨਸ਼ਨਰਾਂ ਦੀ ਪੈਨਸ਼ਨ ਦੁਹਰਾਈ 2.59 ਦੇ ਗੁਣਾਂਕ ਨਾਲ ਕੀਤੀ ਜਾਵੇਗੀ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇਗੀ, ਪਰਖ ਕਾਲ ਸੰਬੰਧੀ 15-01-2015 ਦਾ ਨੋਟੀਫਿਕੇਸ਼ਨ ਰੱਦ ਕੀਤਾ ਜਾਵੇਗਾ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜਮਾਂ 'ਤੇ ਵੀ ਪੰਜਾਬ ਦੇ ਸਕੇਲ ਲਾਗੂ ਕੀਤੇ ਜਾਣਗੇ, ਪੇਂਡੂ ਭੱਤਾ, ਸਫਰੀ ਭੱਤਾ, ਤੇਲ ਭੱਤਾ ਅਤੇ ਬਾਰਡਰ ਏਰੀਆ ਭੱਤੇ ਸਮੇਤ ਕੱਟੇ ਗਏ 37 ਕਿਸਮਾਂ ਦੇ ਭੱਤੇ ਅਤੇ ਏ.ਸੀ.ਪੀ. ਆਦਿ ਬਹਾਲ ਕੀਤੇ ਜਾਣਗੇ। ਪ੍ਰੰਤੂ ਇਹਨਾਂ ਦਾ ਹੱਲ ਕਰਨ ਦੀ ਬਜਾਏ ਪੈਨਸਨਰਾਂ 'ਤੇ ਵੀ 200 ਰੁਪਏ ਪ੍ਰਤੀ ਮਹੀਨਾ ਜਬਰੀ ਵਿਕਾਸ ਟੈਕਸ ਥੋਪ ਦਿੱਤਾ ਹੈ।

ਜਿਸ ਕਾਰਨ ਪੰਜਾਬ ਦੇ ਮੁਲਾਜਮਾਂ, ਪੈਨਸ਼ਨਰਾਂ, ਕੱਚੇ ਮੁਲਾਜਮਾਂ ਅਤੇ ਮਾਣਭੱਤਾ ਵਰਕਰਾਂ ਵਿੱਚ ਪੰਜਾਬ ਸਰਕਾਰ ਦੇ ਖਿਲਾਫ ਰੋਸ ਅਤੇ ਗੁੱਸਾ ਹੈ।

# ਸਿਵਲ ਹਸਪਤਾਲ ਦੀਆਂ ਟੀਮਾਂ ਵੱਲੋਂ ਮੈਡੀਕਲ ਕੈਂਪ ਲਗਾਤਾਰ ਜਾਰੀ ਰਹਿਣਗੇ- ਡਾ: ਸੈਣੀ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)**-ਪੰਜਾਬ ਸਰਕਾਰ ਵਲੋਂ ਜਾਰੀ ਦਿਸ਼ਾ ਨਿਰਦੇਸਾਂ ਅਨੁਸਾਰ ਬਰਸਾਤ ਦੇ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਹੜ ਸੰਭਾਵਿਤ ਖੇਤਰਾਂ ਵਿੱਚ ਸਿਹਤ ਵਿਭਾਗ ਵੱਲੋਂ ਉਥੇ ਨਜਦੀਕ ਵਸਦੀ ਆਬਾਦੀ ਨੂੰ ਹਰ ਤਰ੍ਹਾਂ ਦੀ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਲਈ ਲਗਾਤਾਰ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆ ਡਾ:ਕਰਨ ਕੁਮਾਰ ਸੈਣੀ ਸੀਨੀਅਰ ਮੈਡੀਕਲ ਅਫਸਰ ਟਾਂਡਾ ਨੇ ਦੱਸਿਆ ਕਿ ਸਿਹਤ ਵਿਭਾਗ ਦੀਆਂ ਵੱਖ-ਵੱਖ ਟੀਮਾਂ ਵੱਲੋਂ ਮੈਡੀਕਲ ਕੈਂਪ ਲਗਾ ਕੇ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ । ਉਨਾਂ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਤਹਿਤ ਹੁਣ ਤੱਕ ਪਿੰਡ ਫੱਤਾ ਕੁੱਲਾ, ਫਿਰੋਜ਼ ਰੌਲੀਆ, ਪ੍ਰੇਮਪੁਰ, ਮੱਦਾ, ਖੋਖਰ ਬੇਟ, ਰੜਾ, ਮੰਡ,ਨੱਥੂਪੁਰ,ਠਾਕਰੀ ਵਿਖੇ ਮੈਡੀਕਲ ਕੈਂਪ ਲਗਾਏ ਜਾ ਚੁੱਕੇ ਹਨ। ਜੋ ਕਿ ਲਗਾਤਾਰ ਵੱਖ ਵੱਖ ਪਿੰਡਾਂ ਵਿੱਚ ਅੱਗੇ ਵੀ ਜਾਰੀ ਰਹਿਣਗੇ। ਉਨਾਂ ਦੱਸਿਆ ਕਿ ਸਿਹਤ ਵਿਭਾਗ ਬਲਾਕ ਦੇ ਵਾਸੀਆਂ ਨੂੰ ਸਿਹਤ ਸਹੂਲਤਾ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਨਾਲ ਤਿਆਰ ਹੈ।

# ਬਿਸ਼ਨੋਈ ਗੈਂਗ ਦਾ ਮੈਂਬਰ ਪਿਸਤੌਲ ਸਮੇਤ ਗ੍ਰਿਫਤਾਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**— ਪੰਜਾਬ ਪੁਲਸ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸ.ਐਸ.ਓ.ਸੀ.) ਨੇ ਬੁੱਧਵਾਰ ਨੂੰ ਲਾਰੈਂਸ ਬਿਸ਼ਨੋਈ ਗੈਂਗ ਦੇ ਇੱਕ ਮੈਂਬਰ ਨੂੰ ਗ੍ਰਿਫਤਾਰ ਕੀਤਾ, ਜੋ ਮੋਹਾਲੀ, ਚੰਡੀਗੜ੍ਹ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਸਰਮਾਏਦਾਰ ਵਿਅਕਤੀਆਂ ਨੂੰ ਧਮਕੀ ਭਰੀਆਂ ਕਾਲਾਂ ਕਰਕੇ ਫਿਰੌਤੀ ਦੀ ਮੰਗ ਕਰਦਾ ਸੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਕਸ਼ਮੀਰ ਸਿੰਘ ਉਰਫ਼ ਬੌਬੀ ਸ਼ੂਟਰ (24) ਵਜੋਂ ਹੋਈ ਹੈ, ਜੋ ਕਿ ਪਟਿਆਲਾ ਦੇ ਪਿੰਡ ਘੰਗਰੋਲੀ ਦਾ ਰਹਿਣ ਵਾਲਾ ਅਤੇ ਪੇਸ਼ੇ ਵਜੋਂ ਟੈਕਸੀ ਡਰਾਈਵਰ ਹੈ। ਪੁਲਸ ਟੀਮਾਂ ਨੇ ਉਕਤ ਕੋਲੋਂ ਦੋ ਜ਼ਿੰਦਾ ਕਾਰਤੂਸ ਸਮੇਤ ਇੱਕ ਦੇਸੀ ਪਿਸਤੌਲ ਵੀ ਬਰਾਮਦ ਕੀਤਾ ਹੈ। ਏ.ਆਈ.ਜੀ. ਐਸ.ਐਸ.ਓ.ਸੀ. ਐਸ.ਏ.ਐਸ ਮੋਹਾਲੀ ਅਸ਼ਵਨੀ ਕਪੂਰ ਨੇ ਕਿਹਾ ਕਿ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧਤ ਹੋਣ ਦਾ ਦਾਅਵਾ ਕਰਨ ਵਾਲੇ ਵਿਅਕਤੀ ਵੱਲੋਂ ਜ਼ਬਰਨ ਵਸੂਲੀ ਦੀਆਂ ਕੋਸ਼ਿਸ਼ਾਂ ਅਤੇ ਧਮਕੀ ਭਰੀਆਂ ਫੋਨ ਕਾਲਾਂ ਸਬੰਧੀ ਕਈ ਰਿਪੋਰਟਾਂ ਤੋਂ ਬਾਅਦ, ਪੁਲਿਸ ਟੀਮਾਂ ਨੇ ਮਾਮਲੇ ਦੀ ਵਿਆਪਕ ਜਾਂਚ ਸ਼ੁਰੂ ਕੀਤੀ ਸੀ। ਉਨ੍ਹਾਂ ਕਿਹਾ ਕਿ ਐਡਵਾਂਸ ਇੰਟੈਲੀਜੈਂਸ ਇਕੱਤਰ ਕਰਕੇ ਪੁਲਸ ਨੇ ਬੌਬੀ ਨੂੰ ਜ਼ਿਲ੍ਹਾ ਖੰਨਾ ਤੋਂ ਕਾਬੂ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ। ਏਆਈਜੀ ਕਪੂਰ ਨੇ ਦੱਸਿਆ ਕਿ ਕਸ਼ਮੀਰ ਉਰਫ਼ ਬੌਬੀ ਚੰਡੀਗੜ੍ਹ, ਮੋਹਾਲੀ ਅਤੇ ਹੋਰ ਆਸ-ਪਾਸ ਦੇ ਇਲਾਕਿਆਂ ਵਿੱਚ ਨਾਈਟ ਕਲੱਬਾਂ ਅਤੇ ਬਾਰਾਂ ਦੇ ਮਾਲਕਾਂ ਸਮੇਤ ਅਮੀਰ ਵਿਅਕਤੀਆਂ ਨੂੰ ਧਮਕਾ ਕੇ ਜ਼ਬਰਨ ਵਸੂਲੀ ਕਰਦਾ ਸੀ। ਜਿਕਰਯੋਗ ਹੈ ਕਿ ਥਾਣਾ ਐਸ.ਐਸ.ਓ.ਸੀ ਐਸ.ਏ.ਐਸ.ਨਗਰ ਵਿਖੇ ਅਸਲਾ ਐਕਟ ਦੀ ਧਾਰਾ 25-54-59 ਤਹਿਤ ਐਫਆਈਆਰ ਨੰਬਰ 10 ਮਿਤੀ 24-06-2023 ਨੂੰ ਕੇਸ ਪਹਿਲਾਂ ਹੀ ਦਰਜ ਕੀਤਾ ਗਿਆ ਸੀ।

# ਸਿਵਲ ਸਰਜਨ ਨੇ ਪਿੰਡਾਂ 'ਚ ਜਾ ਕੇ ਸਿਹਤ ਸਹੂਲਤਾਂ ਬਾਰੇ ਲਈ ਜਾਣਕਾਰੀ




**ਲੋਹੀਆਂ ਖਾਸ, (ਯੋਗੇਸ਼ਵਰ, ਗੀਨਾ ਸ਼ਰਮਾ)** : ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਵੱਖ-ਵੱਖ ਡਾਕਟਰਾਂ ਦੀ ਅਗਵਾਈ ਵਿਚ ਮੈਡੀਕਲ ਟੀਮਾਂ ਇੱਥੋਂ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਲਗਾਤਾਰ ਕੰਮ ਕਰ ਰਹੀਆਂ ਹਨ ਜਿਨ੍ਹਾਂ ਤੋਂ ਸਿਹਤ ਸਹੂਲਤਾਂ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਲੈਣ ਲਈ ਸਿਵਲ ਸਰਜਨ ਡਾ. ਰਮਨ ਸ਼ਰਮਾ ਨੇ ਲੋਹੀਆਂ ਦੇ ਪਿੰਡਾਂ ਦਾ ਦੌਰਾ ਕੀਤਾ। ਨੇੜਲੇ ਪਿੰਡ ਮੰਡਾਲਾ, ਮੁੰਡੀ ਚੋਹਲੀਆਂ, ਗੱਟਾ ਮੁੰਡੀ ਕਾਸੂ ਆਦਿ ਇਲਾਕਿਆਂ ਵਿਚ ਤਾਇਨਾਤ ਮੈਡੀਕਲ ਟੀਮਾਂ ਅਤੇ ਵਸਨੀਕਾਂ ਨਾਲ ਗੱਲਬਾਤ ਕਰਦਿਆਂ ਡਾ. ਰਮਨ ਸ਼ਰਮਾ ਨੇ ਕਿਹਾ ਕਿ ਹੜ੍ਹ ਦੇ ਮੱਦੇਨਜਰ ਹਰ ਸੰਭਵ ਸਿਹਤ ਸੇਵਾ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋੜੀਂਦੀ ਗਿਣਤੀ ਵਿਚ ਮੈਡੀਕਲ ਟੀਮਾਂ ਪਿੰਡਾਂ ਵਿੱਚ ਪਹੁੰਚ ਕੇ ਸਿਹਤ ਸੇਵਾਵਾਂ ਦੇ ਰਹੀਆਂ ਹਨ । ਉਨ੍ਹਾਂ ਨੇ ਲੋਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੀਣ ਵਾਲੇ ਪਾਣੀ ਦਾ ਖਾਸ ਧਿਆਨ ਰੱਖਿਆ ਜਾਵੇ ਤਾਂ ਜੋ ਪਾਣੀ ਨਾਲ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ । ਉਨ੍ਹਾਂ ਕਿਹਾ 25 ਮੈਡੀਕਲ ਟੀਮਾਂ ਅਤੇ 16 ਰੈਪਿਡ ਰਿਸਪਾਂਸ ਟੀਮਾਂ ਵਲੋਂ ਡਾਕਟਰਾਂ ਦੀ ਅਗਵਾਈ ਵਿਚ ਮੁਫਤ ਚੈੱਕਅਪ ਕਰਨ ਦੇ ਨਾਲ-ਨਾਲ ਦਵਾਈਆਂ ਵੀ ਦਿੱਤੀਆਂ ਜਾ ਰਹੀਆਂ ਹਨ।

# ਲੀਡਰਜ਼ ਚੁਣ ਕੇ ਵੱਡੀਆਂ ਜ਼ਿੰਮੇਵਾਰੀਆਂ ਦੇਣਾ ਲਾਇਨਜ਼ ਇੰਟਰਨੈਸ਼ਨਲ ਦਾ ਉਦੇਸ਼ : ਹਰੀਸ਼ ਬੰਗਾ



**ਫਗਵਾੜਾ (ਡਾ. ਰਮਨ)** ਯੂ. ਐਨ. ਓ. ਚਾਰਟਰ ਅਧੀਨ ਕੰਮ ਕਰ ਰਹੀ ਸੰਸਥਾ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਜ਼ੋਨ-3 ਰੀਜ਼ਨ-9 ਦੀ ਐਡਵਾਈਜਰੀ ਮੀਟਿੰਗ ਸਥਾਨਕ ਗੁਰੂ ਹਰਗੋਬਿੰਦ ਨਗਰ ਸਥਿਤ 7 ਫੂਡ ਪਲਾਜ਼ਾ ਰੈਸਟੋਰੈਂਟ ਵਿਖੇ ਹੋਈ।ਮੀਟਿੰਗ ਦੀ ਪ੍ਰਧਾਨਗੀ ਜ਼ੋਨ ਚੇਅਰਮੈਨ ਲਾਇਨ ਹਰਮੇਸ਼ ਲਾਲ ਨੇ ਕੀਤੀ। ਮੀਟਿੰਗ ਵਿੱਚ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਐਫ.ਡੀ.ਆਈ. ਪਾਸਟ ਡਿਸਟ੍ਰਿਕਟ ਗਵਰਨਰ ਲਾਇਨ ਹਰੀਸ਼ ਬੰਗਾ ਅਤੇ ਲਾਇਨ ਸੁਸ਼ੀਲ ਸ਼ਰਮਾ ਇੰਚਾਰਜ ਐਮ.ਐਮ.ਆਰ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਉਨ੍ਹਾਂ ਤੋਂ ਇਲਾਵਾ ਰੀਜਨ ਚੇਅਰਮੈਨ ਲਾਇਨ ਕਮਲ ਪਾਹਵਾ ਵੀ ਗੈਸਟ ਆਫ ਆਨਰ ਵਜੋਂ ਹਾਜ਼ਰ ਰਹੇ। ਸਾਬਕਾ ਡਿਸਟ੍ਰਿਕਟ ਗਵਰਨਰ ਲਾਇਨ ਹਰੀਸ਼ ਬੰਗਾ ਨੇ ਕਲੱਬ ਦੀ ਇੰਟਰਨੈਸ਼ਨਲ ਪ੍ਰੈਜ਼ੀਡੈਂਟ ਲੇਡੀ ਲਾਇਨ ਪੈੱਟੀ ਹਿਲ ਦੇ ਨਿਰਦੇਸ਼ਾਂ ਅਨੁਸਾਰ ਡਿਸਟ੍ਰਿਕਟ 321-ਡੀ ਦੇ ਗਵਰਨਰ ਲਾਇਨ ਐਸ.ਪੀ. ਸੌਂਧੀ ਵੱਲੋਂ ਅਗਲੇ ਇੱਕ ਸਾਲ ਲਈ ਤੈਅ ਕੀਤੇ ਗਏ ਸਮਾਜ ਸੇਵੀ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੰਦੇ ਹੋਏ ਮੈਂਬਰਾਂ ਨੂੰ ਸੱਦਾ ਦਿੱਤਾ ਕਿ ਡਿਸਟ੍ਰਿਕਟ 321-ਡੀ ਅਧੀਨ ਆਉਂਦੇ ਸਾਰੇ ਕਲੱਬ ਆਪਣੇ ਪ੍ਰੋਜੈਕਟਾਂ 'ਚ ਫੂਡ ਫਾਰ ਹੰਗਰ, ਡਾਇਬਟੀਜ਼ ਕੈਂਪ, ਅੱਖਾਂ ਦਾ ਚੈਕਅੱਪ ਅਤੇ ਆਪ੍ਰੇਸ਼ਨ ਕੈਂਪ, ਖ਼ੂਨਦਾਨ ਕੈਂਪ, ਵਾਤਾਵਰਨ ਸੰਭਾਲ ਇਵੈਂਟਾਂ ਨੂੰ ਸ਼ਾਮਲ ਕਰਨ। ਬੰਗਾ ਨੇ ਕਿਹਾ ਕਿ ਲਾਇਨਜ਼ ਇੰਟਰਨੈਸ਼ਨਲ ਦਾ ਮੁੱਖ ਉਦੇਸ਼ ਕਲੱਬਾਂ ਵਿੱਚੋਂ ਲੀਡਰਸ ਪੈਦਾ ਕਰਕੇ ਉਨ੍ਹਾਂ ਨੂੰ ਸਮਾਜ ਸੇਵਾ ਦੀ ਵੱਡੀ ਜ਼ਿੰਮੇਵਾਰੀ ਸੌਂਪਣਾ ਹੈ। ਇਸ ਦੌਰਾਨ ਹੋਰਨਾਂ ਬੁਲਾਰਿਆਂ ਨੇ ਵੀ ਆਪਣੇ ਵੱਡਮੁੱਲੇ ਵਿਚਾਰ ਪੇਸ਼ ਕਰਦਿਆਂ ਹਾਜ਼ਰ ਕਲੱਬ ਪ੍ਰਧਾਨਾਂ ਨੂੰ ਵੱਧ ਤੋਂ ਵੱਧ ਸਮਾਜ ਸੇਵਾ ਦੇ ਪ੍ਰੋਜੈਕਟ ਕਰਨ ਦੀ ਅਪੀਲ ਕੀਤੀ। ਇਸ ਮੌਕੇ ਲਾਇਨਜ਼ ਕਲੱਬ ਫਗਵਾੜਾ ਸਮਾਇਲ ਦੀ ਪ੍ਰਧਾਨ ਲੇਡੀ ਲਾਇਨ ਰੁਪਿੰਦਰ ਕੌਰ, ਲਾਇਨ ਰਜਨੀ ਬੰਗਾ, ਲਾਇਨ ਸੁਨੀਤਾ ਰਾਣੀ, ਵਾਣੀ ਮਹੇ, ਲਾਇਨ ਨਸੀਬ ਚੰਦ, ਲਾਇਨ ਕੁਲਵਿੰਦਰ ਕੁਮਾਰ, ਲਾਇਨ ਸਰਬਜੀਤ ਕੁਮਾਰ, ਲਾਇਨ ਤਿਲਕ ਰਾਜ, ਲਾਇਨ ਮਨਦੀਪ ਕੌਰ, ਲਾਇਨ ਪਰਵਿੰਦਰ ਕੁਮਾਰ, ਲਾਇਨ ਨਰਿੰਦਰ ਕੁਮਾਰ, ਲਾਇਨ ਕੁਲਦੀਪ ਸਿੰਘ ਤੋਂ ਇਲਾਵਾ ਲਾਇਨ ਅਭਿਸ਼ੇਕ ਬਹਿਲ, ਲਾਇਨ ਇੰਦਰਜੀਤ ਸਪਰਾ, ਲਾਇਨ ਪਰਮਜੀਤ ਸਿੰਘ ਕੁੰਦੀ ਆਦਿ ਹਾਜ਼ਰ ਸਨ।

# ਸਰਕਾਰ ਸੂਬੇ ਦੀਆਂ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ : ਡਾ. ਬਲਜੀਤ ਕੌਰ

**ਚੰਡੀਗੜ੍ਹ, : (ਗੁਰਜੀਤ ਬਿੱਲਾ)**- ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀਆਂ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਇਸੇ ਤਹਿਤ ਪ੍ਰਮੋਦ ਕੁਮਾਰ ਪੁੱਤਰ ਬੰਗਾਲੀ ਦਾਸ ਮਕਾਨ ਨੰਬਰ 1829, ਜਨਤਾ ਕਲੋਨੀ,ਆਦਰਸ਼ ਨਗਰ, ਨਯਾ ਗਾਓਂ, ਐਸ.ਏ.ਐਸ ਨਗਰ (ਮੋਹਾਲੀ) ਅਤੇ ਸ੍ਰੀਮਤੀ ਸ਼ਿੰਦਰ ਕੌਰ ਪਤਨੀ ਅਮਰੀਕ ਸਿੰਘ ਪਿੰਡ ਧਬਲਾਨ ਤਹਿਸੀਲ ਤੇ ਜ਼ਿਲ੍ਹਾ ਪਟਿਆਲਾ ਦੀ ਵਸਨੀਕ ਦਾ ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਸਰਕਾਰ ਪੱਧਰ 'ਤੇ ਗਠਿਤ ਰਾਜ ਪੱਧਰੀ ਸਕਰੂਟਨੀ ਕਮੇਟੀ ਵੱਲੋਂ ਰੱਦ ਕਰ ਦਿੱਤਾ ਗਿਆ ਹੈ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਬਾਰੇ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮਹੇਸ਼ ਕੁਮਾਰ ਪੁੱਤਰ ਵਿਸ਼ਾਲ ਸਿੰਘ ਮਕਾਨ ਨੰਬਰ 1808, ਜਨਤਾ ਕਲੋਨੀ, ਨਿਆ ਗਾਓਂ, ਐਸ.ਏ.ਐਸ ਨਗਰ ਵੱਲੋਂ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਪਿੰਡ ਨਯਾ ਗਾਓਂ ਦੇ ਵਾਸੀ ਪ੍ਰਮੋਦ ਕੁਮਾਰ ਨੇ ਇਸਾਈ ਜਾਤੀ ਨਾਲ ਸਬੰਧਤ ਹੋਣ ਦੇ ਬਾਵਜੂਦ ਵੀ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਬਣਾਇਆ ਹੈ। ਇਸ ਤੋਂ ਇਲਾਵਾ ਗੁਰਚਰਨ ਸਿੰਘ ਪੁੱਤਰ ਸੰਪੂਰਨ ਸਿੰਘ ਪਿੰਡ ਧਬਲਾਨ ਤਹਿਸੀਲ ਤੇ ਜ਼ਿਲ੍ਹਾ ਪਟਿਆਲਾ ਵੱਲੋਂ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਜ਼ਿਲ੍ਹਾ ਪਟਿਆਲਾ ਦੇ ਪਿੰਡ ਧਬਲਾਨ ਦੀ ਵਸਨੀਕ ਸ਼ਿੰਦਰ ਕੌਰ ਨੇ ਮੁਸਲਿਮ ਜਾਤੀ ਨਾਲ ਸਬੰਧਤ ਹੋਣ ਦੇ ਬਾਵਜੂਦ ਵੀ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਬਣਾਇਆ ਹੈ। ਮੰਤਰੀ ਨੇ ਅੱਗੇ ਦੱਸਿਆ ਕਿ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਇਹਨਾਂ ਸ਼ਿਕਾਇਤਾਂ ਨੂੰ ਜਾਂਚ ਲਈ ਸਮਾਜਿਕ ਨਿਆਂ, ਅਧਿਕਾਰਤਾ ਵਿਭਾਗ ਨੂੰ ਭੇਜ ਦਿੱਤਾ ਸੀ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਜਾਂਚ ਕਰਨ ਤੋਂ ਬਾਅਦ ਪ੍ਰਮੋਦ ਕੁਮਾਰ ਅਤੇ ਸ੍ਰੀਮਤੀ ਸ਼ਿੰਦਰ ਕੌਰ ਦੇ ਅਨੁਸੂਚਿਤ ਜਾਤੀ ਦੇ ਸਰਟੀਫਿਕੇਟ ਜਾਅਲੀ ਹੋਣ ਦੀ ਪੁਸ਼ਟੀ ਹੋਈ ਹੈ। ਮੰਤਰੀ ਨੇ ਦੱਸਿਆ ਕਿ ਵਿਭਾਗ ਨੇ ਐਸ.ਏ.ਐਸ.ਨਗਰ ਦੇ ਡਿਪਟੀ ਕਮਿਸ਼ਨਰ ਨੂੰ ਪੱਤਰ ਲਿਖ ਕੇ ਪ੍ਰਮੋਦ ਕੁਮਾਰ ਦੇ ਅਨੁਸੂਚਿਤ ਜਾਤੀ ਸਰਟੀਫਿਕੇਟ ਨੰਬਰ 2148 ਮਿਤੀ 07.02.2014 ਅਤੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਨੂੰ ਪੱਤਰ ਲਿਖ ਕੇ ਸ੍ਰੀਮਤੀ ਸ਼ਿੰਦਰ ਕੌਰ ਦੇ ਅਨੁਸੂਚਿਤ ਜਾਤੀ ਸਰਟੀਫਿਕੇਟ ਨੰਬਰ 1027 ਮਿਤੀ 17.03.2008 ਨੂੰ ਰੱਦ ਕਰਨ ਅਤੇ ਜਬਤ ਕਰਨ ਲਈ ਕਿਹਾ ਹੈ।

# ਜਾਖੜ ਦਲਿਤ ਸਮਾਜ ਵਿਰੁੱਧ ਬੋਲੇ ਹੋਏ ਸ਼ਬਦ ਵਾਪਸ ਲੈਣ : ਬਾਲੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ )**- ਜ਼ਿਲ੍ਹਾ ਸੰਘਰਸ਼ ਕਮੇਟੀ ਦੀ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਕਰਮਵੀਰ ਬਾਲੀ ਨੇ ਕਿਹਾ ਕਿ ਜੇ ਵਾਸਤਵ ਵਿੱਚ ਬੀ.ਜੇ.ਪੀ. ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਪੰਜਾਬ ਦੇ ਲੋਕਾਂ ਦਾ ਦਿਲ ਜਿੱਤਣ ਦੀ ਗੱਲ ਕਰਦੇ ਹਨ ਤਾਂ ਉਨਾਂ ਨੂੰ ਸਭ ਤੋਂ ਪਹਿਲਾਂ ਦਲਿਤਾਂ ਦੇ ਲਈ ਜੋ ਸ਼ਬਦਾਂ ਦੇ ਬਾਣ ਇਸਤੇਮਾਲ ਕੀਤੇ ਸਨ ਉਸ ਦਾ ਹਲ ਕਰਕੇ ਹੀ ਪੰਜਾਬ ਵਿੱਚ ਦੌਰੇ ਸ਼ੁਰੂ ਕਰਨੇ ਚਾਹੀਦੇ ਹਨ ਤਾਂ ਕਿ ਉਨਾਂ ਦੇ ਮਨ ਨੂੰ ਜਿਹੜੀ ਠੇਸ ਪਹੁੰਚੀ ਹੈ ਉਸ ਤੋਂ ਰਾਹਤ ਮਿਲ ਸਕੇ।

ਸਭ ਤੋਂ ਵੱਡੀ ਗੱਲ ਆਪਣੀ ਸਟੇਜ ਤੇ ਚੰਗੀ ਛਵੀ ਵਾਲੇ ਨੇਤਾਵਾਂ ਨੂੰ ਬਿਠਾਨਾ ਚਾਹੀਦਾ ਹੈ, ਜਿਹੜੇ ਲੋਕ ਉਨਾਂ ਦੀ ਛਵੀ ਖਰਾਬ ਕਰ ਚੁੱਕੇ ਹਨ, ਇਸ ਤਰ੍ਹਾਂ ਦੇ ਲੋਕਾਂ ਨੂੰ ਜਨਤਾ ਤੁਹਾਡੇ ਨਾਲ ਕਿਸੀ ਵੀ ਸਟੇਜ ਦੇ ਦੇਖਣਾ ਨਹੀਂ ਚਾਹੁੰਦੀ। ਇਸ ਨਾਲ ਪਾਰਟੀ ਨੂੰ ਸਿਵਾਏ ਨੁਕਸਾਨ ਦੇ ਕੁਝ ਨਹੀ ਮਿਲੇਗਾ। ਇਸ ਮੌਕੇ 'ਤੇ ਨਿਰਮਲ ਸਿੰਘ, ਉੱਤਮ ਸਿੰਘ, ਬਲਵਿੰਦਰ ਕੁਮਾਰ, ਹਰੀਮਿੱਤਰ, ਨਰੇਸ਼ ਕੁਮਾਰ ਆਦਿ ਹਾਜ਼ਰ ਸਨ।

# ਹਨੂਮਤ ਸਕੂਲ 'ਚ ਇਨਵੈਸਟੀਚਰ ਸੈਰੇਮਨੀ ਕਰਵਾਈ



**ਗੁਰਾਇਆ (ਬਿੰਦਰ ਸੁਮਨ)**-ਸ਼੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ, ਗੁਰਾਇਆ ਵਿਖੇ ਬੱਚਿਆਂ ਵਿੱਚ ਯੋਗ ਅਗਵਾਈ ਅਤੇ ਰਾਜਨੀਤਿਕ ਸਮਝਦਾਰੀ ਦੀ ਭਾਵਨਾ ਪੈਦਾ ਕਰਨ ਦੇ ਮੰਤਵ ਨਾਲ ਸਮਾਗਮ ਦਾ ਆਯੋਜਨ ਕੀਤਾ ਗਿਆ। ਵਿਸ਼ੇਸ਼ ਅਸੈਂਬਲੀ ਦੌਰਾਨ ਚੁਣੇ ਗਏ ਵਿਦਿਆਰਥੀਆਂ ਨੂੰ ਬੈਜ ਅਤੇ ਸੈਸ਼ੇ ਭੇਂਟ ਕੀਤੇ ਗਏ ।

ਇਸ ਗਤੀਵਿਧੀ ਵਿੱਚ ਇੰਦਰਪ੍ਰੀਤ ਸਿੰਘ ਨੂੰ ਹੈੱਡ ਪ੍ਰੀਫੈਕਟ ਅਤੇ ਗੁਰਪ੍ਰੀਤ ਨੂੰ ਬਾਰ੍ਹਵੀਂ ਜਮਾਤ ਤੋਂ ਸਟੂਡੈਂਟ ਅੰਬੈਸੈਡਰ ਚੁਣਿਆ ਗਿਆ। ਸੀਨੀਅਰ ਸਕੂਲ ਪ੍ਰੀਫੈਕਟ ਕਰਨਦੀਪ ਸਿੰਘ ਅਤੇ ਜੂਨੀਅਰ ਸਕੂਲ ਪ੍ਰੀਫੈਕਟ ਕਿਮਰਨ ਚੁਣੇ ਗਏ। ਸਬ ਜੂਨੀਅਰ ਸਕੂਲ ਪ੍ਰੀਫੈਕਟ ਸੁਵਰਤ ਚੁਣਿਆ ਗਿਆ। ਆਰੀਆਭੱਟ, ਭਾਸਕਰ, ਚਾਣਕਯ, ਧਨਵੰਤਰੀ ਲਈ ਕ੍ਰਮਵਾਰ ਗੁਰਨੀਤ ਕੌਰ, ਸ਼ਰੂਤੀ, ਪ੍ਰਭਜੋਤ ਕੌਰ ਅਤੇ ਜੋਵਨਪ੍ਰੀਤ ਸਿੰਘ ਨੂੰ ਹਾਊਸ ਕੈਪਟਨ ਚੁਣਿਆ ਗਿਆ। ਸਾਹਿਬਜੀਤ ਸਿੰਘ ਨੂੰ ਸਪੋਰਟਸ ਪ੍ਰੀਫੈਕਟ, ਹਰਸਦੀਪ ਕੌਰ ਨੂੰ ਹੈਡ ਆਫ਼ ਡਿਸਿਪਲਿਨ , ਦਿਵਿਤੀ ਨੂੰ ਹੈਡ ਆਫ਼ ਲੈਂਗੂਏਜ ਅਤੇ ਗੁਰਸ਼ਾਨ ਸਿੰਘ ਨੂੰ ਹੈਡ ਆਫ਼ ਕਲੀਨਲੀਨੈੱਸ ਅਤੇ ਮੈਟੇਨੈਂਸ ਚੁਣਿਆ ਗਿਆ। ਪ੍ਰਿੰਸੀਪਲ ਆਰਤੀ ਸੋਬਤੀ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਕਰਵਾਉਣ ਦਾ ਮੁੱਖ ਮੰਤਵ ਬੱਚਿਆਂ ਵਿਚ ਅਗਵਾਈ ਅਤੇ ਰਾਜਨੀਤਿਕ ਸਮਝ ਦੀ ਭਾਵਨਾ ਪੈਦਾ ਕਰਨਾ ਹੈ।

# ਡੈਪੋ ਪ੍ਰੋਗਰਾਮ ਸੰਬੰਧੀ ਰਾਮਪੁਰ ਕਲਾਂ ਤੇ ਕਰੂਰਾ ਵਿਖੇ ਲਗਾਇਆ ਜਾਗਰੂਕਤਾ ਸੈਮੀਨਾਰ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**- ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਨੂਰਪੁਰ ਬੇਦੀ ਡਾ.ਵਿਧਾਨ ਚੰਦਰ ਦੀ ਅਗਵਾਈ ਹੇਠ ਪਿੰਡ ਰਾਮਪੁਰ ਕਲਾਂ ਅਤੇ ਪਿੰਡ ਕਰੂਰਾ ਵਿਖੇ ਨਸ਼ਿਆਂ ਦੇ ਵਿਰੁੱਧ ਜਾਗਰੂਕਤਾ ਕੈਂਪ ਲਗਾਇਆ ਗਿਆ। ਹੈਲਥ ਵਰਕਰ ਅਮਰੀਕ ਸਿੰਘ ਅਤੇ ਕਮਲਦੇਵ ਨੇ ਲੋਕਾਂ ਨੂੰ ਦੱਸਿਆ ਕਿ ਨਸ਼ਾ ਇੱਕ ਨਾਮੁਰਾਦ ਬਿਮਾਰੀ ਹੈ ਜਿਸ ਦਾ ਅਸਰ ਸਿਰਫ ਇਕ ਨਸ਼ਾ ਕਰਨ ਵਾਲੇ 'ਤੇ ਨਹੀ ਸਗੋਂ ਪੂਰੇ ਪਰਵਾਰ ਤੇ ਪੈਂਦਾ ਹੈ ਸਮਾਜ ਵਿੱਚ ਕਈ ਅਪਰਾਧ ਤਾਂ ਸਿਰਫ ਨਸ਼ੇ ਕਰਨ ਹੀ ਹੁੰਦੇ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਆਲੇ-ਦੁਆਲੇ ਨਸ਼ਾ ਕਰਨ ਵਾਲਿਆਂ ਨੌਜਵਾਨ ਤੇ ਲੋਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਸਰਕਾਰ ਵੱਲੋਂ ਸਥਾਪਿਤ ਨਸ਼ਾ ਛੁਡਾਊ ਕੇਂਦਰ ਅਤੇ ਓਟ ਕਲੀਨਿਕਾਂ ਵਿੱਚ ਨਸ਼ਾ ਛੱਡਣ ਲਈ ਪ੍ਰੇਰਿਤ ਕਰਨ। ਜੇਕਰ ਕੋਈ ਵਿਅਕਤੀ ਪਿੰਡ ਵਿੱਚ ਨਸ਼ਾ ਛੱਡਣਾ ਚਾਹੁੰਦਾ ਹੈ ਤਾਂ ਉਹ ਡੈਪੋ ਅਫਸਰ ਨਾਲ ਸੰਪਰਕ ਕਰ ਸਕਦਾ ਹੈ। ਸਿੰਘਪੁਰ ਦੇ ਸਰਕਾਰੀ ਹਸਪਤਾਲ ਵਿੱਚ ਸਰਕਾਰੀ ਵੱਲੋਂ ਓਟ ਕਲੀਨਿਕ ਚਲਾਇਆ ਜਾ ਰਿਹਾ ਹੈ,ਜਿਸ ਵਿੱਚ ਨਸ਼ਾ ਛੱਡਣ ਲਈ ਦਵਾਈ ਬਿਲਕੁਲ ਮੁਫਤ ਦਿੱਤੀ ਜਾਂਦੀ।

# ਮੋਟਰਸਾਈਕਲ ਦੇ ਪਟਾਕੇ ਵਜਾਉਣ ਵਾਲਿਆਂ ਦੀ ਹੁਣ ਖੈਰ ਨਹੀਂ

**ਫਗਵਾੜਾ (ਡਾ. ਰਮਨ)** ਪੀ ਸੀ ਆਰ ਇੰਚਾਰਜ ਅਮਨ ਦਵੇਸ਼ ਦੀ ਯੋਗ ਅਗਵਾਈ ਹੇਠ ਮਹਿੰਦਰ ਸਿੰਘ ਅਡੀਸ਼ਨਲ ਇੰਚਾਰਜ ਪੀ ਸੀ ਆਰ ਦੀ ਸੁਚੱਜੀ ਦੇਖ-ਰੇਖ ਹੇਠ ਪੁਲਸ ਪੋਸਟ ਸ਼ੂਗਰ ਮਿੱਲ ਚੌਕ ਵਿਖੇ 77ਵੀਂ ਯੂ ਐੱਨ ਗਲੋਬਲ ਰੋਡ ਸੇਫਟੀ ਵੀਕ ਦੇ ਚਲਦਿਆਂ ਫਗਵਾੜਾ ਪੀ ਸੀ ਆਰ ਪੁਲਸ ਵੱਲੋਂ ਆਉਣ ਜਾਣ ਵਾਲੇ ਵਾਹਨਾਂ, ਦੋ ਪਹੀਆ ਵਾਹਨ ਚਲਾਉਣ ਵਾਲੇ ਅੰਡਰ ਏਜ ( ਨਬਾਲਗਾ ) ਦੇ ਚਲਾਨ ਕੀਤੇ ਤੇ ਉਨ੍ਹਾਂ ਨੂੰ ਸਮਝਾਇਆ ਕਿ ਜਦੋਂ ਤੱਕ ਉਹ 18 ਸਾਲ ਦੇ ਬਾਲਗ ਨਹੀਂ ਹੋ ਜਾਂਦੇ , ਉਦੋਂ ਤੱਕ ਉਹ ਵਾਹਨ ਨਾ ਚਲਾਉਣ ਤੇ ਕਨੂੰਨ ਦੀ ਪਾਲਣਾ ਕਰਨ। ਇਸ ਤੋਂ ਇਲਾਵਾ ਮੋਟਰਸਾਈਕਲ 'ਤੇ ਪਟਾਕੇ ਵਜਾਉਣ ਵਾਲਿਆਂ ਵਾਹਨਾਂ ਦੀ ਵੀ ਚੈਕਿੰਗ ਕੀਤੀ ਗਈ ਉਨ੍ਹਾਂ ਤਾੜਨਾ ਕੀਤੀ ਕਿ ਜੋ ਕੋਈ ਵੀ ਮੋਟਰਸਾਈਕਲ ਤੇ ਪਟਾਕੇ ਵਜਾਏਗਾ ਉਸ ਦਾ ਮੋਟਰਸਾਈਕਲ ਬਾਊਂਡ ਕਰ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਏ ਐਸ ਆਈ ਨਿਸ਼ਾਨ ਸਿੰਘ , ਗੁਰਮੇਲ ਸਿੰਘ , ਨੱਛਤਰ ਸਿੰਘ , ਹੌਲਦਾਰ ਬਲਿਹਾਰ ਸਿੰਘ ਸਮੇਤ ਪੁਲਸ ਪਾਰਟੀ ਹਾਜਰ ਸਨ।

# 2 ਸ਼ਰਾਬ ਤਸਕਰ ਗ੍ਰਿਫਤਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਅੰਤਰਰਾਜੀ ਸ਼ਰਾਬ ਤਸੱਕਰੀ ਦੇ 2 ਸਮੱਗਲਰ ਭਾਰੀ ਮਾਤਰਾ ਵਿੱਚ ਸ਼ਰਾਬ ਸਮੇਤ ਦਸੂਹਾ ਪੁਲਸ ਨੇ ਕਾਬੂ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਮਨਜੀਤ ਸਿੰਘ ਪੁੱਤਰ ਬਲਵੰਤ ਸਿੰਘ ਅਤੇ ਰਮੇਸ਼ਵਰ ਦਾਸ ਪੁੱਤਰ ਪਿਆਰੇ ਲਾਲ ਵਾਸੀ ਟਾਂਗ ਉੱਪਰਲੀ ਥਾਣਾ ਨਾਲਾਗੜ ਜ਼ਿਲ੍ਹਾ ਸੋਲਨ ਹਿਮਾਚਲ ਪ੍ਰਦੇਸ਼ ਵਜੋਂ ਹੋਈ ਹੈ। ਇੰਸ. ਬਲਵਿੰਦਰ ਸਿੰਘ, ਮੁੱਖ ਅਫਸਰ ਥਾਣਾ ਦਸੂਹਾ ਦੀ ਅਗਵਾਈ ਹੇਠ ਏ ਐਸ ਆਈ ਗੁਰਬਚਨ ਸਿੰਘ ਸਮੇਤ ਏ ਐਸ ਆਈ ਸਿਕੰਦਰ ਸਿੰਘ ਦੀ ਟੀਮ ਇਸ ਸਬੰਧੀ ਖਾਸ ਇਤਲਾਹ ਮਿਲੀ ਸੀ। ਪੁਲਸ ਨੇ ਸ਼ਪੈਸ਼ਲ ਨਾਕਾਬੰਦੀ ਟੀ ਪੁਆਇੰਟ ਹਾਜੀਪੁਰ ਚੌਕ ਦਸੂਹਾ ਵਿਖੇ ਕੀਤੀ ਅਤੇ ਪਠਾਨਕੋਟ

# ਡਿਗਰੀਆਂ ਦੇ ਫਰਜ਼ੀਵਾੜੇ ਦੀ ਤਹਿ ਤੱਕ ਜਾਇਆ ਜਾਵੇ : ਖੱਟੜਾ, ਮਾਵੀ

**ਮੋਹਾਲੀ, )ਗੁਰਜੀਤ ਬਿੱਲਾ)**ਵਿਜੀਲੈਂਸ ਵੱਲੋਂ ਜਾਹਲੀ ਡਿਗਰੀ ਦੇ ਆਧਾਰ ਉੱਤੇ ਪ੍ਰਿੰਸੀਪਲ ਪ੍ਰਮੋਟ ਹੋਕੇ ਮੋਹਾਲੀ ਸਕੂਲ ਵਿੱਚ ਤਾਇਨਾਤ ਪ੍ਰਿੰਸੀਪਲ ਨੂੰ ਗ੍ਰਿਫਤਾਰ ਕਰਨ ਲਈ ਆਰ ਟੀ ਆਈ ਕਾਰਕੁੰਨ ਜਸਵਿੰਦਰ ਸਿੰਘ ਮਾਵੀ ਅਤੇ ਵਿਜੀਲੈਂਸ ਦੇ ਅਧਿਕਾਰੀਆਂ ਨੂੰ ਸਾਬਾਸ ਦਿੰਦਿਆਂ ਗੌਰਮਿੰਟ ਟੀਚਰ ਯੂਨੀਅਨ ਦੇ ਸਾਬਕਾ ਜਨਰਲ ਸਕੱਤਰ ਸੁੱਚਾ ਸਿੰਘ ਖੱਟੜਾ, ਅਤੇ ਪ੍ਰੈਸ ਸਕੱਤਰ ਹਰਨੇਕ ਸਿੰਘ ਮਾਵੀ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਡਿਗਰੀਆਂ ਦੇ ਫਰਜੀਵਾੜੇ ਦੀ ਚੌਤਰਫਾ ਜਾਂਚ ਕਰਵਾਉਣੀ ਚਾਹੀਦੀ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਸੰਗਠਿਤ ਗਰੋਹ ਕੰਮ ਕਰਦਾ ਹੈ, ਜਿਸਨੇ ਫਰਜੀ ਡਿਗਰੀਆਂ ਲਿਆਕੇ ਵੇਚਣ ਤੋਂ ਅਗਾਂਹ ਆਪਣੇ ਗ੍ਰਾਹਕਾਂ ਨੂੰ ਸਿੱਖਿਆ ਵਿਭਾਗ ਤੋਂ ਇਲਾਵਾ ਹੋਰ ਵਿਭਾਗਾਂ ਅੰਦਰ ਨੌਕਰੀਆਂ ਤੱਕ ਲਗਵਾਉਂਦਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਇਸ ਧੰਦੇ ਨਾਲ ਹਜਾਰਾਂ ਦੀ ਗਿਣਤੀ ਵਿੱਚ ਪੰਜਾਬ ਅੰਦਰ ਨੌਕਰੀਆਂ ਤੇ ਤਰੱਕੀਆਂ ਦੇ ਅਸਲ ਹੱਕਦਾਰਾਂ ਦੇ ਹੱਕ ਮਾਰੇ ਗਏ।

# ਸਰਕਾਰੀ ਪ੍ਰਾਇਮਰੀ ਸਕੂਲ ਆਦਰਮਾਨ ਦੇ ਬੱਚਿਆਂ ਨੇ ਇਤਿਹਾਸ ਰਚਿਆ



**ਮਹਿਤਪੁਰ (ਰਾਜਾ)** ਜਵਾਹਰ ਨਵੋਦਿਆ ਵਿਦਿਆਲਿਆ ਦੀ 2023-24 ਲਈ ਹੋਈ ਛੇਵੀਂ ਜਮਾਤ ਦੀ ਪ੍ਰਵੇਸ਼ ਪ੍ਰੀਖਿਆ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਆਦਰਮਾਨ ਬਲਾਕ ਨਕੋਦਰ 1 ਜਲੰਧਰ ਦੇ 7 ਵਿਦਿਆਰਥੀਆਂ ਨੇ ਪ੍ਰਵੇਸ਼ ਪ੍ਰੀਖਿਆ ਪਾਸ ਕਰਕੇ ਨਵਾਂ ਇਤਿਹਾਸ ਰਚਿਆ। ਜਮਾਤ ਇੰਚਾਰਜ ਤੇ ਸਕੂਲ ਮੁੱਖੀ ਜਗਜੀਤ ਸਿੰਘ ਨੇ ਇਸਦਾ ਸਿਹਰਾ ਬੱਚਿਆਂ ਦੀ ਮਿਹਨਤ ਤੇ ਲਗਨ ਨੂੰ ਦਿੱਤਾ ਹੈ। ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਨਕੋਦਰ 1 ਰਮੇਸ਼ਵਰ ਚੰਦਰ ਨੇ ਬੱਚਿਆਂ ਤੇ ਅਧਿਆਪਕਾਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ। ਬੱਚਿਆਂ ਨੂੰ ਜਵਾਹਰ ਨਵੋਦਿਆ ਵਿਦਿਆਲਿਆ ਭੇਜਣ ਸਮੇਂ ਬੱਚਿਆਂ ਤੇ ਉਹਨਾਂ ਦੇ ਮਾਤਾ ਪਿਤਾ ਨੂੰ ਸਕੂਲ ਵਲੋਂ ਸਨਮਾਨ ਚਿੰਨ ਭੇਟ ਕੀਤਾ ਗਿਆ। ਇਸ ਮੌਕੇ ਸੈਂਟਰ ਹੈੱਡ ਟੀਚਰ ਸਾਹਪੁਰ ਜਸਪ੍ਰੀਤ ਕੌਰ, ਦਲਬੀਰ ਸਿੰਘ, ਰਾਜਵਿੰਦਰ ਕੌਰ, ਕੁਲਦੀਪ ਕੌਰ, ਮਨਜੀਤ ਕੌਰ, ਜਸਪ੍ਰੀਤ ਕੌਰ, ਬੱਚਿਆਂ ਦੇ ਮਾਤਾ ਪਿਤਾ ਅਤੇ ਪਿੰਡ ਦੇ ਪਤਵੰਤੇ ਸੱਜਣ ਹਾਜਰ ਸਨ ।

# ਇੰਜ. ਗੁਰਮਿੱਤਰ ਸਿੰਘ ਵੱਲੋਂ ਨੇਤਰਦਾਨ ਕਰਨ ਦਾ ਪ੍ਰਣ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ )**-ਪੀ ਐਸ ਪੀ ਸੀ ਐਲ ਵਿਭਾਗ ਵਿੱਚੋਂ ਜੇ.ਈ ਦੇ ਅਹੁਦੇ ਤੋਂ ਰਿਟਾਇਰ ਹੋਏ ਇੰਜ: ਗੁਰਮਿੱਤਰ ਸਿੰਘ ਨੇ ਨੇਤਰਦਾਨ ਸੰਸਥਾ ਹੁਸ਼ਿਆਰਪੁਰ ਦੇ ਦਫਤਰ ਵਿਖੇ ਪਹੁੰਚ ਕੇ ਇਹ ਪ੍ਰਣ ਲਿਆ ਕਿ ਉਹ ਆਪਣੀ ਮੌਤ ਉਪਰੰਤ ਆਪਣੇ ਨੇਤਰ ਦਾਨ ਕਰਨਗੇ ਤਾਂ ਜੋ ਕਿਸੇ ਦੀ ਹਨੇਰੀ ਜ਼ਿੰਦਗੀ ਵਿੱਚ ਰੋਸ਼ਨੀ ਭਰੀ ਜਾ ਸਕੇ। ਇਸ ਦੌਰਾਨ ਨੇਤਰਦਾਨ ਸੰਸਥਾ ਹੁਸ਼ਿਆਰਪੁਰ ਦੇ ਪ੍ਰਧਾਨ ਸੁਰੇਸ਼ ਕਪਾਟੀਆ, ਪ੍ਰੋ: ਬਹਾਦਰ ਸਿੰਘ ਸੁਨੇਤ, ਡਾ: ਗੁਰਬਖਸ਼ ਸਿੰਘ, ਬਲਜੀਤ ਸਿੰਘ ਪਨੇਸਰ ਅਤੇ ਗੁਰਪ੍ਰੀਤ ਸਿੰਘ ਨੇ ਅੱਖਾਂ ਦਾਨ ਕਰਨ ਦੇ ਇਸ ਵਧੀਆਂ ਕਾਰਜ ਲਈ ਇੰਜ: ਗੁਰਮਿੱਤਰ ਸਿੰਘ ਦੀ ਸ਼ਲਾਘਾ ਕੀਤੀ।

# ਜੀ ਐੱਨ ਏ ਯੂਨੀਵਰਸਿਟੀ ਨੇ 100 ਫੀਸਦੀ ਪਲੇਸਮੈਂਟ ਦੇਣ ਦੇ ਆਪਣੇ ਮਾਪਦੰਡਾਂ ਦੀ ਕੀਤੀ ਪਾਲਣਾ



**ਫਗਵਾੜਾ (ਡਾ. ਰਮਨ)**- ਜੀ ਐਨ ਏ ਯੂਨੀਵਰਸਿਟੀ ਨੇ 100% ਪਲੇਸਮੈਂਟ ਦੇਣ ਦੇ ਆਪਣੇ ਮਾਪਦੰਡਾਂ ਦੀ ਪਾਲਣਾ ਕਰਦੇ ਹੋਏ ਸਕੂਲ ਆਫ ਇੰਜੀਨੀਅਰਿੰਗ ਡਿਜ਼ਾਈਨ ਐਂਡ ਆਟੋਮੇਸ਼ਨ ਦੇ ਵਿਦਿਆਰਥੀਆਂ ਲਈ ਮਾਧਵ ਕੇਆਰਜੀ ਗਰੁੱਪ ਦੀ ਕੈਂਪਸ ਪਲੇਸਮੈਂਟ ਡਰਾਈਵ ਦਾ ਆਯੋਜਨ ਕੀਤਾ। ਮਾਧਵ ਕੇਆਰਜੀ ਗਰੁੱਪ ਨੇ ਆਪਣੇ ਪਲਾਂਟ ਲਈ 30 ਵਿਦਿਆਰਥੀਆਂ ਵਿੱਚੋਂ 10 ਉਮੀਦਵਾਰਾਂ ਨੂੰ ਸ਼ਾਰਟਲਿਸਟ ਕੀਤਾ ਹੈ। ਮਾਧਵ ਕੇਆਰਜੀ ਗਰੁੱਪ ਦੀ ਸਥਾਪਨਾ ਸੁਧੀਰ ਗੋਇਲ ਅਤੇ ਸੰਜੀਵ ਗੋਇਲ ਦੁਆਰਾ, ਫਲੈਗਸ਼ਿਪ ਬ੍ਰਾਂਡ, 'ਜਯੋਤੀ', ਕੰਪਨੀ ਦੇ ਅਧੀਨ ਕੀਤੀ ਗਈ ਸੀ, ਜੋ ਕਿ ਆਧੁਨਿਕ ਉਪਕਰਨਾਂ ਅਤੇ ਨਵੀਨਤਾਕਾਰੀ ਪ੍ਰਕਿਰਿਆਵਾਂ ਦੁਆਰਾ ਨਿਰਮਿਤ ਸਟੀਲ ਉਤਪਾਦਾਂ ਦੀ ਪੇਸ਼ਕਸ਼ ਕਰਕੇ ਗਾਹਕਾਂ ਦੀ ਖੁਸ਼ੀ ਪ੍ਰਾਪਤ ਕਰਨ ਲਈ ਲਗਾਤਾਰ ਪਹੁੰਚ ਨਾਲ ਕੀਤੀ ਗਈ ਸੀ। ਸੁਮਿਤ ਸਿਡਾਨਾ, ਐਚ.ਆਰ ਹੈੱਡ ਅਤੇ ਪਰਮਵੀਰ ਸਿੰਘ, ਮਾਧਵ ਕੇਆਰਜੀ ਗਰੁੱਪ ਦੇ ਇੰਜੀਨੀਅਰ ਨੇ ਉਮੀਦਵਾਰਾਂ ਦੇ ਵੱਖ-ਵੱਖ ਹੁਨਰਾਂ ਨੂੰ ਪਰਖਣ ਲਈ ਉਨ੍ਹਾਂ ਨਾਲ ਨਿੱਜੀ ਤੌਰ 'ਤੇ ਗੱਲਬਾਤ ਕੀਤੀ। ਉਹਨਾਂ ਨੇ ਖੁਸ਼ੀ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਕਿ ਵਿਦਿਆਰਥੀਆਂ ਕੋਲ ਹੀਟ ਟਰੀਟਮੈਂਟ ਅਤੇ ਕੁਆਲਿਟੀ ਟੂਲਸ ਦੀਆਂ ਆਧੁਨਿਕ ਤਕਨੀਕਾਂ ਦਾ ਗਿਆਨ ਪਹਿਲਾਂ ਹੀ ਹੈ।

ਕੰਪਨੀ ਦੇ ਅਧਿਕਾਰੀਆਂ ਨੇ ਗੁਰਦੀਪ ਸਿੰਘ ਸੀਹਰਾ, ਸੀਈਓ, ਜੀਐਨਏ ਗੀਅਰਜ ਲਿਮਟਿਡ ਅਤੇ ਪ੍ਰੋ-ਚਾਂਸਲਰ, ਜੀਐਨਏ ਯੂਨੀਵਰਸਿਟੀ, ਨਾਲ ਹੁਨਰਮੰਦ ਮਨੁੱਖੀ ਸ਼ਕਤੀ ਦੀ ਖੋਜ ਕਰਨ ਲਈ ਸਹਿਯੋਗੀ ਪਹਿਲਕਦਮੀਆਂ ਕਰਨ ਬਾਰੇ ਵਿਚਾਰ ਵਟਾਂਦਰਾ ਕੀਤਾ, ਜੋ ਕਿ ਅੱਜਕੱਲ੍ਹ ਆਧੁਨਿਕ ਉਦਯੋਗਾਂ ਦੀ ਮੰਗ ਹੈ। ਅਧਿਕਾਰੀਆਂ ਨੇ ਪ੍ਰੋ ਚਾਂਸਲਰ ਨੂੰ ਐਡਵਾਂਸ . ਮਕੈਨੀਕਲ ਅਤੇ ਆਟੋਮੇਸਨ ਅਤੇ ਰੋਬੋਟਿਕਸ ਅਤੇ ਆਟੋਮੇਸਨ ਇੰਜੀਨੀਅਰਿੰਗ ਪ੍ਰੋਗਰਾਮਾਂ ਨੂੰ ਚਲਾਉਣ ਅਤੇ ਅਡਵਾਂਸ ਤਕਨੀਕਾਂ ਨੂੰ ਲਾਗੂ ਕਰਨ ਲਈ ਵਧਾਈ ਦਿੱਤੀ ਜੋ ਵਿਦਿਅਕ ਸੰਸਥਾ ਅਤੇ ਉਦਯੋਗਿਕ ਲੋੜਾਂ ਵਿਚਕਾਰ ਪਾੜੇ ਨੂੰ ਪੂਰਾ ਕਰ ਰਹੀ ਹੈ।

# ਜਲ ਸਪਲਾਈ ਵਿਭਾਗ ਦੇ ਫੀਲਡ ਕਾਮਿਆਂ ਨਾਲ ਪ੍ਰਮੋਸ਼ਨ ਲਈ ਵਿਤਕਰਾ : ਮਹੈਣੀਆਂ, ਕੌਂਡਲ



**ਕਾਲਾ ਸੰਘਿਆਂ (ਮਨਜੀਤ ਮਾਨ)**—ਜਲ ਸਪਲਾਈ ਸੈਨੀਟੇਸਨ ਮਸਟਰੋਲ ਇੰਪਲਾਈਜ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਨੰਦਨ ਸਿੰਘ ਮਹੈਣੀਆ ਅਤੇ ਸੂਬਾ ਪ੍ਰੈੱਸ ਸਕੱਤਰ ਸੰਜੀਵ ਕੌਂਡਲ ਨੇ ਪ੍ਰੈੱਸ ਦੇ ਨਾਂਅ ਇਕ ਲਿਖਤੀ ਬਿਆਨ ਜਾਰੀ ਕਰਦਿਆਂ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਜਲ ਸਪਲਾਈ ਸੈਨੀਟੇਸ਼ਨ ਵਿਭਾਗ ਵਿੱਚ ਕੰਮ ਕਰਦੇ ਫੀਲਡ ਕਾਮਿਆਂ ਨਾਲ ਪ੍ਰਮੋਸ਼ਨ ਦੇ ਮਾਮਲੇ ਵਿਚ ਬਹੁਤ ਜਿਆਦਾ ਵਿਤਕਰਾ ਹੋ ਰਿਹਾ ਹੈ। ਮਹੈਣੀਆਂ ਨੇ ਦੱਸਿਆ ਕਿ ਇਹ ਦਰਜਾ ਤਿੰਨ ਤੇ ਦਰਜ ਚਾਰ ਫੀਲਡ ਕਾਮੇ ਜਿਸ ਪੋਸਟ 'ਤੇ ਭਾਰਤੀ ਹੁੰਦੇ ਹਨ ਉਸ ਪੋਸਟ 'ਤੇ ਹੀ ਰਿਟਾਇਰ ਹੋ ਜਾਂਦੇ ਹਨ। ਇਨ੍ਹਾਂ ਮੁਲਾਜਮਾਂ ਨੂੰ ਪੂਰੀ ਨੌਕਰੀ ਦੌਰਾਨ ਕੋਈ ਵੀ ਤਰੱਕੀ ਨਹੀਂ ਦਿੱਤੀ ਜਾਂਦੀ ਜਦ ਕਿ ਇਹ ਮੁਲਾਜਮ 24-24 ਘੰਟੇ ਡਿਊਟੀ ਦੇ ਕੇ ਲੋਕਾਂ ਤਕ ਸਾਫ ਸੁਥਰਾ ਪਾਣੀ ਮੁਹੱਈਆ ਕਰਦੇ ਹਨ। ਜਥੇਬੰਦੀ ਦੀ ਮੰਗ ਹੈ ਕਿ ਇਨ੍ਹਾਂ ਫੀਲਡ ਮੁਲਾਜਮਾਂ ਨੂੰ ਵੀ ਬਾਕੀ ਮੁਲਾਜਮਾਂ ਦੀ ਤਰ੍ਹਾਂ ਟਾਈਮ -ਟਾਈਮ ਨਾਲ 5 ਸਾਲ ਜਾਂ 7 ਸਾਲ ਬਾਅਦ ਅਗਲਾ ਸਕੇਲ ਦਿੱਤਾ ਜਾਵੇ ਸੂਬਾ ਪ੍ਰਧਾਨ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਮਹਿਕਮੇ ਵਿਚ ਕੰਮ ਕਰਦੇ ਇਨਲਿਸਟਮੈਂਟ ਵਾਲੇ ਕਾਮਿਆਂ ਨੂੰ ਵੀ ਮਹਿਕਮੇ ਵਿੱਚ ਲਿਆ ਕੇ ਰੈਗੂਲਰ ਕੀਤਾ ਜਾਵੇ। ਸੂਬਾ ਪ੍ਰੈੱਸ ਸਕੱਤਰ ਸੰਜੀਵ ਕੌਂਡਲ ਨੇ ਦੱਸਿਆ ਕਿ ਜਥੇਬੰਦੀ ਵਲੋਂ ਪਿਛਲੇ ਲੰਬੇ ਸਮੇਂ ਤੋਂ ਫੀਲਡ ਮੁਲਾਜਮਾਂ ਨੂੰ ਹਫਤਾਵਾਰੀ ਛੁੱਟੀ ਅਤੇ ਤਿਉਹਾਰੀ ਛੁੱਟੀ ਨਾ ਮਿਲਣ ਕਾਰਨ ਪੰਜਾਬ ਸਰਕਾਰ ਨਾਲ ਗੱਲਬਾਤ ਚੱਲ ਰਹੀ ਸੀ, ਜਿਸ ਸਬੰਧੀ ਮਹਿਕਮੇ ਵਲੋਂ ਸਾਰੇ ਪੰਜਾਬ ਦੇ ਕਾਰਜਕਾਰੀ ਇੰਜੀਨੀਅਰ ਕੋਲੋਂ ਇਸ ਸਬੰਧੀ ਰਿਪੋਰਟ ਮੰਗੀ ਸੀ, ਜਿਸ ਦਾ ਜਵਾਬ ਲਿਖਤੀ ਰੂਪ ਵਿੱਚ ਸਾਰੇ ਕਾਰਜਕਾਰੀ ਇੰਜੀਨੀਅਰ ਵਲੋਂ ਫੀਲਡ ਮੁਲਾਜਮਾਂ ਨੂੰ ਛੁੱਟੀ ਨਾ ਮਿਲਣ ਦਾ ਲਿਖ ਕੇ ਭੇਜ ਦਿੱਤਾ ਗਿਆ ਹੈ। ਹੁਣ ਜਥੇਬੰਦੀ ਮੰਗ ਕਰਦੀ ਹੈ ਕਿ ਇਸ ਸਬੰਧੀ ਜਲਦੀ ਤੋਂ ਜਲਦੀ ਕਾਰਵਾਈ ਕਰਕੇ ਇਨ੍ਹਾਂ ਫੀਲਡ ਮੁਲਾਜਮਾਂ ਨੂੰ 13ਵੀਂ ਤਨਖਾਹ ਜਾਂ ਛੁੱਟੀਆਂ ਦਾ ਹੋਰ ਕੋਈ ਲਾਭ ਦਿੱਤਾ ਜਾਵੇ। ਜੇਕਰ ਇਹ ਮੰਗਾਂ ਪੂਰੀਆਂ ਨਾ ਹੋਈਆਂ ਤਾਂ ਜਥੇਬੰਦੀ ਵਲੋਂ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਦਾ ਐਲਾਨ ਕਰਨਾ ਪਵੇਗਾ।

# ਸੁਰਿੰਦਰ ਸਿੰਘ ਵਿਰਦੀ ਦੀ ਯਾਦ 'ਚ ਨਿੰਮਾਂ ਵਾਲਾ ਸਕੂਲ ਨੂੰ ਇਨਵਰਟਰ ਭੇਟ



*ਨਿੰਮਾਂ ਵਾਲਾ ਸਕੂਲ ਨੂੰ ਇਨਵਰਟਰ ਭੇਟ ਕਰਨ ਮੌਕੇ ਗੁਰਪ੍ਰੀਤ ਸਿੰਘ ਵਿਰਦੀ ਤੇ ਹੋਰ।*

**ਸ਼ਾਹਕੋਟ(ਗਿਆਨ ਸੈਦਪੁਰੀ)** ਐਕਸ ਸਰਵਿਸਮੈਨ ਵੈੱਲਫੇਅਰ ਸੁਸਾਇਟੀ ਸਾਹਕੋਟ ਦੇ ਪ੍ਰਧਾਨ ਚਾਨਣ ਸਿੰਘ ਚੰਦੀ ਯਾਦਗਾਰੀ ਸਪੋਰਟਸ ਕਲੱਬ ਕਾਸੂਪੁਰ ਦੇ ਜਨਰਲ ਸਕੱਤਰ ਅਤੇ ਰਾਮਗੜ੍ਹੀਆ ਐਜੂਕੇਸ਼ਨਲ ਸੁਸਾਇਟੀ ਸ਼ਾਹਕੋਟ ਦੇ ਸਾਬਕਾ ਜਨਰਲ ਸਕੱਤਰ ਸੁਰਿੰਦਰ ਸਿੰਘ ਵਿਰਦੀ, ਜੋ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ, ਦੇ ਪਰਵਾਰ ਵੱਲੋਂ ਉਨ੍ਹਾਂ ਦੀ ਯਾਦ ਵਿੱਚ ਸਰਕਾਰੀ ਮਿਡਲ ਸਕੂਲ (ਨਿੰਮਾਂ ਵਾਲਾ) ਸ਼ਾਹਕੋਟ ਨੂੰ ਇਨਵਰਟਰ ਸੈੱਟ ਦਾਨ ਕੀਤਾ ਗਿਆ । ਸਕੂਲ 'ਚ ਕਰਵਾਏ ਸਾਦੇ ਸਮਾਗਮ ਦੌਰਾਨ ਸਵ. ਸੁਰਿੰਦਰ ਸਿੰਘ ਵਿਰਦੀ ਦੇ ਪੁੱਤਰ ਇੰਜੀਨੀਅਰ ਗੁਰਪ੍ਰੀਤ ਸਿੰਘ ਵਿਰਦੀ, ਨੂੰਹ ਰਵਿੰਦਰ ਕੌਰ ਵਿਰਦੀ ਹੈੱਡ ਟੀਚਰ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਬਲਵੀਰ ਸਿੰਘ ਤੇ ਸ੍ਰੀਮਤੀ ਨਰਿੰਦਰ ਕੌਰ ਮਿਡਲ ਸਕੂਲ ਸ਼ਾਹਕੋਟ ਪਹੁੰਚੇ ਤੇ ਸਕੂਲ ਮੁਖੀ ਤੇ ਸਮੂਹ ਸਟਾਫ ਦੀ ਹਾਜਰੀ ਵਿੱਚ ਇਨਵਰਟਰ ਸੈੱਟ ਭੇਂਟ ਕੀਤਾ। ਇਸ ਮੌਕੇ ਲੋਕ ਭਲਾਈ ਸੁਸਾਇਟੀ ਦੇ ਪ੍ਰਧਾਨ ਕਮਲ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੁਰਿੰਦਰ ਸਿੰਘ ਵਿਰਦੀ ਬਹੁਤ ਸਾਰੀਆਂ ਸੰਸਥਾਵਾਂ ਨਾਲ ਜੁੜੇ ਹੋਏ ਸਨ ਤੇ ਸਮਾਜ ਸੇਵਾ ਦੇ ਕੰਮਾਂ 'ਚ ਵੱਡਾਮੁੱਲਾ ਯੋਗਦਾਨ ਪਾਉਂਦੇ ਸਨ। ਉਨ੍ਹਾਂ ਕਿਹਾ ਕਿ ਸ਼ਾਹਕੋਟ 'ਚ ਫੌਜੀਆਂ ਦੀ ਕੰਟੀਨ ਸ਼ੁਰੂ ਕਰਵਾਉਣ ਵਿੱਚ ਸੁਰਿੰਦਰ ਸਿੰਘ ਵਿਰਦੀ ਦਾ ਅਹਿਮ ਯੋਗਦਾਨ ਸੀ। ਇਸ ਮੌਕੇ ਸਕੂਲ ਮੁਖੀ ਸ੍ਰੀਮਤੀ ਅਮਰਜੀਤ ਕੌਰ ਸਚਦੇਵਾ ਨੇ ਕਿਹਾ ਕਿ ਵਿਰਦੀ ਪਰਵਾਰ ਨੇ ਇਨਵਰਟਰ ਸੈੱਟ ਭੇਟ ਕਰਕੇ ਸਕੂਲ ਦੀ ਲੰਮੇ ਸਮੇਂ ਦੀ ਮੰਗ ਨੂੰ ਪੂਰਾ ਕੀਤਾ ਹੈ। ਉਨ੍ਹਾਂ ਇਸ ਮੌਕੇ ਵਿਰਦੀ ਪਰਵਾਰ ਦਾ ਧੰਨਵਾਦ ਕੀਤਾ। ਸਕੂਲ ਸਟਾਫ ਤੇ ਪਤਵੰਤੇ ਸੱਜਣਾਂ ਵਲੋਂ ਗੁਰਪ੍ਰੀਤ ਸਿੰਘ ਵਿਰਦੀ ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਸੁਰਿੰਦਰਪਾਲ ਸਿੰਘ ਪ੍ਰਧਾਨ ਵਾਤਾਵਰਨ ਸੁਸਾਇਟੀ, ਡਾ.ਨਗਿੰਦਰ ਸਿੰਘ ਬਾਂਸਲ ਪ੍ਰੋਗਰਾਮ ਐਂਕਰ ਦੂਰਦਰਸ਼ਨ ਕੇਂਦਰ ਜਲੰਧਰ, ਦਲਜੀਤ ਸਿੰਘ ਸਚਦੇਵਾ ਪੱਤਰਕਾਰ, ਗੁਰਨਾਮ ਸਿੰਘ ਮੱਟੂ ਜੀ.ਓ.ਜੀ., ਸੁਰਿੰਦਰ ਵਿੱਗ ਪ੍ਰਧਾਨ ਇੰਪਲਾਈਜ ਵੈੱਲਫੇਅਰ ਕਲੱਬ, ਮਨਜੀਤ ਜੀਤਾ ਅਹੁਦੇਦਾਰ ਲੋਕ ਭਲਾਈ ਸੁਸਾਇਟੀ, ਮੈਡਮ ਸਰਬਜੀਤ ਕੌਰ ਸਾਇੰਸ ਮਿਸਟ੍ਰੈੱਸ, ਮੈਡਮ ਸੰਦੀਪ ਕੌਰ ਕੰਪਿਊਟਰ ਟੀਚਰ, ਮੈਡਮ ਵੀਰਪਾਲ ਕੌਰ ਸਾਇੰਸ ਮਿਸਟ੍ਰੈੱਸ, ਜੈਸਮੀਨ ਕੌਰ ਆਦਿ ਹਾਜਰ ਸਨ।

# ਭੰਗ ਕੀਤੇ ਗਏ ਬ੍ਰਾਹਮਣ ਭਲਾਈ ਬੋਰਡ ਦਾ ਪੰਜਾਬ ਸਰਕਾਰ ਪੁਨਰਗਠਨ ਕਰੇ : ਆਸ਼ੂਤੋਸ਼ ਸ਼ਰਮਾ

**ਹੁਸ਼ਿਆਰਪੁਰ,, (ਬਲਵੀਰ ਸਿੰਘ ਸੈਣੀ )**- ਸ਼੍ਰੀ ਭਗਵਾਨ ਪਰਸ਼ੂਰਾਮ ਸੈਨਾ ਅਤੇ ਅਖਿਲ ਭਾਰਤੀ ਬ੍ਰਾਹਮਣ ਏਕਤਾ ਪ੍ਰੀਸ਼ਦ ਵਲੋਂ ਬ੍ਰਾਹਮਣ ਭਲਾਈ ਬੋਰਡ ਦੇ ਗਠਨ ਸਬੰਧੀ ਪੰਜਾਬ ਦੇ ਬ੍ਰਾਹਮਣਾਂ ਦੀਆਂ ਮੰਗਾਂ ਨੂੰ ਲੈ ਕੇ ਸੂਬਾ ਪ੍ਰਧਾਨ ਆਸ਼ੂਤੋਸ਼ ਸ਼ਰਮਾ ਦੀ ਪ੍ਰਧਾਨਗੀ ਹੇਠ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਂਅ ਮੌਜੂਦਾ ਏ.ਡੀ.ਸੀ.(ਐਚ) ਰਾਹੁਲ ਚੱਬਾ ਨੂੰ ਮੰਗ ਪੱਤਰ ਸੌਂਪਿਆ ਗਿਆ। ਆਸ਼ੂਤੋਸ਼ ਸ਼ਰਮਾ ਨੇ ਕਿਹਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੱਤਾ ਵਿਚ ਆਉਂਦੇ ਹੀ ਬ੍ਰਾਹਮਣ ਭਲਾਈ ਬੋਰਡ ਨੂੰ ਭੰਗ ਕਰ ਦਿੱਤਾ ਅਤੇ ਪੰਜਾਬ ਵਿਚ ਬ੍ਰਾਹਮਣ ਭਾਈਚਾਰੇ ਨੂੰ ਸਹੂਲਤਾਂ ਦੇਣ ਦੀ ਬਜਾਏ ਉਨ੍ਹਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬਿਨਾਂ ਕਿਸੇ ਦੇਰੀ ਤੋਂ ਬ੍ਰਾਹਮਣ ਭਲਾਈ ਬੋਰਡ ਦਾ ਗਠਨ ਕੀਤਾ ਜਾਵੇ ਅਤੇ ਗੈਰ-ਸਿਆਸੀ ਚੇਅਰਮੈਨ ਸਮੇਤ ਕਾਰਜਕਾਰਨੀ ਦਾ ਗਠਨ ਕੀਤਾ ਜਾਵੇ। ਪੰਡਿਤ ਪ੍ਰਿੰਸ ਸ਼ਾਮ ਪ੍ਰੈੱਸ ਸਕੱਤਰ ਬ੍ਰਾਹਮਣ ਮਹਾਂ ਪੰਚਾਇਤ ਨੇ ਮੰਗ ਕੀਤੀ ਕਿ 'ਪੰਜਾਬ ਸਕੂਲ ਸਿੱਖਿਆ ਬੋਰਡ' ਦੇ ਪਾਠਕ੍ਰਮ ਵਿੱਚ ਆਜ਼ਾਦੀ ਘੁਲਾਟੀਏ 'ਸ਼੍ਰੀ ਸ਼ਰਧਾ ਰਾਮ ਫਿਲੌਰੀ' ਦਾ ਇਤਿਹਾਸ ਸ਼ਾਮਲ ਕਰਨਾ ਯਕੀਨੀ ਬਣਾਇਆ ਜਾਵੇ। ਸੂਬਾ ਪ੍ਰਧਾਨ ਆਸ਼ੂਤੋਸ਼ ਸ਼ਰਮਾ ਨੇ ਕਿਹਾ ਕਿ ਪੰਜਾਬ ਵਿੱਚ 'ਬ੍ਰਾਹਮਣ ਸੁਰੱਖਿਆ ਐਕਟ' ਨੂੰ ਸੋਧ ਕੇ 'ਬ੍ਰਾਹਮਣ ਭਲਾਈ ਬੋਰਡ' ਰਾਹੀਂ ਲਾਗੂ ਕੀਤਾ ਜਾਵੇ ਤਾਂ ਜੋ ਸੂਬੇ ਵਿੱਚ ਬ੍ਰਾਹਮਣ ਜ਼ੁਲਮ ਨੂੰ ਰੋਕਿਆ ਜਾ ਸਕੇ।

ਸ਼ਰਮਾ ਨੇ ਕਿਹਾ ਕਿ ਪੰਜਾਬ ਦੇ ਹਰ ਜ਼ਿਲ੍ਹੇ 'ਚ ਜਥੇਬੰਦੀ ਦੇ ਅਹੁਦੇਦਾਰ ਉੱਥੋਂ ਦੇ ਡਿਪਟੀ ਕਮਿਸ਼ਨਰ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਨੂੰ ਮੰਗ ਪੱਤਰ ਸੌਂਪਣਗੇ ਤਾਂ ਜੋ ਬ੍ਰਾਹਮਣਾਂ ਦੀਆਂ ਮੰਗਾਂ ਨੂੰ ਸਰਕਾਰ ਪਾਸੋਂ ਪਾਸ ਕਰਵਾਇਆ ਜਾ ਸਕੇ, ਜਿਸ ਦੀ ਸ਼ੁਰੂਆਤ ਹੁਸ਼ਿਆਰਪੁਰ ਤੋਂ ਕੀਤੀ ਗਈ ਹੈ। ਜੇਕਰ ਇਸ ਨੂੰ ਨਾ ਮੰਨਿਆ ਗਿਆ ਤਾਂ ਪੰਜਾਬ ਭਰ ਵਿੱਚ ਅੰਦੋਲਨ ਕੀਤਾ ਜਾਵੇਗਾ। ਇਸ ਮੌਕੇ ਹਰਰੂਪ ਭਾਰਦਵਾਜ, ਵਿਕਰਾਂਤ ਸ਼ਰਮਾ, ਅਜੇ ਐਰੀ, ਅਜੈ ਸ਼ਰਮਾ, ਸੰਜੇ ਸ਼ਰਮਾ, ਸਾਲਕਰ ਰਾਜੀਵ ਸ਼ਰਮਾ, ਪੰਡਤ ਰਾਜੇਸ਼, ਪੰਡਿਤ ਕ੍ਰਿਸ਼ਨ ਸ਼ਰਮਾ, ਪੰਡਿਤ ਵੇਦ ਪ੍ਰਕਾਸ਼, ਪੰਡਿਤ ਸਬੋਧ, ਕੁਲਦੀਪ ਸ਼ਰਮਾ, ਵਿਸ਼ਾਲ ਬਾਵਾ, ਕਿਸ਼ੋਰ ਸ਼ਰਮਾ ਆਦਿ ਹਾਜ਼ਰ ਸਨ।

# ਆਪਣੀਆਂ ਮੰਗਾਂ ਪ੍ਰਤੀ ਅੱਜ ਐੱਸ ਐੱਸ ਪੀ ਨੂੰ ਮਿਲੇਗੀ ਟਾਂਡਾ ਕਮੇਟੀ



**ਟਾਂਡਾ ਉੜਮੁੜ , (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਪਿਛਲੇ ਦਿਨੀਂ ਮੰਦਰ ਪ੍ਰਧਾਨ 'ਤੇ ਹੋਏ ਝੂਠੇ ਪਰਚੇ ਸੰਬੰਧੀ ਐਸ ਐਸ ਪੀ ਹੁਸ਼ਿਆਰਪੁਰ ਤੇ ਟਾਂਡਾ ਕਮੇਟੀ ਵਿਚਕਾਰ ਹੋਇਆ ਸਮਝੌਤਾ ਸਿਰੇ ਨਾ ਚੜਨ ਕਰਕੇ ਇਹ ਮਾਮਲਾ ਸੁਲਝਣ ਦੀ ਬਜਾਏ ਉਲਝਦਾ ਨਜ਼ਰ ਆ ਰਿਹਾ ਹੈ । ਇਸ ਸੰਬੰਧੀ ਟਾਂਡਾ ਵਿਖੇ ਕਿਸਾਨ ਜਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ ਤੇ ਵੱਖ ਵੱਖ ਸਿਆਸੀ ਪਾਰਟੀਆਂ ਆਗੂਆਂ, ਮੰਦਰ ਕਮੇਟੀ, ਹਿੰਦੂ ਜਥੇਬੰਦੀਆਂ ਵੱਲੋਂ ਗਠਤ 16 ਮੈਂਬਰੀ ਕਮੇਟੀ ਮੈਂਬਰ ਪਰਮਜੀਤ ਸਿੰਘ ਭੁੱਲਾ ਬਾਠ ਜਿਲ੍ਹਾ ਪ੍ਰਧਾਨ ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ, ਜੰਗਵੀਰ ਸਿੰਘ ਚੌਹਾਨ ਪ੍ਰਧਾਨ ਦੋਆਬਾ ਕਿਸਾਨ ਕਮੇਟੀ ਪੰਜਾਬ, ਬਸਪਾ ਆਗੂ ਲਖਵਿੰਦਰ ਸਿੰਘ ਲੱਖੀ, ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਟਾਂਡਾ ਉੜਮੁੜ ਅਰਵਿੰਦਰ ਸਿੰਘ ਰਸੂਲਪੁਰ, ਨਗਰ ਕੌਂਸਲ ਪ੍ਰਧਾਨ ਗੁਰਸੇਵਕ ਮਾਰਸ਼ਲ, ਕੌਂਸਲਰ ਕ੍ਰਿਸ਼ਨ ਕੁਮਾਰ ਬਿੱਟੂ, ਕੌਂਸਲਰ ਰਜੇਸ਼ ਕੁਮਾਰ ਬਿੱਟੂ, ਕੌਂਸਲਰ ਦਵਿੰਦਰ ਬਿੱਲੂ ਸੈਣੀ, ਸਮਾਜ ਸੇਵੀ ਹਰਦੀਪ ਖੁੱਡਾ, ਜੀਵਨ ਕੁਮਾਰ ਬਬਲੀ, ਅਸ਼ੋਕ ਬਹਿਲ, ਸ਼ਾਮ ਲਾਲ ਵਰਮਾ, ਸੁਰਿੰਦਰ ਨਾਈਅਰ, ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਵਿੰਦਰ ਸਿੰਘ ਮੂਨਕ, ਭਾਰਤੀਆਂ ਵਾਲਮੀਕਿ ਧਰਮ ਸਮਾਜ ਭਾਰਤ ਦੇ ਪੰਜਾਬ ਪ੍ਰਧਾਨ ਮੋਹਨ ਸੱਭਰਵਾਲ, ਦਲਿਤ ਆਗੂ ਹੀਰਾ ਲਾਲ, ਸਾਬਕਾ ਕੌਂਸਲਰ ਲਖਵਿੰਦਰ ਸਿੰਘ ਮੁਲਤਾਨੀ, ਦਲਿਤ ਆਗੂ ਇਤਵਾਰੀ ਲਾਲ, ਦਲਿਤ ਆਗੂ ਵਿਨੋਦ ਕੁਮਾਰ ਸੁੰਦਰੀ, ਹਿੰਦੂ ਆਗੂ ਨੈਨੂੰ ਜਸਰਾ, ਸੋਨੂੰ ਖੰਨਾ, ਕੌਂਸਲਰ ਆਸ਼ੂ ਵੈਦ ਆਦਿ ਦੀ ਇੱਕ ਵਿਸ਼ੇਸ਼ ਬੈਠਕ ਮਹਾਦੇਵ ਮੰਦਰ ਟਾਂਡਾ ਵਿਖੇ ਹੋਈ, ਜਿਸ ਵਿੱਚ ਮੰਦਰ ਪ੍ਰਧਾਨ ਤੇ ਹੋਏ ਪਰਚੇ ਸਬੰਧੀ ਐਸ.ਐਸ.ਪੀ ਹੁਸ਼ਿਆਰਪੁਰ ਤੇ ਕਮੇਟੀ ਵਿਚਕਾਰ ਹੋਏ ਸਮਝੌਤੇ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਬੋਲਦਿਆ ਵੱਖ-ਵੱਖ ਬੁਲਾਰਿਆਂ ਦੱਸਿਆ ਕਿ ਐਸਪੀ ਡੀ ਹੁਸ਼ਿਆਰਪੁਰ ਸਰਬਜੀਤ ਬਾਹੀਆ ਤੇ ਟਾਂਡਾ ਕਮੇਟੀ ਨਾਲ ਦੋ ਮੰਗਾਂ ਨੂੰ ਲੈ ਕੇ ਵਾਅਦਾ ਕੀਤਾ ਸੀ ਕਿ ਮੰਦਰ ਪ੍ਰਧਾਨ ਤੇ ਦਰਜ਼ ਝੂਠਾ ਪਰਚਾ ਰੱਦ ਕਰਨਾ ਤੇ ਐਸਐਚਓ ਟਾਂਡਾ ਉਂਕਾਰ ਬਰਾੜ ਦੀ ਟਾਂਡਾ ਥਾਣਾ ਤੋਂ ਬਦਲੀ ਮੰਨੀ ਸੀ, ਪਰ ਪੁਲਸ ਪ੍ਰਸ਼ਾਸਨ ਨੇ ਅੱਜ ਤੱਕ ਮੰਦਰ ਪ੍ਰਧਾਨ ਤੇ ਦਰਜ਼ ਪਰਚਾ ਰੱਦ ਨਹੀਂ ਕੀਤਾ, ਜਿਸ ਕਰਕੇ ਕਮੇਟੀ ਮੈਂਬਰਾਂ ਤੇ ਸ਼ਹਿਰ ਵਾਸੀਆਂ ਵਿੱਚ ਪੁਲਸ ਪ੍ਰਤੀ ਰੋਸ ਹੈ। ਇਸ ਸੰਬੰਧੀ ਟਾਂਡਾ ਕਮੇਟੀ ਮੈਂਬਰ ਐਸ ਐਸ ਪੀ ਹੁਸ਼ਿਆਰਪੁਰ ਨਾਲ 21 ਜੁਲਾਈ ਨੂੰ ਇਸ ਮਸਲੇ ਸੰਬੰਧੀ ਮੁਲਾਕਾਤ ਕਰਨਗੇ । ਕਮੇਟੀ ਆਗੂਆਂ ਦੱਸਿਆ ਕਿ ਜੇਕਰ ਇਸ ਮੀਟਿੰਗ ਦੌਰਾਨ ਇਸ ਮਸਲੇ ਦਾ ਕੋਈ ਹੱਲ ਨਾਂ ਨਿਕਲਿਆ ਤਾਂ ਟਾਂਡਾ ਕਮੇਟੀ ਸੰਘਰਸ਼ ਸਬੰਧੀ ਅਗਲੀ ਰਣਨੀਤੀ ਤੈਅ ਕਰੇਗੀ।

# ਤਹਿਸੀਲਦਾਰ ਨੇ ਮਹਿਦਲੀ ਕਲਾਂ ਬੰਨ੍ਹ ਦਾ ਕੀਤਾ ਦੌਰਾ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਸਤੁਲਜ ਦਰਿਆ ਰਾਹੀਂ ਬਰਸਾਤਾਂ ਦੌਰਾਨ ਆਉਣ ਵਾਲੇ ਪਾਣੀ ਦੇ ਭਾਰੀ ਵਹਾਅ ਕਾਰਨ ਇਲਾਕੇ ਦੇ ਲੋਕਾਂ ਦੇ ਜਾਨ-ਮਾਲ ਦੀ ਰਾਖੀ ਕਰਨਾ ਪ੍ਰਸ਼ਾਸਨ ਦਾ ਫਰਜ ਹੈ ਅਤੇ ਇਸ ਦੇ ਲਈ ਅਸੀਂ ਪੂਰੀ ਤਰ੍ਹਾਂ ਯਤਨਸ਼ੀਲ ਹਾਂ। ਹੜ੍ਹਾ ਦੋਰਾਨ ਹੋਣ ਵਾਲੇ ਕਿਸੇ ਵੀ ਤਰਾਂ ਦੇ ਨੁਕਸਾਨ ਨੂੰ ਰੋਕਣ ਲਈ ਪ੍ਰਸ਼ਾਸ਼ਨ ਵਲੋਂ ਢੁਕਵੇਂ ਕਦਮ ਚੁੱਕੇ ਜਾ ਰਹੇ ਹਨ। ਇਹ ਪ੍ਰਗਟਾਵਾ ਬਾਦਲ ਦੀਨ ਤਹਿਸੀਲਦਾਰ ਸ੍ਰੀ ਅਨੰਦਪੁਰ ਸਾਹਿਬ ਨੇ ਮਹਿਦਲੀ ਕਲਾਂ ਵਿਚ ਬਣੇ ਬੰਨ੍ਹ ਦਾ ਦੌਰਾ ਕਰਨ ਮੌਕੇ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ।

ਉਹਨਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਦੇ ਨੈਣਾ ਦੇਵੀ ਦੀਆਂ ਪਹਾੜੀਆਂ ਦਾ ਬਰਸਾਤੀ ਪਾਣੀ ਚਰਨ ਗੰਗਾ ਰਾਹੀ ਸਤਲੁਜ ਦਰਿਆ ਵਿਚ ਦਾਖਲ ਹੋਣ ਸਮੇਂ ਇਹ ਪਾਣੀ ਕਈ ਪਿੰਡਾਂ ਨੂੰ ਪ੍ਰਭਾਵਿਤ ਕਰਦਾ ਹੈ। ਲੋਕ ਬਰਸਾਤੀ ਪਾਣੀ ਦੇ ਵਹਾਅ ਦੇ ਰਾਹ ਵਿੱਚ ਅੜਿਕੇ ਖਤਮ ਕਰਨ ਲਈ ਸਹਿਯੋਗ ਦੇਣ ਇਸ ਨਾਲ ਗੰਦਗੀ ਫੈਲਣ ਅਤੇ ਬਿਮਾਰੀਆਂ ਫੈਲਣ ਤੋਂ ਵੀ ਬਚਾਓ ਹੁੰਦਾ ਹੈ। ਉਹਨਾਂ ਦੱਸਿਆ ਕਿ ਸੰਭਾਵੀ ਹੜ੍ਹਾਂ ਦੇ ਪ੍ਰਬੰਧਾਂ ਲਈ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਤਹਿਸੀਲ ਦਫਤਰ ਵਿਚ 24 ਘੰਟੇ ਲਈ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ। ਜਿਥੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।

# ਵੋਟਰ ਸੂਚੀ ਦੀ ਸੁਧਾਈ ਤਹਿਤ 21 ਅਗਸਤ ਤੱਕ ਕਰਵਾਈ ਜਾਵੇਗੀ ਵੈਰੀਫਿਕੇਸ਼ਨ : ਜ਼ਿਲ੍ਹਾ ਚੋਣ ਅਫ਼ਸਰ

**ਜਲੰਧਰ ( ਸ਼ੈਲੀ ਐਲਬਰਟ)**

ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਸਬੰਧੀ ਜਾਰੀ ਪ੍ਰੋਗਰਾਮ ਅਨੁਸਾਰ ਤਰੁੱਟੀ ਰਹਿਤ ਵੋਟਰ ਸੂਚੀਆਂ ਤਿਆਰ ਕਰਨ ਲਈ ਬੂਥ ਲੈਵਲ ਅਫ਼ਸਰਾਂ ਰਾਹੀਂ 21 ਜੁਲਾਈ ਤੋਂ 21 ਅਗਸਤ ਤੱਕ ਘਰ-ਘਰ ਸਰਵੇਖਣ ਕਰਵਾਇਆ ਜਾਵੇਗਾ ਤਾਂ ਜੋ ਵੋਟਰਾਂ ਦੇ ਵੇਰਵਿਆਂ ਵਿਚ ਕੋਈ ਤਰੁੱਟੀ ਨਾ ਰਹੇ।।

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਬੂਥ ਲੈਵਲ ਅਫ਼ਸਰਾਂ ਵੱਲੋਂ ਘਰ-ਘਰ ਜਾ ਕੇ ਮੌਜੂਦਾ ਵੋਟਰ ਸੂਚੀ ਵਿੱਚ ਦਰਜ ਵੋਟਰਾਂ ਦੀ ਵੈਰੀਫਿਕੇਸ਼ਨ ਕੀਤੀ ਜਾਵੇਗੀ ਅਤੇ ਇਹ ਕੰਮ ਬੂਥ ਲੈਵਲ ਅਫ਼ਸਰਾਂ ਵੱਲੋਂ ਬੀ.ਐਲ.ਓ. ਐਪ ਰਾਹੀਂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਬੂਥ ਲੈਵਲ ਅਫ਼ਸਰਾਂ ਵੱਲੋਂ ਵੋਟਰ ਸੂਚੀ ਵਿੱਚ ਪਹਿਲਾਂ ਤੋਂ ਦਰਜ ਵੇਰਵਿਆਂ ਨੂੰ ਚੈੱਕ ਕਰਨ ਤੋਂ ਇਲਾਵਾ ਸਰਵੇ ਦੌਰਾਨ ਯੋਗ ਵਿਅਕਤੀ, ਜਿਹੜੇ ਵੋਟਰ ਸੂਚੀ ਵਿੱਚ ਦਰਜ ਨਹੀਂ ਹਨ, ਸੰਭਾਵਿਤ ਵੋਟਰਾਂ ਦੇ ਵੇਰਵੇ ਅਤੇ ਵੋਟਰ ਕਾਰਡ ਨੂੰ ਆਧਾਰ ਨੰਬਰ ਨਾਲ ਲਿੰਕ ਕਰਨ ਦਾ ਕੰਮ ਵੀ ਕੀਤਾ ਜਾਵੇਗਾ। ਚੋਣ ਕਮਿਸ਼ਨ ਵੱਲੋਂ ਯੋਗਤਾ ਮਿਤੀ 1-1-2024 ਦੇ ਆਧਾਰ 'ਤੇ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਦਾ ਪ੍ਰੋਗਰਾਮ ਵੀ ਜਾਰੀ ਕੀਤਾ ਗਿਆ ਹੈ, ਜਿਸ ਅਨੁਸਾਰ 17 ਅਕਤੂਬਰ ਨੂੰ ਵੋਟਰ ਸੂਚੀਆਂ ਦੀ ਮੁੱਢਲੀ ਪ੍ਰਕਾਸ਼ਨਾ ਕੀਤੀ ਜਾਵੇਗੀ ਅਤੇ ਨਵੀਂ ਵੋਟ ਬਣਵਾਉਣ, ਵੋਟ ਕਟਵਾਉਣ ਜਾਂ ਪਹਿਲਾਂ ਬਣੀ ਵੋਟ ਵਿੱਚ ਸੋਧ ਕਰਵਾਉਣ, ਰਿਹਾਇਸ਼ ਤਬਦੀਲ ਸਬੰਧੀ ਆਮ ਲੋਕਾਂ ਪਾਸੋਂ 30 ਨਵੰਬਰ ਤੱਕ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕੀਤੇ ਜਾਣਗੇ।ਉਨ੍ਹਾਂ ਅੱਗੇ ਦੱਸਿਆ ਕਿ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਦੌਰਾਨ 21 ਅਤੇ 22 ਅਕਤੂਬਰ (ਸ਼ਨੀਵਾਰ ਤੇ ਐਤਵਾਰ) ਅਤੇ 18 ਤੇ 19 ਨਵੰਬਰ (ਸ਼ਨੀਵਾਰ ਤੇ ਐਤਵਾਰ) ਨੂੰ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ, ਜਿਸ ਦੌਰਾਨ ਬੀ.ਐਲ.ਓ. ਆਪਣੇ ਪੋਲਿੰਗ ਬੂਥਾਂ 'ਤੇ ਸਵੇਰੇ 9.00 ਤੋਂ ਸ਼ਾਮ 5.00 ਵਜੇ ਤੱਕ ਮੌਜੂਦ ਰਹਿ ਕੇ ਵੋਟਰ ਸੂਚੀਆਂ ਦੀ ਸੁਧਾਈ ਦਾ ਕੰਮ ਕਰਨਗੇ। ਉਨ੍ਹਾਂ ਦੱਸਿਆ ਕਿ ਵੋਟਰਾਂ ਵੱਲੋਂ ਦਾਇਰ ਕੀਤੇ ਗਏ ਦਾਅਵੇ ਅਤੇ ਇਤਰਾਜ਼ਾਂ ਦਾ ਨਿਪਟਾਰਾ ਸਬੰਧਤ ਈ.ਆਰ.ਓਜ਼. ਵੱਲੋਂ 26 ਦਸੰਬਰ 2023 ਤੱਕ ਕੀਤਾ ਜਾਵੇਗਾ ਅਤੇ 5 ਜਨਵਰੀ,2024 ਨੂੰ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਕਰਵਾਈ ਜਾਵੇਗੀ।

ਡਿਪਟੀ ਕਮਿਸ਼ਨਰ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ 1 ਅਕਤੂਬਰ, 2023 ਤੇ 1 ਜਨਵਰੀ, 2024 ਨੂੰ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋਣ ਵਾਲੇ ਨੌਜਵਾਨ ਆਪਣੀਆਂ ਵੋਟਾਂ ਜ਼ਰੂਰ ਬਣਵਾਉਣ। ਉਨ੍ਹਾਂ ਅੱਗੇ ਦੱਸਿਆ ਕਿ 1 ਅਪ੍ਰੈਲ, 2024 ਅਤੇ 1 ਜੁਲਾਈ, 2024 ਅਤੇ 1 ਅਕਤੂਬਰ, 2024 ਨੂੰ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਨੌਜਵਾਨ ਵੀ ਆਪਣੀ ਵੋਟ ਬਣਵਾਉਣ ਲਈ ਅਗਾਊਂ ਬਿਨੈ ਕਰਨ ਲਈ voters.eci.gov.in ਜਾਂ ਵੋਟਰ ਹੈਲਪਲਾਈਨ ਮੋਬਾਇਲ ਐਪ 'ਤੇ ਆਨਲਾਈਨ ਫਾਰਮ ਨੰ. 6 ਭਰ ਸਕਦੇ ਹਨ। ਹਨ।।—( ਫੋਟੋ ਨਾਲ ਨੱਥੀ- ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਵਿਸ਼ੇਸ਼ ਸਾਰੰਗਲ)

# ਸਿਲਵਰ ਓਕ ਸਕੂਲ 'ਚ ਬਣੇ ਸਵੀਮਿੰਗ ਪੂਲ ਦਾ ਤਰਲੋਚਨ ਸਿੰਘ ਨੇ ਕੀਤਾ ਉਦਘਾਟਨ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ )**-ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸਹਿਬਾਜਪੁਰ ਖੇਡਾਂ ਦੇ ਵਿੱਚ ਇੱਕ ਵੱਖਰਾ ਮਿਆਰ ਹਾਸਲ ਕਰ ਚੁੱਕੀ ਹੈ। ਇਸੇ ਪ੍ਰਾਪਤੀਆਂ 'ਚ ਇੱਕ ਹੋਰ ਕੜੀ ਜੋੜਦੇ ਹੋਏ ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਆਧੁਨਿਕ ਸਹੂਲਤਾਂ ਨਾਲ ਬਣਿਆ ਹੋਇਆ ਪ੍ਰੋਫੈਸ਼ਨਲ ਸਵੀਮਿੰਗ ਪੂਲ ਰਸਮੀ ਤੌਰ 'ਤੇ ਇਲਾਕੇ ਦੇ ਸਪੁਰਦ ਕੀਤਾ। ਉਹਨਾਂ ਨੇ ਅਕਾਲ ਪੁਰਖ ਦੇ ਚਰਨਾਂ 'ਚ ਅਰਦਾਸ ਕਰਦੇ ਹੋਏ ਸਕੂਲ ਦੀ ਇਸ ਉਪਲਬਧੀ ਲਈ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਚੇਅਰਮੈਨ ਤਰਲੋਚਨ ਸਿੰਘ ਨੇ ਦੱਸਿਆ ਕਿ ਤਮਾਮ ਆਧੁਨਿਕ ਸਹੂਲਤਾਂ ਨਾਲ ਲੈਸ ਇਸ ਪੂਲ ਵਿੱਚ ਰੋਜਾਨਾ ਸਵੀਮਿੰਗ ਦੀਆਂ ਪ੍ਰੋਫੈਸ਼ਨਲ ਤੌਰ 'ਤੇ ਕਲਾਸਾਂ ਲੱਗਿਆ ਕਰਨਗੀਆਂ।



ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਪ੍ਰੋਫੈਸ਼ਨਲ ਅਤੇ ਤਜ਼ਰਬੇਕਾਰ ਸਵੀਮਿੰਗ ਕੋਚ ਦੀ ਦੇਖਰੇਖ ਵਿੱਚ ਟ੍ਰੇਨਿੰਗ ਦਿੱਤੀ ਜਾਵੇਗੀ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਇਸ ਇਲਾਕੇ ਵਿੱਚ ਅਜਿਹੀ ਸਹੂਲਤ ਦੀ ਬਹੁਤ ਜ਼ਰੂਰਤ ਮਹਿਸੂਸ ਹੋ ਰਹੀ ਸੀ। ਉਹਨਾਂ ਦੱਸਿਆ ਕਿ ਤੈਰਾਕੀ ਇੱਕ ਕਲਾ ਦੇ ਨਾਲ-ਨਾਲ ਬਹੁਤ ਵਧੀਆ ਕਸਰਤ ਵੀ ਹੈ ਜਿਸ ਨਾਲ ਪੂਰੇ ਸਰੀਰ ਦੀ ਕਸਰਤ ਹੁੰਦੀ ਹੈ। ਹਰ ਉਮਰ ਵਰਗ ਲਈ ਤੈਰਾਕੀ ਬੇਹੱਦ ਦਿਲਚਸਪ ਖੇਡ ਹੈ। ਜਿਕਰਯੋਗ ਹੈ ਕਿ ਬੱਚਿਆਂ ਵੱਲੋਂ ਇਹਨਾਂ ਕਲਾਸਾਂ ਵਿੱਚ ਬੇਹੱਦ ਦਿਲਚਸਪੀ ਦਿਖਾਈ ਗਈ।

ਇਸ ਮੌਕੇ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ ਸ਼ਰਮਾ, ਅਮਰਜੀਤ ਕੌਰ ਸੈਣੀ, ਰਾਜਵਿੰਦਰ ਕੌਰ, ਜਗਬੰਧਨ ਸਿੰਘ, ਪਰਮਜੀਤ ਕੌਰ, ਰਾਜਵੀਰ ਕੌਰ, ਪ੍ਰਿਯਾ, ਗੁਰਪ੍ਰੀਤ, ਵਿਸ਼ਾਲੀ, ਬਲਜੀਤ, ਕੰਚਨ, ਪੂਜਾ, ਸ਼ਵੇਤਾ, ਰੁਪਿੰਦਰ, ਪਰਵੀਨ, ਹਰਜੀਤ, ਕੁਲਵਿੰਦਰ, ਪਰਮਿੰਦਰ ਅਤੇ ਬਾਕੀ ਸਟਾਫ ਵੀ ਮੌਜੂਦ ਸੀ।

# ਢਾਹਾਂ ਕਲੇਰਾਂ ਵਿਖੇ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ

**ਬਹਿਰਾਮ (ਅਵਤਾਰ ਕਲੇਰ)** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਸਮੂਹ ਸਾਧ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੇ ਵਿਦਿਆਰਥੀ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿਚ ਕੀਤੇ । ਇਸ ਉਪਰੰਤ ਸਜੇ ਦੀਵਾਨ ਵਿਚ ਵਿਚ ਭਾਈ ਸੁਖਜੀਤ ਸਿੰਘ ਕੋਹਾੜਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਨੇ ਰਸ ਭਿੰਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਸਮਾਗਮ ਵਿਚ ਭਾਈ ਜੋਗਾ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਅਤੇ ਨਰਸਿੰਗ ਕਾਲਜ ਦੇ ਵਿਦਿਆਰਥੀਆਂ ਦੇ ਕੀਰਤਨੀ ਜਥਿਆਂ ਨੇ ਵੀ ਹਾਜ਼ਰੀ ਭਰੀ । ਇਸ ਮੌਕੇ ਟਰੱਸਟ ਦੇ ਪ੍ਰਧਾਨ ਹਰਦੇਵ ਸਿੰਘ ਕਾਹਮਾ ਨੇ ਇਕੱਤਰ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ



ਅਤੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਜਥੇਦਾਰ ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ ਨੇ ਸਟੇਜ ਸੰਚਾਲਨਾ ਕਰਦੇ ਹੋਏ ਸਮੂਹ ਸੰਗਤਾਂ ਨੂੰ ਗੁਰੂ ਸਾਹਿਬਾਨ ਵੱਲੋਂ ਦਿਖਾਏ ਸਿੱਖੀ ਦੇ ਮਾਰਗ ਤੇ ਚੱਲਣ ਲਈ ਪ੍ਰੇਰਿਆ। ਇਸ ਮੌਕੇ ਅਮਰਜੀਤ ਸਿੰਘ ਕਲੇਰਾਂ , ਪ੍ਰੋ ਹਰਬੰਸ ਸਿੰਘ ਬੋਲੀਨਾ, ਜਥੇਦਾਰ ਤਰਲੋਕ ਸਿੰਘ ਫਲੋਰਾ, ਡਾ ਰਵਿੰਦਰ ਖਜੂਰੀਆ, ਡਾ. ਬਲਵਿੰਦਰ ਸਿੰਘ , ਮੈਡਮ ਦਵਿੰਦਰ ਕੌਰ, ਡਾ. ਸੁਰਿੰਦਰ ਜਸਪਾਲ , ਮੈਡਮ ਰਮਨਦੀਪ ਕੌਰ, ਮੈਡਮ ਵਨੀਤਾ, ਭਾਈ ਮਨਜੀਤ ਸਿੰਘ, ਮਹਿੰਦਰਪਾਲ ਸਿੰਘ, ਭਾਈ ਪ੍ਰਵੀਨ ਸਿੰਘ ਢਾਹਾਂ, ਭਾਈ ਨਰਿੰਦਰ ਸਿੰਘ ਢਾਹਾਂ, ਟਰੱਸਟ ਅਧੀਨ ਚੱਲਦੇ ਸਮੂਹ ਅਦਾਰਿਆਂ ਦਾ ਸਟਾਫ਼, ਡਾਕਟਰ ਸਾਹਿਬਾਨ, ਮੈਡੀਕਲ ਸਟਾਫ, ਪੈਰਾ ਮੈਡੀਕਲ ਸਟਾਫ, ਸਮੂਹ ਅਦਾਰਿਆਂ ਦੇ ਵਿਦਿਆਰਥੀਆਂ ਤੋਂ ਇਲਾਵਾ ਇਲਾਕਾ ਨਿਵਾਸੀ ਸਾਧ-ਸੰਗਤਾਂ ਨੇ ਵੀ ਹਾਜ਼ਰੀਆਂ ਭਰੀਆਂ।

# ਮਮਤਾ ਦਿਵਸ ਮਨਾਇਆ



**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਗੀਤਾਂਜਲੀ ਸਿੰਘ ਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਮਹਾਲੋਂ ਵਿੱਖੇ ਮਮਤਾ ਦਿਵਸ ਮਨਾਇਆ ਗਿਅ। ਜਿਸ ਵਿਚ ਸਿਹਤ ਅਧਿਕਾਰੀ ਸੀ ਐਚ ਓ ਲਖਵਿੰਦਰ ਕੌਰ ਏ ਐਨ ਐਮ ਗੁਰਦੇਵ ਕੌਰ, ਏ ਐਨ ਐਮ ਪਰਵੀਨ ਕੁਮਾਰੀ ,ਬਲਵਿੰਦਰ ਕੌਰ ਕੁਲਵਿੰਦਰ ਕੌਰ ਕਸ਼ਮੀਰ ਕੌਰ ਪੂਨਮ ਕਮਲਜੀਤ ਵਲੋਂ ਗਰਭਵਤੀ ਮਾਵਾਂ ਦਾ ਚੈੱਕਅੱਪ ਤੇ ਬੱਚਿਆਂ ਦਾ ਟੀਕਾਕਰਣ ਕੀਤਾ ਗਿਆ ਤੇ ਲੋਕਾਂ ਨੂੰ ਸਿਹਤ ਸਹੂਲਤਾਂ, ਜਿਵੇਂ ਕਿ ਮੁਫ਼ਤ ਜਣੇਪਾ, ਮੁਫ਼ਤ ਟੈਸਟ ਤੇ ਮੁਫਤ ਇਲਾਜ਼ ਵਾਰੇ ਡੇਂਗੂ ਮਲੇਰੀਆ ਨਸ਼ਿਆਂ ਤੇ ਭਰੂਣ ਹੱਤਿਆ ਬਾਰੇ ਜਾਣਕਾਰੀ ਦਿੱਤੀ ਗਈ।

# ਕੇਂਦਰੀ ਮੰਤਰੀ ਦੇ ਕੋਟੇ 'ਚੋਂ ਸੋਲਰ ਲਾਈਟਾਂ ਲਈ ਭੇਟ ਕੀਤੀ ਗ੍ਰਾਂਟ



**ਅੱਡਾ ਸਰਾਂ (ਕਾਜਲ)**-ਮੋਦੀ ਸਰਕਾਰ ਵੱਲੋਂ ਦੇਸ਼ ਦੇ ਹਰ ਵਰਗ ਦੀ ਸਹੂਲਤ ਲਈ ਸ਼ੁਰੂ ਕੀਤੀਆਂ ਬੇਸ਼ੁਮਾਰ ਭਲਾਈ ਸਕੀਮਾਂ ਤੋਂ ਦੇਸ਼ ਦਾ ਹਰ ਵਰਗ ਖੁਸ਼ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੰਡਲ ਪ੍ਰਧਾਨ ਭਾਜਪਾ ਕੰਧਾਲਾ ਜੱਟਾਂ ਚਰਨਜੀਤ ਸਿੰਘ ਹਰਸੀਪਿੰਡ ਨੇ ਪਿੰਡ ਦੇਹਰੀਵਾਲ ਨੂੰ ਗ੍ਰਾਂਟ ਭੇਟ ਕਰਨ ਮੌਕੇ ਕੀਤਾ। ਉਨ੍ਹਾਂ ਨੇ ਸਰਪੰਚ ਹਰਦਿਆਲ ਸਿੰਘ ਨੂੰ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੇ ਕੋਟੇ ਵਿੱਚੋਂ ਪਿੰਡ ਵਿਚ ਸੋਲਰ ਲਾਈਟਾਂ ਲਗਾਉਣ ਲਈ ਗ੍ਰਾਂਟ ਭੇਟ ਕੀਤੀ। ਉਨ੍ਹਾਂ ਭਾਜਪਾ ਵਰਕਰਾਂ ਨੂੰ ਪ੍ਰਧਾਨ ਮੰਤਰੀ ਪੈਨਸ਼ਨ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ, ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਅਟਲ ਪੈਨਸ਼ਨ ਯੋਜਨਾ ਦੇ ਨਾਲ-ਨਾਲ ਕਿਸਾਨਾਂ ਲਈ ਸ਼ੁਰੂ ਕੀਤੀਆਂ ਸਕੀਮਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਫੈਲਾਉਣ ਦਾ ਸੱਦਾ ਦਿੱਤਾ। ਇਸ ਮੌਕੇ ਹਰਬਲਾਸ ਵਰਮਾ, ਬਲਕਾਰ ਸਿੰਘ, ਹਰਮੀਤ ਸਿੰਘ, ਚੌਕੀਦਾਰ ਮਹਿੰਦਰ ਸਿੰਘ, ਜਗਦੇਵ ਸਿੰਘ, ਕਮਲ ਕੁਮਾਰ, ਦੀਪਕ ਵਰਮਾ, ਭਰਤ ਸੈਣੀ, ਅਮਰਜੀਤ ਸਿੰਘ, ਜਰਨੈਲ ਸਿੰਘ, ਅਮਰਜੀਤ ਸਿੰਘ ਆਦਿ ਹਾਜਰ ਸਨ।

# ਹਰ ਵੇਲੇ ਕਰੋ ਨਾਮ ਸਿਮਰਨ : ਬਾਬਾ ਸ਼ੇਰ ਸਿੰਘ



ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਦੀ ਘੋੜੀਆਂ ਵਾਲਿਆਂ ਨੇ ਕਰਦੇ ਹੋਏ ਕਿਹਾ ਕਿ ਨਾਮ ਸਿਮਰਨ ਦੀ ਦਾਤ ਉਸ ਕਿਸਮਤ ਵਾਲੇ ਇਨਸਾਨ ਨੂੰ ਹੀ ਨਸੀਬ ਹੁੰਦੀ ਹੈ ਜਿਸ ਉੱਤੇ ਸਤਿਗੁਰੂ ਦੀ ਅਪਾਰ ਕਿਰਪਾ ਹੋ ਜਾਵੇ। ਉਨ੍ਹਾਂ ਕਿਹਾ ਕਿ ਨਾਮ ਸਿਮਰਨ ਹਰ ਵੇਲੇ ਕਰੋ ਤਾਂ ਜੋ ਸਤਿਗੁਰੂ ਆਪਣੀ ਆਪਾਰ ਕਿਰਪਾ ਕਰਕੇ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਜਿਸ ਤਰ੍ਹਾਂ ਇਨਸਾਨ ਆਪਣੇ ਕੰਮ ਦਾ ਅਭਿਆਸ ਕਰ-ਕਰ ਕੇ ਉਸ ਵਿਚ ਨਿਪੁੰਨ ਹੋ ਜਾਂਦਾ ਹੈ ਉਸੇ ਤਰ੍ਹਾਂ ਹੀ ਜਿਹੜਾ ਇਨਸਾਨ ਆਪਣੇ ਸਤਿਗੁਰੂ ਦਾ ਧਿਆਨ ਕਰਕੇ ਪ੍ਰਭੂ ਦੇ ਨਾਮ-ਸਿਮਰਨ ਦਾ ਅਭਿਆਸ ਕਰਦਾ ਰਹਿੰਦਾ ਹੈ ਉਹ ਇਨਸਾਨ ਇਕ ਦਿਨ 84 ਦੇ ਚੱਕਰਾਂ ਤੋਂ ਮੁਕਤ ਹੋ ਕੇ ਪ੍ਰਭੂ ਦੇ ਚਰਨਾਂ ਨਾਲ ਜੁੜ ਜਾਂਦਾ ਹੈ। ਹਰ ਇਨਸਾਨ ਨੂੰ ਨਾਮ-ਸਿਮਰਨ ਦਾ ਪੱਲਾ ਫੜਨ ਲਈ ਇੱਕ ਪੂਰਨ ਸਤਿਗੁਰੂ ਨੂੰ ਧਾਰਨ ਕਰਨਾ ਜਰੂਰਤ ਹੁੰਦੀ ਹੈ ਜੋ ਇਸ ਦੁਨੀਆਂ ਵਿੱਚ ਆਉਣ ਜਾਣ ਤੋਂ ਹਮੇਸ਼ਾ ਲਈ ਛੁਟਕਾਰਾ ਦਿਲਾ ਸਕੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਰ ਪੀਰ ਸੱਚੀ ਦਰਗਾਹ ਅਹਿਆਪੁਰ ਵਿਖੇ ਜੇਠੇ ਵੀਰਵਾਰ ਨੂੰ ਸਜਾਏ ਗਏ ਦਰਬਾਰ ਵਿਚ ਹਾਜਰ ਸੰਗਤ ਨੂੰ ਪ੍ਰਭੂ ਪ੍ਰੇਮ ਵਿਚ ਜੋੜਦੇ ਹੋਏ ਬਾਰ-ਬਾਰ ਦੁਨੀਆਂ ਵਿੱਚ ਜਨਮ ਲੈਣ ਦੇ ਬੰਧਨਾਂ ਤੋਂ ਹਮੇਸ਼ਾਂ ਲਈ ਛੁਟਕਾਰਾ ਦਿਵਾ ਦੇਵੇ। ਇਸ ਮੌਕੇ 'ਤੇ ਬੀਬੀ ਬਲਜੀਤ ਕੌਰ, ਮੀਰ ਕਮਲ ਸਿੰਘ, ਡਾ. ਮੀਰ ਪਾਲ ਸਿੰਘ, ਦੇਵੀਕਾ, ਰਾਜੇਸ ਜਸਰਾ, ਬਲਜੀਤ ਸਿੰਘ, ਦੀਪਕ ਕੁਮਾਰ, ਗਗਨ, ਮਲਕੀਤ ਸਿੰਘ ਅਤੇ ਹੋਰ ਸੰਗਤ ਨੇ ਦਰਬਾਰ ਵਿੱਚ ਆਪਣੀ ਹਾਜਰੀ ਲਗਵਾ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

# ਬੱਡਲਾ ਵਿਖੇ 25ਵਾਂ ਖ਼ੂਨਦਾਨ ਕੈਂਪ ਲਗਾਇਆ



**ਮੇਹਟੀਆਣਾ, ਆਦਮਪੁਰ (ਜਗਤਾਰ ਸਿੰਘ ਭੁੰਗਰਨੀ, ਪਰਮਜੀਤ ਸਿੰਘ)** ਪਿੰਡ ਬੱਡਲਾ ਵਿਖੇ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਜੀ ਦੇ ਜਨਮ ਅਸਥਾਨ 'ਤੇ ਬੀਤੇ ਦਿਨੀਂ 25ਵਾਂ ਸਵੈ ਇੱਛੁਕ ਖੂਨਦਾਨ ਕੈਂਪ ਲਗਾਇਆ ਗਿਆ, ਜਿਥੇ 26 ਦਾਨੀ ਵੀਰਾਂ ਤੇ ਭੈਣਾਂ ਨੇ ਖੂਨਦਾਨ ਕੀਤਾ। ਭਾਈ ਸੁਖਜੀਤ ਸਿੰਘ ਨੇ ਦੱਸਿਆ ਕਿ ਪੰਜਾਬੀ ਲੋਕ ਗਾਇਕ ਬੱਲ ਸਾਊਪੁਰੀਆ ਸ੍ਰੀ ਗੁਰੂ ਤੇਗ ਬਹਾਦਰ ਜੀ ਸੇਵਾ ਸੁਸਾਇਟੀ ਰੰਧਾਵਾ ਮਸੰਦਾਂ ਦੇ ਸਰਪ੍ਰਸਤ ਸੁੱਖ ਰੰਧਾਵਾ ਜੀ ਅਤੇ ਉਨ੍ਹਾਂ ਦੀ ਸਮੁੱਚੀ ਟੀਮ, ਬਲੱਡ ਮੋਟੀ ਵੇਟ ਅੱਡਾ ਕੋਟ ਫਤੂਹੀ ਸੇਵਾ ਸੁਸਾਇਟੀ ਤੋਂ ਪ੍ਰਦੀਪ ਬੰਗਾ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ ਡਰੋਲੀ ਕਲਾਂ ਬਡਲਾ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਸੁਰਿੰਦਰ ਸਿੰਘ ਬਾਜਵਾ ਅਤੇ ਇਸ ਸਮਾਗਮ ਦੇ ਮੁੱਖ ਪ੍ਰਬੰਧਕ ਲੰਬੜਦਾਰ ਜਤਿੰਦਰ ਸਿੰਘ ਘੁੰਮਣ ਹਾਜਰ ਸਨ, ਜਿਨ੍ਹਾਂ ਨੇ ਆਪਣੀਆਂ ਵੱਡਮੁੱਲੀਆਂ ਸੇਵਾਵਾਂ ਨਾਲ ਇਨ੍ਹਾਂ ਸਮਾਗਮਾਂ ਨੂੰ ਸਫਲ ਬਣਾਉਣ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ।

# ਬਾਲ ਅਧਿਕਾਰ ਕਮਿਸ਼ਨ ਵੱਲੋਂ ਗਿੱਲ ਨੂੰ ਨੋਟਿਸ

**ਜਲੰਧਰ( ਸ਼ੈਲੀ ਐਲਬਰਟ)** ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਨੇ ਘੱਟ ਗਿਣਤੀਆਂ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੂੰ ਐਸ.ਏ.ਐਸ ਨਗਰ 'ਚ ਸਥਿਤ ਕਮਿਸ਼ਨ ਦੇ ਮੁੱਖ ਦਫਤਰ ਵਿਖੇ ਮਿਤੀ 24 ਜੁਲਾਈ ਨੂੰ ਤਲਬ ਕਰ ਲਿਆ ਹੈ । ਜਾਰੀ ਨੋਟਿਸ ਦੇ ਹਵਾਲੇ ਨਾਲ ਅਪੀਲ ਕਰਤਾ ਸਤਨਾਮ ਸਿੰਘ ਗਿੱਲ ਨੇ ਦੱਸਿਆ ਹੈ ਕਿ ਮਾਨਤਾ ਪ੍ਰਾਪਤ ਸਕੂਲਾਂ ਖਿਲਾਫ ਦਾਇਰ ਕੀਤੀ ਸ਼ਿਕਾਇਤ ਦੇ ਸਬੰਧ ਵਿੱਚ ਕਮਿਸ਼ਨ ਨੇ ਮੈਨੂੰ ਨੋਟਿਸ ਜਾਰੀ ਕੀਤਾ ਹੈ।। ਮੈਂ ਕਮਿਸ਼ਨ ਤੱਕ ਪਹੁੰਚ ਕਰਕੇ ਸੂਬੇ ਦੇ ਸਮੂਹ ਮਾਨਤਾ ਪ੍ਰਾਪਤ ਸਕੂਲਾਂ ਨੂੰ ਸਿੱਖਿਆ ਦਾ ਅਧਿਕਾਰ ਕਨੂੰਨ 2009 ਦੀ ਉਲੰਘਣਾ ਦੇ ਮੁੱਦੇ 'ਤੇ ਸ਼ਾਮਲ ਤਫ਼ਤੀਸ਼ ਕਰਨ ਦੀ ਮੰਗ ਕੀਤੀ ਸੀ । ਉਨ੍ਹਾਂ ਨੇ ਕਮਿਸ਼ਨ ਤੇ ਭਰੋਸਾ ਜਿਤਾਉਂਦਿਆਂ ਹੋਇਆ ਕਿਹਾ ਹੈ ਕਿ ਹੁਣ ਬਾਲੜਿਆਂ ਦੇ ਹੱਕ 'ਚ ਕਮਿਸ਼ਨ ਵੱਲੋਂ ਫੱਤਵਾ ਦੇਣ ਦੀ ਪੂਰੀ ਸੰਭਾਵਨਾ ਹੈ। ਇੱਕ ਸਵਾਲ ਦੇ ਜਵਾਬ 'ਚ ਉਨ੍ਹਾਂ ਨੇ ਕਿਹਾ ਕਿ ਮੈਂ ਮੰਗ ਕੀਤੀ ਸੀ ਕਿ ਮਾਨਤਾ ਪ੍ਰਾਪਤ ਸਕੂਲਾਂ ਦੇ 2010 ਤੋਂ ਲੈ ਕੇ 2023 ਤੱਕ ਦੇ ਪ੍ਰਾਸਪੈਕਟ ਅਤੇ ਸਵੈ-ਘੋਸ਼ਣਾਂ ਪੱਤਰਾਂ ਨੂੰ ਖੰਘਾਲਿਆ ਜਾਵੇ । ਬਾਲ ਅਧਿਕਾਰ ਰੱਖਿਆ ਕਮਿਸ਼ਨ, ਡੀਪੀਆਈ,ਐਲੀਮੈਂਟਰੀ ਸਕੂਲਜ ਪੰਜਾਬ ਨੂੰ ਲਿਖ ਚੁੱਕਾ ਹੈ ਕਿ ਡੀਈਓ ਐਲੀਮੈਂਟਰੀ ਅੰਮ੍ਰਿਤਸਰ ਖਿਲਾਫ ਵਿਭਾਗੀ ਕਾਰਵਾਈ ਕਰਦੇ ਹੋਏ, ਸੂਬੇ ਦੇ ਸਮੂਹ ਮਾਨਤਾ ਪ੍ਰਾਪਤ ਸਕੂਲਾਂ ਦੀ ਜਾਂਚ ਲਈ ਐਸ.ਆਈ.ਟੀ ਦਾ ਗਠਿਨ ਕੀਤਾ ਜਾਵੇ,ਪਰ ਡੀਪੀਆਈ ਐਲੀਮੈਂਟਰੀ ਪੰਜਾਬ ਨੇ ਕਮਿਸ਼ਨ ਦੇ ਪੱਤਰ 'ਤੇ ਅਜੇ ਤੱਕ ਅਮਲ ਨਹੀਂ ਕੀਤਾ ਹੈ।

# ਮੱਛਰ ਪੈਦਾ ਹੋਣ ਦੇ ਸੋਮਿਆਂ ਦਾ ਖਾਤਮਾ ਕੀਤਾ ਜਾਵੇ-ਸਿਵਲ ਸਰਜਨ



**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਨਿਰਦੇਸ਼ਾਂ 'ਤੇ ਰਾਕੇਸ਼ ਪਾਲ ਪਿੰਡ ਕਲਾਮ ਲਖਵੀਰ ਭੱਟੀ ਨੇ ਦੱਸਿਆ ਕਿ ਡੇਂਗੂ ਸਬੰਧੀ ਲੋਕਾਂ ਨੂੰ ਜਾਗਰੂਕ ਹੋਣਾ ਚਾਹੀਦਾ ਹੈ ਅਤੇ ਅਜਿਹੇ ਕੱਪੜੇ ਪਾਉਣੇ ਚਾਹੀਦੇ ਹਨ, ਜਿਨ੍ਹਾਂ ਨਾਲ ਪੂਰਾ ਸਰੀਰ ਢੱਕਿਆ ਹੋਵੇ ਤਾਂ ਜੋ ਮੱਛਰ ਨਾ ਕੱਟ ਸਕੇ। ਮੱਛਰ ਪੈਦਾ ਹੋਣ ਦੇ ਸੋਮਿਆਂ ਦਾ ਖਾਤਮਾ ਕੀਤਾ ਜਾਵੇ। ਇਸ ਲਈ ਡੇਂਗੂ ਦੇ ਲਾਰਵੇ ਨੂੰ ਪੈਦਾ ਕਰਨ ਵਾਲੀ ਜਗ੍ਹਾ (ਜਿਵੇਂ ਕਿ ਕੂਲਰ, ਗਮਲੇ, ਫਰਿੱਜ ਦੀ ਟ੍ਰੇਅ ਤੇ ਹੋਰ ਪਾਣੀ ਨਾਲ ਭਰੇ ਭਾਂਡੇ ਆਪਣੇ ਘਰਾਂ, ਦਫਤਰਾਂ ਵਿਖੇ ਕੂਲਰਾਂ ,ਗਮਲਿਆਂ, ਫਰਿੱਜਾਂ ਪਿਛਲੀਆਂ ਟਰੇਆਂ ਤੇ ਵਾਧੂ ਪਏ ਬਰਤਨਾਂ ਆਦਿ ਨੂੰ ਹਫਤੇ ਵਿੱਚ ਇੱਕ ਵਾਰ ਪਾਣੀ ਸੁਕਾਉਣਾ ਚਾਹੀਦਾ ਹੈ। ਸਾਨੂੰ ਪੂਰੀਆਂ ਬਾਹਾਂ ਦੇ ਕੱਪੜੇ ਪਾਉਣੇ ਚਾਹੀਦੇ ਹਨ, ਕਿਉਂਕਿ ਡੇਂਗੂ ਦਾ ਮੱਛਰ ਦਿਨ ਵੇਲੇ ਕੱਟਦਾ ਹੈ। ਕਲਾਮ ਸਕੂਲ ਵਿੱਚ ਬੱਚਿਆਂ ਨੂੰ ਲਖਵੀਰ ਭੱਟੀ ਨੇ ਦੱਸਿਆ ਇਸ ਲਈ ਡੇਂਗੂ ਦੇ ਲਾਰਵੇ ਨੂੰ ਪੈਦਾ ਕਰਨ ਵਾਲੀ ਜਗ੍ਹਾ (ਜਿਵੇਂ ਕਿ ਕੂਲਰ, ਗਮਲੇ, ਫਰਿੱਜ ਦੀ ਟ੍ਰੇਅ ਤੇ ਹੋਰ ਪਾਣੀ ਨਾਲ ਭਰੇ ਭਾਂਡੇ ਆਦਿ) ਨੂੰ ਹਫਤੇ ਵਿੱਚ ਇੱਕ ਵਾਰ ਜਰੂਰ ਸਾਫ ਕਰੋ। ਜੇਕਰ ਕਿਸੇ ਨੂੰ ਡੇਂਗੂ ਦੀਆਂ ਅਲਾਮਤਾਂ ਨਜਰ ਆਉਂਦੀਆਂ ਹਨ ਤਾਂ ਉਸ ਦੀ ਤੁਰੰਤ ਨਜ਼ਦੀਕੀ ਹਸਪਤਾਲ ਵਿੱਚ ਜਾ ਕੇ ਜਾਂਚ ਕਰਵਾਈ ਜਾਵੇ। ਨਾਲ ਹੀ ਉਨ੍ਹਾਂ ਨੇ ਬੱਚਿਆਂ ਨੂੰ ਹੱਥ ਧੋਣ ਦੀ ਮਹੱਤਤਾ ਸਬੰਧੀ ਸਿਹਤ ਸਿੱਖਿਆ ਦਿੱਤੀ।

# ਕੁਦਰਤੀ ਆਫਤਾਂ ਨੂੰ ਰੋਕਣ ਲਈ ਵੱਡੇ ਪੱਧਰ 'ਤੇ ਬੂਟੇ ਲਗਾਉਣ ਦੀ ਲੋੜ : ਧਾਲੀਵਾਲ





**ਫਗਵਾੜਾ ( ਨਵਾਂ ਜ਼ਮਾਨਾ ਸਰਵਿਸ )** ਸ਼ਹਿਰ ਦੀ ਇਲੈਵਨ ਸਟਾਰ ਹੰਡਰਡ ਪਰਸੈਂਟ ਐਕਟਿਵ ਲਾਇਨਜ਼ ਕਲੱਬ ਫਗਵਾੜਾ ਸਿਟੀ ਦੀ ਨਵੀਂ ਟੀਮ ਨੇ ਆਪਣਾ ਤੀਜਾ ਪ੍ਰੋਜੈਕਟ ਸਫਲਤਾਪੂਰਵਕ ਨੇਪਰੇ ਚਾੜ੍ਹਦੇ ਹੋਏ ਸਥਾਨਕ ਜੈਨ ਮਾਡਲ ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਰੋਡ ਵਿਖੇ ਕਲੱਬ ਪ੍ਰਧਾਨ ਲਾਇਨ ਆਸ਼ੂ ਮਾਰਕੰਡਾ ਦੀ ਅਗਵਾਈ ਹੇਠ ਬੂਟੇ ਲਗਾ ਕੇ ਵਾਤਾਵਰਣ ਸੰਭਾਲ ਦਾ ਸੁਨੇਹਾ ਦਿੱਤਾ। ਸਕੂਲ ਸਕੱਤਰ ਅਤੇ ਇਸ ਪ੍ਰੋਜੈਕਟ ਦੇ ਡਾਇਰੈਕਟ ਲਾਇਨ ਅਤੁਲ ਜੈਨ ਅਤੇ ਜੁਆਇੰਟੀ ਪੀ.ਡੀ. ਲਾਇਨ ਵਿਪਨ ਸਿੰਘ ਠਾਕੁਰ ਦੀ ਸਰਪ੍ਰਸਤੀ ਹੇਠ ਕਰਵਾਏ ਸਮਾਗਮ ਵਿੱਚ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਉਨ੍ਹਾਂ ਤੋਂ ਇਲਾਵਾ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਸਾਬਕਾ ਡਿਸਟ੍ਰਿਕਟ ਗਵਰਨਰ ਲਾਇਨ ਦਵਿੰਦਰਪਾਲ ਅਰੋੜਾ, ਲਾਇਨ ਰਛਪਾਲ ਸਿੰਘ ਬੱਚਾਜੀਵੀ ਵਾਈਸ ਡਿਸਟ੍ਰਿਕਟ ਗਵਰਨਰ-1, ਲਾਇਨ ਬੀ.ਐਮ. ਗੋਇਲ ਵਾਈਸ ਡਿਸਟ੍ਰਿਕਟ ਗਵਰਨਰ-2, ਲਾਇਨ ਰਣਜੀਤ ਸਿੰਘ ਰਾਣਾ ਡਿਸਟ੍ਰਿਕਟ ਚੇਅਰਮੈਨ (ਵਾਤਾਵਰਣ), ਲਾਇਨ ਗੁਰਦੀਪ ਸਿੰਘ ਕੰਗ ਡਿਸਟ੍ਰਿਕਟ ਚੇਅਰਪਰਸਨ (ਹਿਊਮੈਨਿਟੇਰੀਅਨ) ਅਤੇ ਹੁਸ਼ਿਆਰਪੁਰ ਤੋਂ ਰੀਜਨ ਚੇਅਰਮੈਨ ਡਾ: ਰਤਨ ਚੰਦ ਗੈਸਟ ਆਫ ਆਨਰ ਵਜੋਂ ਹਾਜਰ ਹੋਏ। ਵਿਧਾਇਕ ਧਾਲੀਵਾਲ ਨੇ ਬੂਟੇ ਲਗਾ ਕੇ ਇਸ ਮੁਹਿੰਮ ਦਾ ਆਗਾਜ਼ ਕਰਨ ਉਪਰੰਤ ਕਿਹਾ ਕਿ ਦੇਸ਼ ਵਿੱਚ ਹੀ ਨਹੀਂ ਸਗੋਂ ਵਿਸ਼ਵ ਭਰ ਵਿੱਚ ਜੋ ਕੁਦਰਤੀ ਆਫ਼ਤਾਂ ਵਾਰ-ਵਾਰ ਵਾਪਰ ਰਹੀਆਂ ਹਨ, ਉਹ ਕੁਦਰਤ ਨਾਲ ਛੇੜਛਾੜ ਦਾ ਨਤੀਜਾ ਹਨ। ਵਿਕਾਸ ਦੇ ਨਾਂ 'ਤੇ ਵੱਡੇ ਪੱਧਰ 'ਤੇ ਰੁੱਖਾਂ ਦੀ ਕਟਾਈ ਇਨ੍ਹਾਂ ਤਬਾਹੀਆਂ ਦਾ ਮੁੱਖ ਕਾਰਨ ਹੈ। ਇਨ੍ਹਾਂ ਨੂੰ ਰੋਕਣ ਲਈ ਬਹੁਤ ਵੱਡੇ ਪੱਧਰ 'ਤੇ ਬੂਟੇ ਲਗਾਉਣ ਦੀ ਲੋੜ ਹੈ। ਉਨ੍ਹਾਂ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਕਲੱਬ ਪ੍ਰਧਾਨ ਨੇ ਦੱਸਿਆ ਕਿ ਬਰਸਾਤ ਦੇ ਮੌਸਮ ਦੌਰਾਨ ਇਹ ਮੁਹਿੰਮ ਲਗਾਤਾਰ ਜਾਰੀ ਰੱਖੀ ਜਾਵੇਗੀ। ਇਸ ਮੌਕੇ ਜ਼ੋਨ ਚੇਅਰਮੈਨ ਲਾਇਨ ਸੁਨੀਲ ਢੀਂਗਰਾ ਅਤੇ ਇੰਟਰਟੇਨਮੈਂਟ ਚੇਅਰਮੈਨ ਲਾਇਨ ਜਸਬੀਰ ਸਿੰਘ ਮਾਹੀ ਤੋਂ ਇਲਾਵਾ ਲਾਇਨਜ਼ ਕਲੱਬ ਫਗਵਾੜਾ ਸਿਟੀ ਦੇ ਕੈਸ਼ੀਅਰ ਜੁਗਲ ਬਵੇਜਾ ਅਤੇ ਪੀ.ਆਰ.ਓ. ਸੁਮਿਤ ਭੰਡਾਰੀ, ਰਾਜਕੁਮਾਰ ਸਪਰਾ, ਸਤਿੰਦਰ ਸਿੰਘ ਭਮਰਾ, ਸੰਜੇ ਤ੍ਰੇਹਨ, ਦਿਨੇਸ਼ ਖਰਬੰਦਾ, ਓਮ ਪ੍ਰਕਾਸ਼, ਚਰਨ ਸਿੰਘ ਆਦਿ ਹਾਜ਼ਰ ਸਨ।

# ਜੈ ਕ੍ਰਿਸ਼ਨ ਸਿੰਘ ਰੋੜੀ ਨੇ ਸੁਣੀਆਂ ਲੋਕਾਂ ਦੀਆਂ ਮੁਸ਼ਕਲਾਂ



**ਹੁਸ਼ਿਆਰਪੁਰ: (ਓ ਪੀ ਰਾਣਾ )** ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੋੜੀ ਵੱਲੋਂ ਇੱਥੇ ਲੋਕਾਂ ਦੀਆਂ ਸਮੱਸਿਆਵਾਂ ਤੇ ਸ਼ਿਕਾਇਤਾਂ ਸੁਣੀਆਂ ਗਈਆਂ ਅਤੇ ਉਨ੍ਹਾਂ ਦੇ ਜਲਦ ਹੱਲ ਲਈ ਸੰਬੰਧਿਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਦਾ ਜ਼ਮੀਨੀ ਪੱਧਰ 'ਤੇ ਹਰ ਲੋੜਵੰਦ ਨੂੰ ਲਾਭ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ। ਡਿਪਟੀ ਸਪੀਕਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਲੋਕਾਂ ਦੀਆਂ ਜਾਇਜ਼ ਸਮੱਸਿਆਵਾਂ ਨੂੰ ਸਮੇਂ ਸਿਰ ਹੱਲ ਕਰਨ ਨੂੰ ਪਹਿਲ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਹਰੇਕ ਸੋਮਵਾਰ ਤੇ ਵੀਰਵਾਰ ਸਵੇਰੇ 8 ਵਜੇ ਤੋਂ ਆਪਣੀ ਘਰੇਲੂ ਰਿਹਾਇਸ਼ ਗੜ੍ਹਸ਼ੰਕਰ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਤੇ ਸ਼ਿਕਾਇਤਾਂ ਸੁਣੀਆਂ ਜਾਂਦੀਆਂ ਹਨ ਅਤੇ ਮੌਕੇ 'ਤੇ ਹੱਲ ਕਰਵਾਉਣ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਜਾਂਦੇ ਹਨ। ਜੈ ਕ੍ਰਿਸਨ ਸਿੰਘ ਰੋੜੀ ਨੇ ਕਿਹਾ ਕਿ ਉਹ ਆਪਣੇ ਦਫ਼ਤਰ ਵਿਚ ਜਿਥੇ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਹਨ, ਉਥੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ 'ਤੇ ਹੀ ਜ਼ਿਲ੍ਹਾ ਪ੍ਰਸ਼ਾਸਨ ਵਲੋਂ 'ਸਰਕਾਰ ਤੁਹਾਡੇ ਦੁਆਰ' ਮੁਹਿੰਮ ਤਹਿਤ ਪਿੰਡਾਂ ਵਿਚ ਵੀ ਪਹੁੰਚ ਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਹਰ ਸਮੱਸਿਆ ਨੂੰ ਨਿਸ਼ਚਿਤ ਸਮੇਂ ਵਿਚ ਦੂਰ ਕਰਨਾ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ।

# ਮਹਿਲਾਵਾਂ ਦੇ ਆਰਥਿਕ ਸਸ਼ਕਤੀਕਰਨ ਸੰਬੰਧੀ ਕਰਵਾਈ ਕਾਨਫਰੰਸ

**ਚੰਡੀਗੜ੍ਹ, (ਗੁਰਜੀਤ ਬਿੱਲਾ )** -ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਔਰਤਾਂ ਦੇ ਆਰਥਿਕ ਸਸ਼ਕਤੀਕਰਨ ਸਬੰਧੀ ਵੱਖ-ਵੱਖ ਸਕੀਮਾਂ ਨੂੰ ਲਾਗੂ ਕਰਨਾ ਯਕੀਨੀ ਬਣਾਇਆ ਜਾ ਰਿਹਾ ਹੈ। ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀ ਡਾਇਰੈਕਟਰ ਸ੍ਰੀਮਤੀ ਮਾਧਵੀ ਕਟਾਰੀਆ ਨੇ ਦੱਸਿਆ ਕਿ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੇ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਵਿਭਾਗ ਸੂਬੇ ਦੀਆਂ ਔਰਤਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਸਬੰਧੀ ਪੂਰੀ ਸੁਹਿਰਦਤਾ ਨਾਲ ਕੰਮ ਕਰ ਰਿਹਾ ਹੈ। ਇਸੇ ਉਦੇਸ਼ ਤਹਿਤ ਓਪਨ ਨੈਟਵਰਕ ਫਾਰਮ ਡਿਜੀਟਲ ਕਾਮਰਸ (ਓ.ਐਨ.ਡੀ.ਸੀ.) ਰਾਹੀਂ ਮਹਿਲਾ ਉਦਮੀ ਵਰਗ ਨੂੰ ਆਧੁਨਿਕ ਖਰੀਦੋ-ਫਰੋਖਤ ਦੇ ਤਰੀਕਿਆਂ ਤੋਂ ਹੋਰ ਜਾਣੂ ਕਰਵਾਉਣ ਦੇ ਮੰਤਵ ਨਾਲ ਇੱਕ ਕਾਨਫਰੰਸ ਆਪਣੇ ਦਫਤਰ ਸੈਕਟਰ 34 ਵਿਖੇ ਕਰਵਾਈ ਗਈ । ਡਾਇਰੈਕਟਰ ਨੇ ਕਾਨਫਰੰਸ ਵਿੱਚ ਭਾਗ ਲੈਣ ਵਾਲੇ ਅਧਿਕਾਰੀਆਂ ਨੂੰ ਕਿਹਾ ਕਿ ਓ.ਐਨ.ਡੀ.ਸੀ. ਰਾਹੀਂ ਅਸੀਂ ਆਪਣੇ ਛੋਟੇ ਅਤੇ ਘਰੇਲੂ ਉਦਮੀਆਂ ਨੂੰ ਅਤੇ ਸਵੈ ਸਹਾਇਤਾ ਗਰੁੱਪਾਂ ਨੂੰ ਇਸ ਸੈਲਰ ਐਪ ਨਾਲ ਜੋੜ ਕੇ ਉਨ੍ਹਾਂ ਦੀ ਆਮਦਨੀ ਵਿੱਚ ਵਾਧਾ ਕਰਨ ਲਈ ਸਹੀ ਮੌਕਾ ਉਪਲਬੱਧ ਕਰਵਾ ਸਕਦੇ ਹਾਂ। ਓ.ਐਨ.ਡੀ.ਸੀ. ਰਾਹੀਂ ਇਕ ਆਨਲਾਈਨ ਬਾਜਾਰ ਉਪਲਬੱਧ ਹੋਵੇਗਾ ਜਿਥੇ ਇਹ ਸਾਰੇ ਅਦਾਰੇ ਅਤੇ ਉਨ੍ਹਾਂ ਦੇ ਨਾਲ ਜੁੜੇ ਉਦਮੀ ਆਪਣੀਆਂ ਵਸਤੂਆਂ ਨੂੰ ਲੋਕਾਂ ਤੱਕ ਵੱਡੇ ਪੱਧਰ 'ਤੇ ਪਹੁੰਚਾ ਸਕਣਗੇ ਅਤੇ ਨਾਲ ਹੀ ਦੂਜੇ ਰਾਜਾਂ ਦੇ ਉਦਮੀਆਂ ਨਾਲ ਰਾਬਤਾ ਕਾਇਮ ਕਰ ਸਕਣਗੇ। ਕਾਨਫਰੰਸ ਵਿੱਚ ਪੰਜਾਬ ਐਗਰੋ, ਪੰਜਾਬ ਸਮਾਲ ਇੰਡਸਟਰੀ ਐਂਡ ਐਕਸਪੋਰਟ ਕਾਰਪੋਰੇਸ਼ਨ, ਪੰਜਾਬ ਖਾਦੀ ਬੋਰਡ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਅਤੇ ਸਥਾਨਕ ਸਰਕਾਰਾਂ ਵਿਭਾਗ ਦੇ ਅਧਿਕਾਰੀਆਂ ਵਲੋਂ ਹਿੱਸਾ ਲਿਆ ਗਿਆ।

# ਸਾਰੇ ਸਰਕਾਰੀ ਸਕੂਲਾਂ ਦੇ ਬੱਚਿਆਂ ਲਈ ਵਰਦੀਆਂ ਦੀ ਗਰਾਂਟ ਪ੍ਰਤੀ ਬੱਚਾ 4000 ਰੁਪਏ ਭੇਜੀ ਜਾਵੇ : ਚਾਹਲ



**ਫਿਲੌਰ (ਨਿਰਮਲ)** ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੇ ਆਗੂਆਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸਕੱਤਰ ਗੁਰਬਿੰਦਰ ਸਸਕੌਰ, ਵਿੱਤ ਸਕੱਤਰ ਅਮਨਦੀਪ ਸ਼ਰਮਾ ਅਤੇ ਪ੍ਰੈੱਸ ਸਕੱਤਰ ਸੁਰਜੀਤ ਮੁਹਾਲੀ ਨੇ ਮੰਗ ਕੀਤੀ ਹੈ ਕਿ ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਪਹਿਲੀ ਤੋਂ ਬਾਰਵੀਂ ਤੱਕ ਸਾਰੇ ਬੱਚਿਆਂ ਲਈ ਵਰਦੀਆਂ ਦੀ ਗ੍ਰਾਂਟ ਪ੍ਰਤੀ ਬੱਚਾ 4000 ਰੁਪਏ ਭੇਜੀ ਜਾਵੇ। ਇਸ ਸਮੇਂ ਆਗੂਆਂ ਨੇ ਕਿਹਾ ਹੈ ਕਿ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਸ਼ੁਰੂ ਤੋਂ ਹੀ ਮੰਗ ਕਰ ਰਹੀ ਸੀ ਕਿ ਬੱਚਿਆਂ ਦੀ ਵਰਦੀ ਲਈ ਮਾਹਿਜ 600 ਰੁਪਏ ਬਹੁਤ ਘੱਟ ਹੈ ਜਿਸਨੂੰ ਪੰਜਾਬ ਸਰਕਾਰ ਦੇ ਇਸ ਫੈਸਲੇ ਨੇ ਸਿੱਧ ਕਰ ਦਿੱਤਾ ਹੈ ਕਿ ਐਮੀਨੈਂਸ ਸਕੂਲਾਂ ਦੇ ਬੱਚਿਆਂ ਲਈ 4000 ਰੁਪਏ ਵਰਦੀ ਲਈ ਸਾਲਾਨਾ ਭੇਜਿਆ ਜਾਵੇਗਾ। ਆਗੂਆਂ ਨੇ ਸਵਾਲ ਉੱਠਾਇਆ ਹੈ ਕਿ ਅਗਰ 117 ਸਕੂਲ ਆਫ ਐਮੀਨੈਂਸ ਦੇ ਬੱਚਿਆਂ ਲਈ ਵਧੀਆ ਵਰਦੀਆਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਤਾਂ ਬਾਕੀ ਸਕੂਲਾਂ ਦੇ ਬੱਚਿਆਂ ਲਈ ਕਿਉਂ ਨਹੀਂ ? ਬਾਕੀ ਉੱਨੀ ਹਜਾਰ ਸਕੂਲਾਂ ਦੇ ਬੱਚਿਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਿਉਂ ਕੀਤਾ ਜਾ ਰਿਹਾ ਹੈ ? ਆਗੂਆਂ ਨੇ ਮੰਗ ਕੀਤੀ ਹੈ ਕਿ ਵਰਦੀਆਂ ਵਾਲਾ ਫੈਸਲਾ ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ 'ਤੇ ਇੱਕਸਾਰ ਲਾਗੂ ਕੀਤਾ ਜਾਵੇ। ਇਸ ਸਮੇਂ ਆਗੂਆਂ ਨੇ ਬਾਕੀ ਜਨਤਕ ਜਥੇਬੰਦੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਇਸ ਮੰਗ ਨੂੰ ਮਨਵਾਉਣ ਲਈ ਆਪਣਾ ਯੋਗਦਾਨ ਪਾਉਣ। ਇਸ ਸਮੇਂ ਸਹਾਇਕ ਪ੍ਰੈੱਸ ਸਕੱਤਰ ਕਰਨੈਲ ਫਿਲੌਰ ਸਮੇਤ ਤੀਰਥ ਸਿੰਘ ਬਾਸੀ, ਕੁਲਦੀਪ ਸਿੰਘ ਦੌੜਕਾ, ਮੰਗਲ ਟਾਂਡਾ, ਮਨੋਹਰ ਲਾਲ ਸ਼ਰਮਾਂ, ਗੁਰਦੀਪ ਬਾਜਵਾ,ਬਲਵਿੰਦਰ ਸਿੰਘ ਭੁੱਟੋ, ਕੁਲਦੀਪ ਸਿੰਘ ਪੁਰੇਵਾਲ, ਗੁਰਪ੍ਰੀਤ ਅੰਮੀਵਾਲ਼, ਜੱਜਪਾਲ ਬਾਜੇਕੇ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਪ੍ਰਭਜੀਤ ਸਿੰਘ ਰਸੂਲਪੁਰ, ਦੇਵੀ ਦਿਆਲ, ਸਤਵੰਤ ਸਿੰਘ, ਪੁਸ਼ਪਿੰਦਰ ਹਰਪਾਲਪੁਰ, ਜਗਜੀਤ ਸਿੰਘ ਮਾਨ, ਸੁੱਚਾ ਸਿੰਘ, ਪਰਮਜੀਤ ਸਿੰਘ ਸ਼ੇਰੇਵਾਲ, ਦਿਲਦਾਰ ਸਿੰਘ ਭੰਡਾਲ਼, ਮਨਜੀਤ ਬਰਾੜ, ਸਰਬਜੀਤ ਬਰਾੜ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਦਿਲਬਾਗ ਸਿੰਘ ਆਦਿ ਹਾਜਰ ਸਨ।

# 24 ਤੋਂ 28 ਏ ਜੀ ਆਈ ਫੁਟਸਲ ਗੋਲਡਨ ਲੀਗ ਟੂਰਨਾਮੈਂਟ



**ਜਲੰਧਰ (ਰਾਜੇਸ਼ ਥਾਪਾ)** ਇੰਸਟੀਚਿਊਟ ਦੇ ਮੈਨੇਜਿੰਗ ਡਾਇਰੈਕਟਰ ਸੁਰਿੰਦਰ ਭਾਂਬਰੀ ਦੇ ਅਨੁਸਾਰ, ਏ ਜੀ ਆਈ ਸਪੋਰਟਸ ਇੰਸਟੀਚਿਊਟ ਆਫ ਇੰਡੀਆ, ਏ ਜੀ ਆਈ ਇਨਫਰਾ ਲਿਮਟਿਡ ਦੀ ਇੱਕ ਸਹਾਇਕ ਕੰਪਨੀ, 24 ਤੋਂ 28 ਜੁਲਾਈ ਤੱਕ ਜਲੰਧਰ ਹਾਈਟਸ 1 ਦੇ ਟੀ ਬਲਾਕ ਫੁਟਸਲ ਮੈਦਾਨ 'ਚ ਏ ਜੀ ਆਈ ਫੁਟਸਲ ਗੋਲਡਨ ਲੀਗ ਟੂਰਨਾਮੈਂਟ ਦਾ ਆਯੋਜਨ ਕਰੇਗੀ। ਫੁਟਸਲ ਇੱਕ 5 ਏ ਸਾਈਡ ਫੁੱਟਬਾਲ ਗੇਮ ਹੈ ਜੋ ਬਾਹਰ ਅਤੇ ਅੰਦਰ ਖੇਡੀ ਜਾਂਦੀ ਹੈ। ਸ੍ਰੀ ਭਾਂਬਰੀ ਨੇ ਕਿਹਾ ਕਿ ਫੀਫਾ ਅੰਤਰਰਾਸ਼ਟਰੀ ਫੁਟਬਾਲ ਫੈਡਰੇਸ਼ਨ ਅਤੇ ਇਸ ਦੇ ਸਾਰੇ 204 ਮਾਨਤਾ ਪ੍ਰਾਪਤ ਦੇਸ਼ ਇਸ 5-ਏ-ਸਾਈਡ ਟੂਰਨਾਮੈਂਟ ਨੂੰ ਖੇਡਦੇ ਹਨ ਅਤੇ ਫੀਫਾ ਆਪਣੇ ਵਿਸ਼ਵ ਕੱਪ ਦਾ ਆਯੋਜਨ ਵੀ ਕਰਦਾ ਹੈ। ਇਸ ਏ ਜੀ ਆਈ ਫੁਟਸਲ ਗੋਲਡਨ ਲੀਗ ਟੂਰਨਾਮੈਂਟ 'ਚ ਪੰਜ ਫੁਟਸਾਲ ਟੀਮਾਂ ਭਾਗ ਲੈਣਗੀਆਂ। ਭਾਗ ਲੈਣ ਵਾਲੀਆਂ ਟੀਮਾਂ ਦੇ ਨਾਂਅ ਹਨ। ਜਲੰਧਰ ਹਾਈਟਸ 1, ਅਰਬਾਨਾ, ਸਮਾਰਟ ਹੋਮਜ਼, ਸਕਾਈ ਗਾਰਡਨ ਅਤੇ ਜਲੰਧਰ ਹਾਈਟਸ 2। ਇਹ ਮੈਚ ਰਾਊਂਡ ਰੌਬਿਨ ਫਾਰਮੈਟ 'ਚ ਖੇਡੇ ਜਾਣਗੇ। ਫੀਫਾ ਦੇ ਨਿਯਮਾਂ ਅਤੇ ਨਿਯਮਾਂ ਦੇ ਅਨੁਸਾਰ, ਮੈਚ 10 ਮਿੰਟ ਦੇ ਅੰਤਰਾਲ ਦੇ ਨਾਲ ਹਰ ਅੱਧ ਵਿੱਚ 20 ਮਿੰਟ ਦੀ ਮਿਆਦ ਦੇ ਨਾਲ ਖੇਡੇ ਜਾਣਗੇ। ਰਾਊਂਡ ਰੌਬਿਨ ਲੀਗ ਫਾਰਮੈਟ ਵਿੱਚ ਹਰ ਟੀਮ ਹਰ ਰੋਜ ਦੋ ਮੈਚ ਖੇਡੇਗੀ। ਏ ਜੀ ਆਈ ਇਨਫਰਾ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਅਨੁਸਾਰ ਇਸ ਟੂਰਨਾਮੈਂਟ ਦਾ ਮੁੱਖ ਉਦੇਸ ਫੁੱਟਬਾਲ ਦੇ ਆਉਣ ਵਾਲੇ ਨੌਜਵਾਨ ਖਿਡਾਰੀਆਂ ਦੀ ਪ੍ਰਤਿਭਾ ਨੂੰ ਉਜਾਗਰ ਕਰਨਾ ਹੈ। ਸ੍ਰੀ ਭਾਂਬਰੀ ਦੇ ਅਨੁਸਾਰ ਭਾਰਤ ਦੀ ਏ.ਜੀ.ਆਈ ਸਪੋਰਟਸ ਇੰਸਟੀਚਿਊਟ ਨੇ ਇਸ ਗੋਲਡਨ ਫੁਟਸਲ ਲੀਗ ਟੂਰਨਾਮੈਂਟ ਨੂੰ ਕਰਵਾਉਣ ਲਈ ਪਹਿਲਾਂ ਹੀ ਸਾਰੇ ਪ੍ਰਬੰਧ ਕਰ ਲਏ ਸਨ ਅਤੇ ਇਸ ਟੂਰਨਾਮੈਂਟ ਦੇ ਆਯੋਜਨ ਲਈ ਤਕਨੀਕੀ ਲੋਕਾਂ ਦੀ ਨਿਯੁਕਤੀ ਕੀਤੀ ਸੀ। ਸੰਸਥਾ ਵੱਲੋਂ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਨੂੰ ਖੇਡਣ ਦੀਆਂ ਕਿੱਟਾਂ ਦਿੱਤੀਆਂ ਗਈਆਂ। ਵਿਜੇ ਕੁਮਾਰ ਵੈਸ ਸੀਨੀਅਰ ਫੁੱਟਬਾਲ ਕੋਚ ਅਤੇ ਸਾਬਕਾ ਜ਼ਿਲ੍ਹਾ ਖੇਡ ਅਧਿਕਾਰੀ ਨੂੰ ਟੂਰਨਾਮੈਂਟ ਦਾ ਤਕਨੀਕੀ ਨਿਰਦੇਸ਼ਕ ਨਿਯੁਕਤ ਕੀਤਾ ਗਿਆ ਹੈ।

# ਐੱਸ ਆਈ ਐੱਸ ਸਕਿਊਰਿਟੀ 'ਚ ਸਿੱਧੀ ਭਰਤੀ ਲਈ 20 ਤੋਂ 25 ਜੁਲਾਈ ਤੱਕ ਲੱਗਣਗੇ ਪਲੇਸਮੈਂਟ ਕੈਂਪ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ )**-ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਹੁਸ਼ਿਆਰਪੁਰ ਵੱਲੋਂ ਐਸ.ਆਈ.ਐਸ. ਸਕਿਊਰਿਟੀ ਵਿੱਚ ਭਰਤੀ ਲਈ 20 ਜੁਲਾਈ ਤੋਂ 25 ਜੁਲਾਈ ਤੱਕ ਹੁਸ਼ਿਆਰਪੁਰ ਜ਼ਿਲ੍ਹੇ ਦੇ ਬਲਾਕ ਪੱਧਰ 'ਤੇ ਪਲੇਸਮੈਂਟ ਕੈਂਪ ਲਗਾਏ ਜਾ ਰਹੇ ਹਨ। ਇਹ ਪਲੇਸਮੈਂਟ ਕੈਂਪ ਮਿਤੀ 20 ਜੁਲਾਈ ਨੂੰ ਬੀ.ਡੀ.ਪੀ.ਓ. ਦਫਤਰ ਟਾਂਡਾ, ਮਿਤੀ 21 ਜੁਲਾਈ ਨੂੰ ਬੀ.ਡੀ.ਪੀ.ਓ. ਦਫਤਰ ਤਲਵਾੜਾ, ਮਿਤੀ 24 ਜੁਲਾਈ ਨੂੰ ਬੀ.ਡੀ.ਪੀ.ਓ. ਦਫਤਰ ਹਾਜੀਪੁਰ ਅਤੇ ਮਿਤੀ 25 ਜੁਲਾਈ ਨੂੰ ਬੀ.ਡੀ.ਪੀ.ਓ. ਦਫਤਰ ਮਾਹਿਲਪੁਰ ਵਿਖੇ ਸਵੇਰੇ 09:00 ਵਜੇ ਤੋਂ ਦੁਪਹਿਰ 02:00 ਵਜੇ ਤੱਕ ਲਗਾਏ ਜਾਣਗੇ। ਜ਼ਿਲ੍ਹਾ ਰੋਜ਼ਗਾਰ ਅਫਸਰ ਗੁਰਮੇਲ ਸਿੰਘ ਨੇ ਦੱਸਿਆ ਕਿ ਪਲੇਸਮੈਂਟ ਕੈਂਪ ਵਿੱਚ ਐਸ.ਆਈ.ਐਸ. ਸਕਿਊਰਟੀ ਵਲੋਂ ਕੇਵਲ ਲੜਕਿਆਂ ਦੀ ਸਕਿਊਰਿਟੀ ਗਾਰਡ ਦੀਆਂ ਅਸਾਮੀਆਂ ਲਈ ਭਰਤੀ ਕੀਤੀ ਜਾਵੇਗੀ, ਜਿਨ੍ਹਾਂ ਨੂੰ ਤਨਖਾਹ 14000-16000 ਰੁਪਏ ਮਿਲਣਯੋਗ ਹੋਵੇਗੀ। ਇਸ ਭਰਤੀ ਲਈ ਪੜ੍ਹਾਈ ਘੱਟੋ-ਘੱਟ ਦਸਵੀਂ ਪਾਸ, ਉਮਰ 21 ਤੋਂ 37 ਸਾਲ , ਕੱਦ 5 ਫੁੱਟ 6 ਇੰਚ ਹੋਣਾ ਲਾਜ਼ਮੀ ਹੈ। ਕੰਪਨੀ ਵਲੋਂ ਤਨਖਾਹ ਤੋਂ ਇਲਾਵਾ ਕਈ ਹੋਰ ਵਾਧੂ ਸਹੂਲਤਾਂ ਜਿਵੇਂ ਕਿ ਪੀ ਐਫ ਅਤੇ ਈ.ਐਸ.ਆਈ.ਸੀ ਆਦਿ ਮੁਹੱਈਆ ਕਰਵਾਈਆਂ ਜਾਣਗੀਆਂ।

21-JULY-PAGE-10.qxd 7/20/2023 10:20 PM Page 1



# ਹੜ੍ਹ ਪ੍ਰਭਾਵਿਤਾਂ ਲਈ ਗੱਦੇ ਤੇ ਹੋਰ ਰਾਹਤ ਸਮੱਗਰੀ ਭੇਜੀ

**ਬਾਘਾ ਪੁਰਾਣਾ, (ਮਨੀ ਸਿੰਗਲਾ)**-ਪੰਜਾਬ ਵਿੱਚ ਆਏ ਹੜ੍ਹਾਂ ਤੋਂ ਬਾਅਦ ਪੰਜਾਬੀਆਂ ਨੇ ਇਕ ਵਾਰ ਮੁੜ ਭਾਈਚਾਰਕ ਸਾਂਝ ਦਾ ਸੁਨੇਹਾ ਦਿੱਤਾ ਹੈ। ਪੰਜਾਬੀਆਂ ਨੇ ਦੱਸ ਦਿੱਤਾ ਹੈ ਕਿ ਬੇਸ਼ੱਕ ਉਹ ਸੈਂਕੜੇ ਧੜਿਆਂ ਵਿੱਚ ਵੰਡੇ ਜਾਣ, ਪਰ ਮੁਸੀਬਤ ਵਿੱਚ ਉਹ ਹਮੇਸ਼ਾ ਇਕ ਹੋ ਜਾਂਦੇ ਹਨ। ਮੌਜੂਦਾ ਸਮੇਂ ਵਿੱਚ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਯੂ. ਪੀ. ਤੇ ਦਿੱਲੀ ਦੇ ਲੋਕ ਤਬਾਹਕੁਨ ਹੜ੍ਹਾਂ ਦੀ ਮਾਰ ਹੇਠ ਆਏ ਹੋਏ ਹਨ। ਹੁਣ ਤੱਕ 100 ਤੋਂ ਵੱਧ ਮੌਤਾਂ ਹੋਣ ਦਾ ਅਨੁਮਾਨ ਹੈ। ਪੰਜਾਬ ਦੇ 14 ਜ਼ਿਲ੍ਹਿਆਂ ਦੇ ਕਰੀਬ 1200 ਪਿੰਡ ਤੇ ਸ਼ਹਿਰ ਪਾਣੀ ਦੀ ਮਾਰ ਹੇਠ ਆਏ ਹਨ, ਜਿਸ ਕਾਰਨ 6 ਲੱਖ ਏਕੜ ਫਸਲਾਂ ਤਬਾਹ ਹੋ ਗਈਆਂ ਹਨ, 300 ਦੇ ਕਰੀਬ ਘਰ ਢਹਿ-ਢੇਰੀ ਹੋ ਗਏ ਹਨ, ਅਨੇਕਾਂ ਘਰਾਂ ਦਾ ਸਾਮਾਨ ਬਰਬਾਦ ਹੋ ਗਿਆ ਹੈ, ਲੋਕਾਂ ਦੇ ਕੀਮਤੀ ਡੰਗਰ-ਪਸ਼ੂ ਪਾਣੀ ਨਾਲ ਮਰ ਗਏ ਹਨ, ਕਈ ਥਾਈਂ ਲੋਕ ਛੱਤਾਂ 'ਤੇ ਚੜ੍ਹ ਕੇ ਆਪਣਾ ਬਚਾਅ ਕਰ ਰਹੇ ਹਨ, ਖਾਣ-ਪੀਣ ਲਈ ਕੋਲ ਕੁਛ ਨਹੀਂ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਬਰਾੜ ਮੋਟਰਜ਼ ਪੈਟਰੋਲ ਪੰਪ ਮੋਗਾ ਰੋਡ ਤੋਂ ਮਾਰਕਿਟ ਕਮੇਟੀ ਦੇ ਸਾਬਕਾ ਚੇਅਰਮੈਨ ਗੁਰਬਚਨ ਸਿੰਘ ਬਰਾੜ, ਪ੍ਰਸਿੱਧ ਸਮਾਜ ਸੇਵੀ ਤੇ ਤ੍ਰਿਵੈਣੀ ਦੇ ਪ੍ਰਧਾਨ ਗੁਰਜੰਟ ਸਿੰਘ ਧਾਲੀਵਾਲ, ਭੋਲਾ ਸਿੰਘ ਬਰਾੜ ਸਮਾਧ ਭਾਈ, ਰਾਮ ਲੀਲ੍ਹਾ ਉਤਸਵ ਕਮੇਟੀ ਦੇ ਚੇਅਰਮੈਨ ਅਸ਼ਵਨੀ ਸ਼ਰਮਾ ਨੇ ਹੜ੍ਹ ਪੀੜਤਾਂ ਲਈ ਗੱਦਿਆਂ ਦਾ ਕੈਂਟਰ ਖਾਲਸਾ ਏਡ ਮੋਗਾ ਰਾਹੀਂ ਰਵਾਨਾ ਕਰਨ ਸਮੇਂ ਪੱਤਰਕਾਰਾਂ ਨਾਲ ਕੀਤਾ। ਉਨ੍ਹਾਂ ਕਿਹਾ ਕਿ ਇਹ ਹੜ੍ਹ ਲੋਕਾਂ ਦੀ ਜਾਨ-ਮਾਲ ਦਾ ਖੌਅ ਬਣਿਆ ਹੋਇਆ ਹੈ। ਬੇਸ਼ੱਕ ਮੀਂਹ ਪੈਣਾ ਕੁਦਰਤੀ ਵਰਤਾਰਾ ਹੈ, ਜਿਸ ਦੇ ਵੱਧ ਘੱਟ ਪੈਣ ਨੂੰ ਕਾਬੂ ਕਰਨਾ ਹਾਲੇ ਮਨੁੱਖ ਦੇ ਹੱਥ ਵਿੱਚ ਨਹੀਂ ਹੈ, ਪਰ ਹੜ੍ਹਾਂ ਨੂੰ ਆਉਣ ਤੋਂ ਅਟੱਲ ਤੌਰ 'ਤੇ ਰੋਕਿਆ ਜਾ ਸਕਦਾ ਹੈ। ਹਿਮਾਚਲ ਪ੍ਰਦੇਸ਼, ਉੱਤਰਾਖੰਡ ਵਰਗੇ ਇਲਾਕਿਆਂ ਵਿੱਚ ਵਿਕਾਸ ਦੇ ਨਾਮ 'ਤੇ ਜੰਗਲਾਂ, ਪਹਾੜਾਂ ਦੀ ਅੰਨ੍ਹੇਵਾਹ ਤਬਾਹੀ, ਗੈਰ ਵਿਉਂਤਬੰਦ ਸੜਕਾਂ, ਸੁਰੰਗਾਂ ਤੇ ਹੋਰ ਉਸਾਰੀਆਂ ਆਦਿ ਕਾਰਨ ਅਜਿਹੇ ਹਨ, ਜੋ ਮੌਸਮ ਨੂੰ ਪ੍ਰਭਾਵਿਤ ਕਰਨ ਦੇ ਨਾਲ-ਨਾਲ ਤਬਾਹੀ ਨੂੰ ਵਧਾਉਣ ਦੇ ਕਾਰਨ ਬਣਦੇ ਹਨ, ਜਿਨ੍ਹਾਂ ਲਈ ਪੂਰੀ ਤਰ੍ਹਾਂ ਸਰਕਾਰਾਂ ਜ਼ਿੰਮੇਵਾਰ ਹਨ। ਇਸ ਮੌਕੇ ਗੁਰਜੰਟ ਧਾਲੀਵਾਲ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਹੜ੍ਹ ਪੀੜਤਾਂ ਲਈ ਭੇਜੇ ਗਏ ਰਾਹਤ ਕੈਂਟਰ ਦੀ ਸੇਵਾ ਵਿੱਚ ਗੱਦਿਆਂ ਦੀ ਸੇਵਾ ਲਈ ਗੁਰਜੰਟ ਸਿੰਘ ਧਾਲੀਵਾਲ ਬਾਘਾ ਪੁਰਾਣਾ ਦੇ ਸਪੁੱਤਰ ਕੈਨੇਡੀਅਨ ਗੁਰਬਖ਼ਸ਼ ਸਿੰਘ ਧਾਲੀਵਾਲ ਨੇ 1,75,000 ਰੁਪਏ, ਮੁਖਤਿਆਰ ਸਿੰਘ ਬਰਾੜ ਨੇ 1 ਲੱਖ ਰੁਪਏ, ਹਰਜੰਟ ਸਿੰਘ ਬਰਾੜ ਚੋਟੀਆਂ ਨੇ 50 ਹਜ਼ਾਰ ਰੁਪਏ ਤੇ ਰਾਜ ਕਪੂਰ ਜੈਦਕਾ ਨੇ 25 ਹਜ਼ਾਰ ਦੀ ਰਾਸ਼ੀ ਦਿੱਤੇ ਹਨ। ਇਸ ਮੌਕੇ ਸਾਬਕਾ ਚੇਅਰਮੈਨ ਗੁਰਬਚਨ ਸਿੰਘ ਬਰਾੜ, ਭੋਲਾ ਸਿੰਘ ਬਰਾੜ, ਅਸ਼ਵਨੀ ਸ਼ਰਮਾ ਸੰਜੇ ਮਿੱਤਲ, ਮਨਦੀਪ ਕੱਕੜ, ਵਿਜੇ ਮਿੱਤਲ, ਪਵਨ ਲੱਕੀ ਕੁਕਰੇਜਾ, ਦਵਿੰਦਰ ਬੱਲੂ ਤੇ ਹੋਰ ਸ਼ਾਮਲ ਸਨ। ਇਸ ਮੌਕੇ ਉਕਤ ਸ਼ਖਸੀਅਤਾਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਹੜ੍ਹ ਪ੍ਰਭਾਵਿਤ ਲੋਕਾਂ ਦੇ ਨੁਕਸਾਨ ਨੂੰ ਦੇਖਦੇ ਹੋਏ ਤੁਰੰਤ ਮੁਆਵਜ਼ਾ ਜਾਰੀ ਕਰੇ।

## ਐੱਨ ਆਰ ਐੱਚ ਐੱਮ ਯੂਨੀਅਨ ਵੱਲੋਂ ਸੀਨੀਅਰ ਮੈਡੀਕਲ ਅਫਸਰ ਨੂੰ ਮੰਗ ਪੱਤਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਐਨ ਆਰ ਐਚ ਐਮ ਯੂਨੀਅਨ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਡਾਕਟਰ ਲਲਿਤ ਦੀ ਪ੍ਰਧਾਨਗੀ ਹੇਠ ਸੀਨੀਅਰ ਮੈਡੀਕਲ ਅਫਸਰ ਨੂੰ ਤਨਖਾਹ ਨਾ ਮਿਲਣ ਦੇ ਰੋਸ ਵਜੋਂ ਮੰਗ ਪੱਤਰ ਦਿੰਦੇ ਹੋਏ ਦੋ ਦਿਨ ਦਾ ਨੋਟਿਸ ਦਿੱਤਾ ਗਿਆ। ਉਨ੍ਹਾਂ ਦੱਸਿਆ ਹਰ ਮਹੀਨੇ ਸਾਥੀਆਂ ਨੂੰ 20 ਤਰੀਕ ਤੋਂ ਬਾਅਦ ਤਨਖ਼ਾਹ ਮਿਲ ਰਹੀ ਹੈ ਜਿਸ ਦੇ ਰੋਸ ਵਜੋਂ ਅੱਜ ਸੀਨੀਅਰ ਮੈਡੀਕਲ ਅਫਸਰ ਨੂੰ ਮਜਬੂਰ ਹੋ ਕੇ ਧਰਨੇ ਦਾ ਨੋਟਿਸ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਐੱਨ ਆਰ ਐੱਚ ਐੱਮ ਦੇ ਮੁਲਾਜ਼ਮਾਂ ਨੂੰ ਹਰ ਮਹੀਨੇ ਤਨਖਾਹ ਲੇਟ ਮਿਲਣਾ, ਕੋਈ ਬਕਾਇਆ ਸਮੇਂ ਸਿਰ ਨਾ ਮਿਲਣਾ ਅਤੇ ਐੱਨ ਆਰ ਐੱਮ ਦੇ ਕਲਰਕ ਦੀ ਬਦਲੀ ਹੋਣ ਕਰਕੇ ਉਸ ਦਾ ਚਾਰਜ ਕਿਸੇ ਨੂੰ ਵੀ ਨਹੀਂ ਦਿੱਤਾ ਜਾ ਰਿਹਾ। ਇਸ ਸੰਬੰਧ ਵਿੱਚ ਐਨ ਆਰ ਐੱਚ ਐੱਮ ਮੁਲਾਜ਼ਮਾਂ ਵੱਲੋਂ ਰੋਸ ਪਾਇਆ ਜਾ ਰਿਹਾ ਹੈ। ਡਾਕਟਰ ਲਲਿਤ ਨੇ ਦੱਸਿਆ ਕਿ ਜੇਕਰ ਦੋ ਦਿਨਾਂ ਦੇ ਅੰਦਰ ਸਾਡੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਸੀਨੀਅਰ ਮੈਡੀਕਲ ਅਫਸਰ ਦੀ ਜ਼ਿੰਮੇਵਾਰੀ ਹੋਣ ਕਰਕੇ ਸਿਵਲ ਹਸਪਤਾਲ ਵਿਖੇ ਬੁੱਧਵਾਰ ਨੂੰ ਕੰਮ ਬੰਦ ਕਰਕੇ ਧਰਨਾ ਮਾਰਿਆ ਜਾਵੇਗਾ। ਇਸ ਵਿੱਚ ਮਲਟੀਪਰਪਜ਼ ਅਤੇ ਪੈਰਾ ਮੈਡੀਕਲ ਸਿਹਤ ਕਰਮੀ ਜ਼ਿਲ੍ਹਾ ਫਿਰੋਜ਼ਪੁਰ ਦੇ ਆਗੂ ਨਰਿੰਦਰ ਸ਼ਰਮਾ ਨੇ ਧਰਨੇ ਦਾ ਪੂਰਨ ਤੌਰ 'ਤੇ ਸਮਰਥਨ ਕੀਤਾ। ਇਸ ਵਿੱਚ ਹੋਰਨਾਂ ਤੋਂ ਇਲਾਵਾ ਡਾ. ਮਨਮੀਤ ਕੌਰ, ਲਵਪ੍ਰੀਤ ਸਿੰਘ, ਸੰਗੀਤਾ, ਬਲਵਿੰਦਰ ਕੌਰ, ਇੰਦਰ ਕੌਰ, ਜਸਮੀਤ ਸ਼ਮ੍ਹਾਂ, ਕਾਜਲ, ਜਸਵਿੰਦਰ, ਅਮਨਪ੍ਰੀਤ ਕੌਰ, ਪਰਮਜੀਤ ਕੌਰ, ਲਖਵਿੰਦਰ, ਕਮਲ, ਰੀਬਕਾ ਹਾਜ਼ਰ ਸਨ।

# ਅਨੀਮੀਆ ਮੁਕਤ ਪੰਜਾਬ ਤਹਿਤ ਮਹੀਨਾ ਭਰ ਲਗਾਏ ਜਾਣਗੇ ਸੈਮੀਨਾਰ : ਨਰਿੰਦਰ ਕੌਰ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਸਮਾਜਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਪੰਜਾਬ ਸਰਕਾਰ ਵੱਲੋਂ ਮਿਲੀਆਂ ਹਦਾਇਤਾਂ ਅਨੁਸਾਰ ਬਾਲ ਵਿਕਾਸ ਅਫਸਰ ਮਮਦੋਟ ਦੀ ਅਗਵਾਈ ਹੇਠ 12 ਜੁਲਾਈ ਤੋਂ 12 ਅਗਸਤ ਤੱਕ ਅਨੀਮੀਆ ਮੁਕਤ ਪੰਜਾਬ ਮੁਹਿੰਮ ਤਹਿਤ ਬਲਾਕ ਮਮਦੋਟ ਦੇ ਸਮੂਹ ਆਂਗਣਵਾੜੀ ਸੈਂਟਰਾਂ ਵਿੱਚ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਨਰਿੰਦਰ ਕੌਰ ਸੁਪਰਵਾਈਜ਼ਰ ਅਤੇ ਨਿਰਮਲਾ ਰਾਣੀ ਬਲਾਕ ਕੁਆਰਡੀਨੇਟਰ (ਪੋਸ਼ਣ ਅਭਿਆਨ) ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਗਰਭਵਤੀ ਅਤੇ ਨਰਸਿੰਗ ਔਰਤਾਂ, 6 ਸਾਲ ਤੱਕ ਦੇ ਬੱਚਿਆਂ ਅਤੇ ਕਿਸ਼ੋਰੀਆਂ ਦਾ ਹੋਮੋਗਲੋਬਿਨ ਲੈਵਲ ਦਾ ਚੈੱਕਅੱਪ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਾਗਰੂਕਤਾ ਸੈਮੀਨਾਰਾਂ ਦੌਰਾਨ ਖੂਨ ਦੀ ਘਾਟ ਨੂੰ ਪੂਰਾ ਕਰਨ ਵਾਸਤੇ ਬਣਦੀ ਖੁਰਾਕ ਸੰਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅੱਜ ਦੇ ਇਸ ਕੈਂਪ ਵਿਚ ਹੋਮੋਗਲੋਬਿਨ ਸੰਬੰਧੀ ਜਾਣਕਾਰੀ ਦੇਣ ਦੇ ਨਾਲ ਨਾਲ ਮੌਕੇ 'ਤੇ ਹੀ ਲਾਭਪਾਤਰੀਆਂ ਦਾ ਹੋਮੋਗਲੋਬਨ ਲੈਵਲ ਵੀ ਚੈੱਕ ਕੀਤਾ ਗਿਆ ਹੈ ਅਤੇ ਜਿਨ੍ਹਾਂ ਜਿਨ੍ਹਾਂ ਦੇ ਟੈਸਟ ਵਿਚ ਖੂਨ ਦੀ ਕਮੀ ਪਾਈ ਗਈ ਹੈ ਉਹਨਾਂ ਵਾਸਤੇ ਲੋੜੀਂਦੀਆਂ ਦਵਾਈਆਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ । ਇਸ ਮੌਕੇ ਡਿੰਪਲ ਏ ਐਨ ਐਮ, ਪਰਮਜੀਤ ਕੌਰ ਸੀ ਐਚ ਓ, ਆਂਗਣਵਾੜੀ ਵਰਕਰ ਪਵਨ ਦੀਪ ਕੌਰ ਅਤੇ ਬਲਵਿੰਦਰ ਕੌਰ ਵੀ ਹਾਜ਼ਰ ਸਨ ।

## ਈ ਟੀ ਟੀ ਤੋਂ ਮਾਸਟਰ ਕੇਡਰ 'ਚ ਤਰੱਕੀਆਂ ਛੇਤੀ ਕੀਤੀਆਂ ਜਾਣ : ਗੁਪਤਾ

**ਅਹਿਮਦਗੜ੍ਹ (ਪਵਨ ਗੁਪਤਾ)**-ਈ ਟੀ ਟੀ ਤੋਂ ਹੈੱਡਟੀਚਰ ਦੀਆਂ ਤਰੱਕੀਆਂ ਅਤੇ ਹੈੱਡਟੀਚਰ ਤੋਂ ਸੈਂਟਰ ਹੈੱਡਟੀਚਰ ਤਰੱਕੀਆਂ ਦੇ ਡੀ ਪੀ ਆਈ (ਐਲੀਮੈਂਟਰੀ ) ਤੋਂ ਪੱਤਰ ਜਾਰੀ ਹੋਣ ਬਾਅਦ ਹੁਣ ਐਲੀਮੈਂਟਰੀ ਟੀਚਰਜ਼ ਵੱਲੋਂ ਮਾਸਟਰ ਕੇਡਰ ਪ੍ਰਮੋਸ਼ਨਾਂ ਲਈ ਵੀ ਡੀ ਪੀ ਆਈ ਸੈਕੰਡਰੀ ਤੇ ਪ੍ਰਮੋਸ਼ਨ ਸੈਲ ਤੋਂ ਜਲਦ ਪ੍ਰਮੋਸ਼ਨ ਕਰਨ ਲਈ ਪੁਰਜ਼ੋਰ ਮੰਗ ਇੱਕ ਵਾਰ ਫਿਰ ਉੱਠੀ ਹੈ। ਅਧਿਆਪਕਾਂ ਦੇ ਪਰਵਾਰਕ ਮੈਂਬਰਾਂ ਨੇ ਦੋਸ਼ ਲਾਉਂਦੇ ਹੋਏ ਦੱਸਿਆ ਕਿ ਉਹ ਸਾਲ 2006 ਤੋਂ ਪਿਛਲੇ 17 ਸਾਲਾਂ ਤੋਂ ਪ੍ਰਾਇਮਰੀ ਕੇਡਰ ਵਿੱਚ ਕੰਮ ਕਰ ਰਹੇ ਹਨ । ਕਦੇ ਕਾਂਗਰਸ ਦੀ ਸਰਕਾਰ ਤੇ ਕਦੇ ਅਕਾਲੀ ਭਾਜਪਾ ਦੀ ਸਰਕਾਰ ਉਨ੍ਹਾਂ ਨੇ ਦੇਖੀ । ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਵਾਰ ਵਾਰ ਪ੍ਰਮੋਸ਼ਨ ਲਈ ਡਾਟਾ ਮੰਗਿਆ ਜਾਂਦਾ ਹੈ। ਪਰ ਮਹਿਕਮੇ ਤੋਂ ਜ਼ਿਲ੍ਹੇ ਵਾਈਜ਼ ਅਤੇ ਸਟੇਟ ਵਾਈਜ਼ ਪਿਛਲੇ 10 ਸਾਲਾਂ ਵਿੱਚ ਸੀਨੀਆਰਤਾ ਸੂਚੀ ਹੀ ਫਾਈਨਲ ਨਹੀਂ ਹੋ ਸਕੀ। ਜ਼ਿਲ੍ਹਾ ਪ੍ਰੀਸ਼ਦਾਂ ਤੋਂ ਸਿੱਖਿਆ ਵਿਭਾਗ ਵਿੱਚ ਸ਼ਿਫਟ ਕੀਤੇ ਮੁਲਾਜ਼ਮਾਂ ਲਈ ਇਸ ਪ੍ਰਮੋਸ਼ਨ ਤਹਿਤ ਬਹੁਤ ਹੀ ਭੰਬਲਭੂਸਾ ਬਰਕਰਾਰ ਹੈ। ਹਰੇਕ ਜ਼ਿਲ੍ਹੇ ਵਿੱਚੋਂ ਕੁਝ ਅਧਿਆਪਕਾਂ ਨੂੰ ਇੱਕ ਦਿਨ ਲਈ ਸਿੱਖਿਆ ਵਿਭਾਗ ਵਿੱਚ ਜੁਆਇਨ ਕਰਾਉਣ ਉਪਰੰਤ ਵਾਪਸ ਜ਼ਿਲ੍ਹਾ ਪ੍ਰੀਸ਼ਦ ਦੇ ਸਕੂਲਾਂ ਵਿੱਚ ਭੇਜ ਦਿੱਤਾ ਗਿਆ ਸੀ ਪਰ ਬਾਅਦ ਵਿੱਚ ਉਹਨਾਂ ਨੂੰ ਪ੍ਰਮੋਟ ਕਰ ਦਿੱਤਾ ਗਿਆ। ਜਦ ਕਿ ਉਹਨਾਂ ਦੇ ਨਾਲ ਦੇ ਸਾਥੀਆਂ ਨੂੰ ਉਹਨਾਂ ਤੋਂ 5 ਸਾਲਾਂ ਬਾਅਦ ਵੀ ਪ੍ਰਮੋਟ ਨਹੀਂ ਕੀਤਾ ਗਿਆ। ਆਮ ਆਦਮੀ ਪਾਰਟੀ ਦੀ ਸ਼ਹਿਰੀ ਮਹਿਲਾ ਵਿੰਗ ਦੀ ਪ੍ਰਧਾਨ ਰਿੰਕੂ ਗਰਗ ਅਤੇ ਸਮਾਜ ਸੇਵੀ ਪਵਨ ਗੁਪਤਾ ਨੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਲਿਖੇ ਪੱਤਰ ਵਿੱਚ ਮੰਗ ਕੀਤੀ ਹੈ ਕਿ ਪ੍ਰਾਇਮਰੀ ਪੱਧਰ ਤੋਂ ਮਾਸਟਰ ਕੇਡਰ ਲਈ ਤਰੱਕੀ ਕਰਨ ਲਈ ਪੱਕੀ ਅਤੇ ਸਮਾਂਬੱਧ ਪਰਮੋਸ਼ਨ ਨੀਤੀ ਦੀ ਲੋੜ ਹੈ ਤਾਂ ਜੋ ਏਨਾ ਲੰਮਾ ਸਮਾ ਅਧਿਆਪਕ ਵਰਗ ਨੂੰ ਉਡੀਕ ਨਾ ਕਰਨੀ ਪਵੇ । ਉਹਨਾਂ ਕਿਹਾ ਕਿ ਜੇਕਰ ਮਿਥੇ ਸਮੇ ਅੰਦਰ ਪ੍ਰਮੋਸ਼ਨ ਨਹੀ ਹੁੰਦੀ ਤਾਂ ਐਲੀਮੈਂਟਰੀ ਵਰਗ ਦੇ ਅਧਿਆਪਕਾਂ ਅਤੇ ਉਹਨਾਂ ਦੇ ਪਰਵਾਰਾਂ ਨੂੰ ਸੰਘਰਸ਼ ਲਈ ਮਜਬੂਰ ਹੋਣਾ ਪਵੇਗਾ।

# ਭਗਤ ਪੂਰਨ ਸਿੰਘ ਦੀ ਬਰਸੀ ਸਮਾਗਮ ਸਬੰਧੀ ਮੀਟਿੰਗ



**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਪਿੰਗਲਵਾੜਾ ਸ਼ਾਖਾ ਵਿਖੇ ਪਿੰਗਲਵਾੜਾ ਦੇ ਬਾਨੀ ਭਗਤ ਪੂਰਨ ਸਿੰਘ ਦੀ 31ਵੀਂ ਸਾਲਾਨਾ ਬਰਸੀ ਸਮਾਗਮ ਸ੍ਰੀ ਅੰਮ੍ਰਿਤਸਰ ਸੰਬੰਧੀ ਸਲਾਹਕਾਰ ਕਮੇਟੀ ਦੀ ਮੀਟਿੰਗ ਡਾ. ਇੰਦਰਜੀਤ ਕੌਰ ਪ੍ਰਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਟਰੱਸਟ ਦੀ ਪ੍ਰਧਾਨਗੀ ਅਤੇ ਹਰਜੀਤ ਸਿੰਘ ਅਰੋੜਾ ਦੀ ਰਹਿਨੁਮਾਈ ਹੇਠ ਹੋਈ।

ਪ੍ਰਿੰਸੀਪਲ ਇਕਬਾਲ ਸਿੰਘ ਦੇ ਸਟੇਜ ਸੰਚਾਲਨ ਅਧੀਨ ਸ਼ਾਖਾ ਦੇ ਮੁੱਖ ਪ੍ਰਬੰਧਕ ਤਰਲੋਚਨ ਸਿੰਘ ਚੀਮਾ ਨੇ ਸਮੂਹ ਮੈਂਬਰਾਂ ਦਾ ਸਵਾਗਤ ਕੀਤਾ। ਡਾਕਟਰ ਬੀਬੀ ਇੰਦਰਜੀਤ ਕੌਰ ਨੇ ਸਪੈਸ਼ਲ ਓਲੰਪਿਕ ਖੇਡਾਂ ਵਿੱਚ ਪਿੰਗਲਵਾੜਾ ਪਰਵਾਰ ਦੇ ਬੱਚਿਆਂ ਵੱਲੋਂ ਸੋਨਾ, ਚਾਂਦੀ ਅਤੇ ਕਾਂਸੀ ਦੇ ਤਗਮੇ ਜਿੱਤਣ ਦੀ ਖ਼ੁਸ਼ੀ ਸਮੇਤ ਹੋਰ ਸੇਵਾਵਾਂ ਖਾਸ ਕਰਕੇ ਹੜ੍ਹ ਪੀੜਤ ਇਲਾਕਿਆਂ ਵਿੱਚ ਪਿੰਗਲਵਾੜਾ ਵੱਲੋਂ ਕੀਤੀ ਜਾ ਰਹੀ ਸੇਵਾ ਦਾ ਜ਼ਿਕਰ ਕੀਤਾ ਅਤੇ ਆਪਸੀ ਭਾਈਚਾਰਕ ਸਾਂਝ ਦੀ ਪ੍ਰੇਰਨਾ ਕੀਤੀ। ਆਪ ਨੇ ਹਰ ਸਾਲ ਦੀ ਤਰ੍ਹਾਂ ਭਗਤ ਪੂਰਨ ਸਿੰਘ ਦੀ ਸਾਲਾਨਾ 31 ਵੀਂ ਬਰਸੀ ਸੰਬੰਧੀ ਸ੍ਰੀ ਅੰਮ੍ਰਿਤਸਰ ਵਿਖੇ 2 ਅਗਸਤ ਤੋਂ 5 ਅਗਸਤ ਤੱਕ ਕੀਤੇ ਜਾ ਰਹੇ ਸਮਾਗਮ ਜਿਹਨਾਂ ਵਿੱਚ ਪਿੰਗਲਵਾੜੇ ਦੇ ਸਕੂਲ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ, ਪਿੰਗਲਵਾੜਾ ਮਰੀਜ਼ਾਂ ਦੀਆਂ ਕਲਾ ਕਿਰਤਾਂ ਦੀ ਪ੍ਰਦਰਸ਼ਨੀ, ਗੁਰਮਤਿ ਫਲਸਫੇ 'ਤੇ ਸੈਮੀਨਾਰ, ਖੂਨਦਾਨ ਕੈਂਪ ਅਤੇ ਮੁੱਖ ਸਮਾਗਮ ਵਿੱਚ ਡਾ. ਨਸੀਰ ਅਖਤਰ ਚੇਅਰਮੈਨ ਸਿੱਖ ਮੁਸਲਿਮ ਸਾਂਝਾ ਫਰੰਟ ਪੰਜਾਬ ਹੋਰ ਵਿਦਵਾਨਾਂ ਦੀ ਸ਼ਮੂਲੀਅਤ ਆਦਿ ਬਾਰੇ ਚਾਨਣਾ ਪਾਇਆ।

## ਰਾਸ਼ਟਰੀ ਸਵੈ-ਸੇਵਕ ਸੰਘ ਦੀ ਟੀਮ ਵੱਲੋਂ ਹੜ੍ਹ ਪੀੜਤਾਂ ਦੀ ਮਦਦ

**ਸਮਾਣਾ (ਇਕਬਾਲ ਸਿੰਘ ਬੱਲ)**-ਰਾਸ਼ਟਰੀ ਸਵੈ-ਸੇਵਕ ਸੰਘ ਸਮਾਣਾ ਦੀ ਟੀਮ ਵੱਲੋਂ ਤਹਿਸੀਲਦਾਰ ਲਾਰਸਨ ਸਿੰਗਲਾ ਨੂੰ ਹੜ੍ਹ ਪੀੜਤਾਂ ਲਈ ਦਵਾਈਆਂ ਭੇਟ ਕੀਤੀਆਂ ਗਈਆਂ। ਪੰਜਾਬ ਇਸ ਸਮੇਂ ਹੜ੍ਹਾਂ ਦੀ ਲਪੇਟ ਵਿੱਚ ਹੈ, ਜਿਸ ਨੂੰ ਧਿਆਨ 'ਚ ਰੱਖਦੇ ਹੋਏ ਰਾਸ਼ਟਰੀ ਸਵੈ-ਸੇਵਕ ਸੰਘ ਪਿਛਲੇ ਦਿਨਾਂ ਤੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਭੋਜਨ ਤੇ ਪਾਣੀ ਦਾ ਵਿਤਰਣ ਕਰ ਰਿਹਾ ਹੈ। ਹੜ੍ਹਾਂ ਤੋਂ ਬਾਅਦ ਚਮੜੀ ਦੇ ਰੋਗ, ਡਾਇਰੀਆ, ਬੁਖਾਰ, ਇਨਫੈਕਸ਼ਨ ਤੇ ਹੋਰ ਬੀਮਾਰੀਆਂ ਫੈਲਣ ਦਾ ਖਦਸ਼ਾ ਹੈ, ਇਸ ਲਈ ਸੰਘ ਵੱਲੋਂ ਹੁਣ ਦਵਾਈਆਂ ਦੀ ਵਿਵਸਥਾ ਕੀਤੀ ਗਈ ਤੇ ਤਹਿਸੀਲਦਾਰ ਲਾਰਸਨ ਸਿੰਗਲਾ ਦੇ ਨਿਰਦੇਸ਼ ਅਨੁਸਾਰ ਮਰਦਾਹੇੜੀ ਤੇ ਮਰੋੜੀ ਪਿੰਡ ਵਿੱਚ ਦਵਾਈਆਂ ਭੇਜੀਆਂ। ਰਾਸ਼ਟਰੀ ਸਵੈ-ਸੇਵਕ ਸੰਘ ਦੇ ਮੈਂਬਰਾਂ ਨੇ ਕਿਹਾ ਕਿ ਜਿੱਥੇ ਵੀ ਦਵਾਈਆਂ ਦੀ ਜ਼ਰੂਰਤ ਹੋਵੇਗੀ, ਉੱਥੇ ਵਿਵਸਥਾ ਕੀਤੀ ਜਾਵੇਗੀ। ਇਸ ਮੌਕੇ ਨਗਰ ਸੰਘ ਚਾਲਕ ਚਮਨ ਲਾਲ, ਜ਼ਿਲ੍ਹਾ ਪ੍ਰਚਾਰਕ ਸਆਮਵੀਰ, ਅਜੇ ਗੋਇਲ, ਰੋਹਿਤ ਵਰਮਾ, ਜਤਿੰਦਰ ਸ਼ਰਮਾ, ਵਿਕਾਸ ਸ਼ਰਮਾ, ਬਿੱਟੂ ਧੀਮਾਨ, ਹਾਕਮ ਸਿੰਘ ਪਹਾੜਪੁਰ, ਕਮਲ ਗੋਇਲ, ਰਾਜੇਸ਼ ਗੋਇਲ ਤੇ ਐਡਵੋਕੇਟ ਗੁਰਤੇਜ ਸਿੰਘ ਸੰਧੂ ਆਦਿ ਮੌਜੂਦ ਰਹੇ।

# ਅੱਜ ਦੇ ਧਰਨੇ 'ਚ ਪੰਜਾਬ ਪੈਨਸ਼ਨਰ ਯੂਨੀਅਨ ਤੇ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਕਰੇਗੀ ਸ਼ਮੂਲੀਅਤ : ਧੋਥੜ



**ਮੋਗਾ (ਅਮਰਜੀਤ ਬੱਬਰੀ)**- ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਬਰਾਂਚ ਮੋਗਾ ਦੀ ਮੀਟਿੰਗ ਅੱਜ ਮੋਗਾ ਵਿਖੇ ਸ਼ਹੀਦ ਨਛੱਤਰ ਧਾਲੀਵਾਲ ਭਵਨ ਵਿੱਚ ਹੋਈ। ਮੀਟਿੰਗ ਦੀ ਪ੍ਰਧਾਨਗੀ ਜਗਪਾਲ ਸਿੰਘ ਬਰਾੜ ਵੱਲੋਂ ਕੀਤੀ ਗਈ। ਡਿਪੂ ਦੇ ਜਨਰਲ ਸਕੱਤਰ ਮਨਦੀਪ ਮੱਖੂ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਹੋਏ ਨੁਕਸਾਨ ਉੱਪਰ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਪਿਛਲੇ ਸਮੇਂ ਵਿੱਚ ਜਥੇਬੰਦੀ ਦੇ ਵਿਛੜੇ ਹੋਏ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੀਟਿੰਗ ਵਿੱਚ ਜਥੇਬੰਦੀ ਦੇ ਮੁੱਖ ਸਲਾਹਕਾਰ ਬਚਿੱਤਰ ਸਿੰਘ ਧੋਥੜ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਜਥੇਬੰਦੀ ਦੇ ਸੂਬਾ ਡਿਪਟੀ ਜਨਰਲ ਸਕੱਤਰ ਕਾ. ਗੁਰਜੰਟ ਕੋਕਰੀ ਨੇ ਕਿਹਾ ਕਿ ਨਵੀਂ ਸਰਕਾਰ ਤੋਂ ਪੰਜਾਬ ਦੇ ਲੋਕਾਂ ਨੂੰ ਜੋ ਆਸਾਂ ਸਨ ਉਹ ਹੁਣ ਧੁੰਦਲੀਆਂ ਨਜ਼ਰ ਆ ਰਹੀਆਂ ਹਨ। ਟਰਾਂਸਪੋਰਟ ਵਿਭਾਗ ਜਿਹੜਾ ਸੂਬੇ ਦੇ ਲੋਕਾਂ ਨੂੰ ਸੈਂਕੜੇ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ ਵਿਸ਼ੇਸ਼ ਧਿਆਨ ਮੰਗ ਰਿਹਾ ਹੈ ਪਰ ਸਰਕਾਰ ਅਤੇ ਉੱਚ ਅਧਿਕਾਰੀ ਇਸ ਵੱਲੋਂ ਅਵੇਸਲੇ ਹੋ ਚੁੱਕੇ ਹਨ। ਇਸ ਮੌਕੇ ਬਚਿੱਤਰ ਸਿੰਘ ਧੋਥੜ ਨੇ ਕਿਹਾ ਕਿ ਮੋਗਾ ਵਿੱਚ ਬਣੀ ਜਬਰ ਵਿਰੋਧੀ ਸੰਘਰਸ਼ ਕਮੇਟੀ ਦੇ ਸੱਦੇ 'ਤੇ 21 ਜੁਲਾਈ ਨੂੰ ਡੀ ਸੀ ਦਫਤਰ ਵਿਖੇ ਰੱਖੇ ਧਰਨੇ ਵਿੱਚ ਪੰਜਾਬ ਪੈਨਸ਼ਨਰ ਯੂਨੀਅਨ ਅਤੇ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਵੀ ਵੱਡੇ ਪੱਧਰ 'ਤੇ ਸ਼ਮੂਲੀਅਤ ਕਰੇਗੀ। ਇਸ ਮੀਟਿੰਗ ਵਿੱਚ ਪਿਛਲੇ ਦਿਨੀਂ ਭਾਰੀ ਹੜ੍ਹ ਆਉਣ ਕਾਰਨ ਪੀਆਰਟੀਸੀ ਦੇ ਜੋ ਮੁਲਾਜ਼ਮ ਸਦੀਵੀ ਵਿਛੋੜਾ ਦੇ ਗਏ ਹਨ, ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ, ਓਥੇ ਹੀ ਜ਼ੋਰਦਾਰ ਮੰਗ ਕੀਤੀ ਗਈ ਕਿ ਆਰਥਕ ਸਹਾਇਤਾ ਦੇ ਨਾਲ ਨਾਲ ਉਹਨਾਂ ਦੇ ਪਰਵਾਰ ਨੂੰ ਸਰਕਾਰੀ ਨੌਕਰੀ ਵੀ ਦਿੱਤੀ ਜਾਵੇ ਤਾਂ ਜੋ ਪਰਵਾਰ ਆਪਣਾ ਗੁਜ਼ਾਰਾ ਕਰ ਸਕੇ। ਮੀਟਿੰਗ ਵਿੱਚ ਸੁਰਿੰਦਰ ਸਿੰਘ, ਗੁਰਪ੍ਰੀਤ ਸਿੰਘ ਕੈਸ਼ੀਅਰ, ਗੁਰਦੀਪ ਮੁੱਲਾਂਪੁਰ, ਜੁਗਰਾਜ ਬੁੱਟਰ, ਸਿੰਘ, ਮਨਪ੍ਰੀਤ ਸਿੰਘ, ਜਸਵੀਰ ਸਿੰਘ, ਸ਼ਮਿੰਦਰ ਪਾਲੀ ਅਤੇ ਜਥੇਬੰਦੀ ਦੇ ਸਮੂਹ ਮੈਂਬਰ ਸ਼ਾਮਲ ਸਨ।

## ਸ਼ਹੀਦ ਭਗਤ ਸਿੰਘ ਕਾਲਜ ਤੇ ਹਾਰਮਨੀ ਆਯੁਰਵੈਦਿਕ ਕਾਲਜ ਵੱਲੋਂ ਸਿਵਲ ਸਰਜਨ ਨਾਲ ਮੀਟਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**: ਅੱਜ ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਅਤੇ ਹਾਰਮਨੀ ਆਯੂਰਵੈਦਿਕ ਕਾਲਜ ਫਿਰੋਜ਼ਪੁਰ ਵੱਲੋਂ ਸ਼ਰਨਜੀਤ ਕੌਰ (ਵਾਇਸ ਪ੍ਰਿੰਸੀਪਲ ਐੱਸ ਬੀ ਐੱਸ ਕਾਲਜ), ਡਾ. ਹਰਜਿੰਦਰ ਸਿੰਘ, ਸਿਵਲ ਸਰਜਨ ਨਾਲ ਮੀਟਿੰਗ ਕੀਤੀ ਗਈ। ਜਿਸ ਵਿੱਚ ਫਲੱਡ ਸਮੱਸਿਆ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਹਰ ਸੰਭਵ ਮਦਦ ਕਰਨ ਲਈ ਯਤਨਸ਼ੀਲ ਰਹਿਣ ਬਾਰੇ ਵਿਚਾਰ ਕੀਤਾ ਗਿਆ ।

ਪੰਜਾਬ ਵਿੱਚ ਆਏ ਹੜ੍ਹਾਂ ਨਾਲ ਬਹੁਤ ਬਿਮਾਰੀਆਂ ਵੀ ਫੈਲ ਰਹੀਆਂ ਹਨ ਤਾਂ ਡਾਕਟਰੀ ਸਹਾਇਤਾ ਦੇਣ ਬਾਰੇ ਮੈਡੀਕਲ ਦੀ ਸਹੂਲਤ ਦੇਣ ਬਾਰੇ ਵਿਚਾਰ ਕੀਤਾ ਗਿਆ। ਇਸ ਮੌਕੇ ਧਰਮਪਾਲ ਬਾਂਸਲ (ਚੇਅਰਮੈਨ ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ) ਵੱਲੋਂ ਭਰੋਸਾ ਦਿਵਾਇਆ ਗਿਆ ਕਿ ਆਪਣੇ ਵੱਲੋਂ ਜੋ ਸੰਭਵ ਮਦਦ ਹੋਵੇਗੀ ਜ਼ਰੂਰ ਕੀਤੀ ਜਾਵੇਗੀ। ਹੜ੍ਹ ਤੋਂ ਬਾਅਦ ਫੈਲਣ ਵਾਲੀਆਂ ਬਿਮਾਰੀਆਂ ਸੰਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਜਾਵੇਗਾ, ਜਿਸ ਲਈ ਵੱਖ-ਵੱਖ ਟੀਮਾਂ ਤਿਆਰ ਕੀਤੀਆਂ ਜਾਣਗੀਆਂ ਤਾਂ ਜੋ ਕਿਸੇ ਤਰ੍ਹਾਂ ਦਾ ਹੋਰ ਜਾਨੀ ਨੁਕਸਾਨ ਨਾ ਹੋ ਸਕੇ ਅਤੇ ਫੈਲਣ ਵਾਲੀਆਂ ਹਰ ਤਰ੍ਹਾਂ ਦੀਆਂ ਬਿਮਾਰੀਆ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ।

## ਡੇਂਗੂ ਜਾਗਰੂਕਤਾ ਕੈਂਪ ਲਗਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸਿਵਲ ਸਰਜਨ ਫਿਰੋਜ਼ਪੁਰ ਡਾ. ਰਜਿੰਦਰ ਕੁਮਾਰ ਅਤੇ ਜ਼ਿਲ੍ਹਾ ਐਪੀਡਿਮਾਲੋਜਿਸਟ ਸ਼ਵਿੰਦਰ ਕੌਰ ਤੇ ਯੁਵਰਾਜ ਨਾਰੰਗ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੇਂਗੂ ਜਾਗਰੂਕਤਾ ਕੈਂਪ ਹਾਊਸਿੰਗ ਬੋਰਡ ਕਾਲੋਨੀ ਫਿਰੋਜ਼ਪੁਰ ਸ਼ਹਿਰ ਵਿਖੇ ਲਗਾਇਆ ਗਿਆ। ਜਿਸ ਵਿੱਚ ਲੋਕਾਂ ਨੂੰ ਡੇਂਗੂ ਬੁਖਾਰ ਤੋ ਬਚਾਉ ਦੇ ਤਰੀਕੇ ਛੱਤਾਂ 'ਤੇ ਰੱਖੇ ਪਾਣੀ ਦੀਆਂ ਟੈਂਕੀਆਂ ਦੇ ਢੱਕਣਾਂ ਨੂੰ ਚੰਗੀ ਤਰ੍ਹਾਂ ਬੰਦ ਕੀਤਾ ਜਾਵੇ, ਟੁੱਟੇ ਬਰਤਨ, ਡਰੰਮਾਂ, ਟਾਇਰਾਂ ਆਦਿ ਨੂੰ ਖੁੱਲ੍ਹੇ ਵਿੱਚ ਨਾ ਰੱਖੋ, ਘਰਾਂ ਦੇ ਆਲ਼ੇ ਦੁਆਲ਼ੇ ਪਾਣੀ ਖੜ੍ਹਾ ਨਾ ਹੋਣ ਦਿਉ ਜਾਂ ਖੜ੍ਹੇ ਪਾਣੀ ਵਿੱਚ ਹਫ਼ਤੇ ਵਿੱਚ ਇੱਕ ਵਾਰ ਕਾਲਾ ਤੇਲ ਪਾਉ, ਇਹ ਮੱਛਰ ਦਿਨ ਵੇਲੇ ਕੱਟਦਾ ਹੈ। ਇਸ ਲਈ ਕੱਪੜੇ ਅਜਿਹੇ ਪਾਉ ਕਿ ਸਰੀਰ ਪੂਰੀ ਤਰ੍ਹਾਂ ਢਕਿਆ ਰਹੇ। ਬੁਖਾਰ ਹੋਣ 'ਤੇ ਨੇੜੇ ਦੀ ਸਿਹਤ ਸੰਸਥਾ ਤੋਂ ਖ਼ੂਨ ਦੀ ਜਾਂਚ ਕਰਵਾਈ ਜਾਵੇ ਜੋ ਕਿ ਬਿਲਕੁਲ ਮੁਫਤ ਕੀਤੀ ਜਾਂਦੀ ਹੈ। ਇਸ ਮੌਕੇ ਰਮਨ ਕੁਮਾਰ, ਰਾਮ ਪ੍ਰਤਾਪ, ਸੁਰਿੰਦਰ ਸੋਢੀ ਹਾਜ਼ਰ ਸਨ।

## ਨਸ਼ਾ ਤਸਕਰਾਂ ਦੀ ਪੁਸ਼ਤਪਨਾਹੀ ਖਿਲਾਫ ਪੰਜਾਬ ਸਰਕਾਰ ਦੇ ਫੂਕੇ ਜਾਣਗੇ ਪੁਤਲੇ : ਬਲਕਰਨ ਮੋਗਾ



**ਮੋਗਾ (ਅਮਰਜੀਤ ਬੱਬਰੀ)**- ਨਸ਼ਾ ਤਸਕਰਾਂ, ਮੌਤ ਦੇ ਸੌਦਾਗਰਾਂ 'ਤੇ ਜੇਕਰ ਪੰਜਾਬ ਸਰਕਾਰ ਅਤੇ ਇਸ ਦਾ ਪੁਲਸ ਪ੍ਰਸ਼ਾਸਨ ਬਣਦੀ ਕਾਨੂੰਨੀ ਕਾਰਵਾਈ ਕਰਦਾ ਤਾਂ ਪਰਵਿੰਦਰ ਸਿੰਘ ਝੋਟੇ ਵਰਗਿਆਂ ਨੂੰ ਨਸ਼ਿਆਂ ਖਿਲਾਫ ਨਿੱਤਰਨ ਦੀ ਲੋੜ ਨਾ ਪੈਂਦੀ। ਅਫਸੋਸ ਸਰਕਾਰ ਤੇ ਪੁਲਸ ਪ੍ਰਸ਼ਾਸਨ ਕਥਿਤ ਤੌਰ 'ਤੇ ਨਸ਼ਾ ਤਸਕਰਾਂ ਦੇ ਹੱਕ ਵਿੱਚ ਭੁਗਤ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਲਿਬਰੇਸ਼ਨ ਪਾਰਟੀ ਦੇ ਜ਼ਿਲ੍ਹਾ ਸਕੱਤਰ ਬਲਕਰਨ ਮੋਗਾ ਨੇ ਪਾਰਟੀ ਮੀਟਿੰਗ ਦੌਰਾਨ ਕੀਤਾ। ਉਨਾ ਕਿਹਾ ਕਿ ਮੌਤ ਦੇ ਸੌਦਾਗਰ ਜਵਾਨੀ ਨੂੰ ਨਸ਼ਿਆਂ ਦੇ ਰਾਹ ਤੋਰ ਕੇ ਘਰ ਘਰ ਸੱਥਰ ਵਿਛਾ ਰਹੇ ਹਨ। ਜਵਾਨੀ ਨੂੰ ਸਿੱਖਿਆ ਤੇ ਰੁਜ਼ਗਾਰ ਦੀ ਗਰੰਟੀ ਦਾ ਨਾਹਰਾ ਦੇ ਕੇ ਸੱਤਾ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਜਵਾਨੀ ਨੂੰ ਕੰਮ ਦੇਣ ਦੀ ਬਜਾਏ ਉਨ੍ਹਾਂ 'ਤੇ ਡਾਂਗਾਂ ਦਾ ਮੀਂਹ ਵਰ੍ਹਾ ਰਹੀ ਹੈ। ਨਸ਼ੇ ਦੇ ਖਿਲਾਫ ਅਵਾਜ਼ ਬੁਲੰਦ ਕਰਨ ਵਾਲਿਆਂ 'ਤੇ ਝੂਠੇ ਪਰਚੇ ਦਰਜ ਕੀਤੇ ਜਾ ਰਹੇ ਹਨ। ਤੁਸੀਂ ਝੋਟੇ ਵਾਂਗ ਕਿੰਨਿਆਂ ਕੁ ਨੂੰ ਜੇਲ੍ਹਾਂ ਵਿੱਚ ਡੱਕੋਗੇ। ਹੱਕ ਸੱਚ ਲਈ ਕੁਰਬਾਨ ਹੋਣ ਵਾਲਿਆਂ ਦੀ ਕਤਾਰ ਬਹੁਤ ਲੰਮੀ ਹੈ। ਸਰਕਾਰ ਸੰਵਿਧਾਨ ਦੀ ਉਲੰਘਣਾ ਕਰਦਿਆਂ ਜਮਹੂਰੀਅਤ ਦੇ ਮੂਲ ਮਨੁੱਖੀ ਅਧਿਕਾਰਾਂ ਨੂੰ ਕੁਚਲ ਰਹੀ ਹੈ। ਪਾਰਟੀ ਨੇ ਫੈਸਲਾ ਕੀਤਾ ਕਿ ਨਸ਼ਾ ਵੇਚਣ ਵਾਲਿਆਂ ਦੀ ਪੁਸ਼ਤਪਨਾਹੀ ਖਿਲਾਫ ਪੰਜਾਬ ਸਰਕਾਰ ਦੇ ਪਿੰਡ ਪਿੰਡ ਪੁਤਲੇ ਫੂਕੇ ਜਾਣਗੇ। ਜਦ ਤੱਕ ਝੋਟੇ ਵਰਗੇ ਬੇਕਸੂਰਾਂ ਨੂੰ ਬਾਇੱਜ਼ਤ ਬਰੀ ਨਹੀਂ ਕੀਤਾ ਜਾਂਦਾ ਤੇ ਨੌਜਵਾਨਾਂ ਲਈ ਨਸ਼ੇ ਦੀ ਥਾਂ ਰੁਜ਼ਗਾਰ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ ਲਿਬਰੇਸ਼ਨ ਪਾਰਟੀ ਵੱਲੋਂ ਇਹ ਮੁਹਿੰਮ ਜਾਰੀ ਰਹੇਗੀ। ਇਕ ਹੋਰ ਮਤੇ ਰਾਹੀਂ ਮੋਗਾ ਦੇ ਸਰਕਾਰੀ ਹਸਪਤਾਲ ਵਿੱਚ ਫੈਲੇ ਭ੍ਰਿਸ਼ਟਾਚਾਰ ਤੇ ਜਥੇਬੰਦੀਆਂ ਵੱਲੋਂ ਕਥਿਤ ਤੌਰ 'ਤੇ ਮੋਗਾ ਐਮ ਐਲ ਏ 'ਤੇ ਲਗਾਏ ਜਾ ਰਹੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕੀਤੀ। ਇਸ ਮੌਕੇ ਨਵਜੋਤ ਸਿੰਘ ਜੋਗੇਵਾਲਾ, ਅਮਨਦੀਪ ਸਿੰਘ ਸਿੰਘਾ ਵਾਲਾ, ਕਿਰਨਦੀਪ ਸਿੰਘ ਭੁੱਲਰ ਮੋਗਾ, ਤਲਵੀਨ ਸਿੰਘ ਗਿੱਲ, ਲਵਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਪ੍ਰਾਇਮਰੀ ਤੇ ਮਿਡਲ ਸਕੂਲ ਹਸਨਪੁਰ ਦੇ ਵਿਦਿਆਰਥੀਆਂ ਨੂੰ ਖੇਡ ਕਿੱਟਾਂ ਭੇਟ

**ਧੂਰੀ ( ਸੁਖਦੇਵ ਧੂਰੀ )** ਇਥੇ ਨਜ਼ਦੀਕ ਪਿੰਡ ਹਸਨਪੁਰ ਦੇ ਐਨ ਆਰ ਆਈ ਅਮਰੀਕਾ ਨਿਵਾਸੀ ਜਗਜੀਤ ਸਿੰਘ ਨੇ ਆਪਣੀ ਬੇਟੀ ਸਵਰਗੀ ਸੋਨੀਆ ਸਿੱਧੂ ਦੀ ਯਾਦ ਵਿੱਚ ਆਪਣੇ ਭਤੀਜੇ ਹਰਜਿੰਦਰ ਸਿੰਘ ਰਾਹੀਂ ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲ ਹਸਨਪੁਰ ਦੇ ਵਿਦਿਆਰਥੀਆਂ ਲਈ ਖੇਡ ਕਿੱਟਾਂ ਭੇਟ ਕੀਤੀਆਂ। ਪਿੰਡ ਦੇ ਸਰਪੰਚ ਸੋਹਣ ਸਿੰਘ, ਸਕੂਲ ਮੁਖੀ ਜਸਵੀਰ ਸਿੰਘ ਅਤੇ ਸੁਖਜਿੰਦਰ ਸਿੰਘ ਨੇ ਪਰਵਾਰ ਦਾ ਧੰਨਵਾਦ ਕੀਤਾ। ਕਿੱਟਾਂ ਵੰਡਣ ਮੌਕੇ ਹਰਜਿੰਦਰ ਸਿੰਘ ਨੇ ਕਿਹਾ ਕਿ ਪਰਵਾਰ ਵੱਲੋਂ ਅੱਗੇ ਤੋਂ ਵੀ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਉਤਸ਼ਾਹਿਤ ਕੀਤਾ ਜਾਂਦਾ ਰਹੇਗਾ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸੁਖਪਾਲ ਸਿੰਘ, ਕੁਲਦੀਪ ਸਿੰਘ, ਪੰਚ ਕੁਲਵਿੰਦਰ ਸਿੰਘ, ਪੰਚ ਰਾਮ ਸਿੰਘ, ਪੰਚ ਗੁਰਧਿਆਨ ਸਿੰਘ ਅਤੇ ਸਮੂਹ ਅਧਿਆਪਕ ਹਾਜ਼ਰ ਸਨ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪੋਕਸੋ ਐਕਟ ਸੰਬੰਧੀ ਸਕੂਲੀ ਵਿਦਿਆਰਥੀਆਂ ਨੂੰ ਦਿੱਤੀ ਜਾਣਕਾਰੀ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ /ਪੂਜਾ )**-ਕਾਰਜਕਾਰੀ ਚੇਅਰਮੈਨ, ਗੁਰਮੀਤ ਸਿੰਘ, ਸੰਧਾਵਾਲੀਆ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀ ਹਦਾਇਤਾਂ ਅਨੁਸਾਰ ਰਾਜ ਕੁਮਾਰ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ ਜੀ ਦੀ ਅਗਵਾਈ ਹੇਠ ਹਰਪ੍ਰੀਤ ਕੌਰ, ਸੀ.ਜੇ.ਐਮ/ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸੀਨੀਅਰ ਸੈਕੰਡਰੀ ਸਕੂਲ ਲੜਕੇ ਅਤੇ ਲੜਕੀਆਂ, ਸ੍ਰੀ ਮੁਕਤਸਰ ਸਾਹਿਬ ਵਿਖੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਦੇ ਸਹਿਯੋਗ ਨਾਲ ਵੱਖ ਵੱਖ ਸਕੂਲਾਂ ਵਿੱਚ ਕੈਂਪ ਲਗਾਏ ਗਏ। ਇਸ ਸੰਬੰਧੀ ਵਿਦਿਆਰਥੀਆਂ ਨੂੰ ਪੋਕਸੋ ਐਕਟ ਅਤੇ ਨਾਲਸਾ ਦੀਆਂ ਵੱਖ ਵੱਖ ਸਕੀਮਾਂ ਸੰਬੰਧੀ ਜਾਣਕਾਰੀ ਦਿੱਤੀ ਗਈ। ਸੀਨੀਅਰ ਸਕੈਂਡਰੀ ਸਕੂਲ (ਲੜਕੀਆਂ) ਦੇ ਸਟਾਫ ਨੂੰ ਵੀ ਸਰੀਰਕ ਸ਼ੋਸ਼ਣ ਸੰਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਵੱਲੋਂ ਵਿਦਿਆਰਥੀਆਂ ਨੂੰ ਪੋਕਸੋ ਐਕਟ ਤੇ ਡਾਕੂਮੈਂਟਰੀ ਫਿਲਮ ਦਿਖਾਈ ਗਈ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ ਦੇ ਸਕੱਤਰ, ਹਰਪ੍ਰੀਤ ਕੌਰ ਨੇ ਦੱਸਿਆ ਕਿ ਅਗਲੀ ਨੈਸ਼ਨਲ ਲੋਕ ਅਦਾਲਤ 9 ਸਤੰਬਰ ਨੂੰ ਲੱਗ ਰਹੀ ਹੈ। ਉਸ ਵਿੱਚ ਆਪਣੇ ਕੇਸ ਦਾ ਲੋਕ ਅਦਾਲਤ ਵਿੱਚ ਨਿਪਟਾਰਾ ਕਰਾਉਣ ਲਈ ਉਹ ਸੰਬੰਧਤ ਅਦਾਲਤ ਨੂੰ ਦਰਖਾਸਤ ਦੇ ਕੇ ਆਪਣੇ ਕੇਸ ਦਾ ਨਿਪਟਾਰਾ ਕਰਵਾ ਸਕਦੇ ਹਨ। ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਟੋਲ ਫ੍ਰੀ ਨੰਬਰ 1968 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਪ੍ਰਿੰਸੀਪਲ ਸੁਭਾਸ਼ ਝਾਂਬ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ), ਪ੍ਰਿੰਸੀਪਲ ਦਵਿੰਦਰ ਰਜੌਰੀਆ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵੀ ਹਾਜ਼ਰ ਸਨ।

# ਡੀ ਏ ਵੀ ਕਾਲਜ ਵਿਖੇ ਐੱਨ ਸੀ ਸੀ ਗਰੁੱਪ ਕਮਾਂਡਰ ਬ੍ਰਿਗੇਡਰ ਚੌਹਾਨ ਦਾ ਦੌਰਾ



**ਮਲੋਟ, (ਗੁਰਮੀਤ ਸਿੰਘ ਮੱਕੜ)**:-ਸਥਾਨਕ ਡੀ.ਏ.ਵੀ. ਕਾਲਜ ਵਿਖੇ ਐਨ.ਸੀ.ਸੀ. ਗਰੁੱਪ ਕਮਾਂਡਰ ਬ੍ਰਿਗੇਡਰ ਐਚ.ਐਸ. ਚੌਹਾਨ ਨੇ ਦੌਰਾ ਕੀਤਾ। ਪ੍ਰਿੰਸੀਪਲ ਸ਼ੁਭਾਸ਼ ਗੁਪਤਾ, ਡੀਨ ਅਕਾਦਮਿਕ ਸੁਦੇਸ਼ ਗਰੋਵਰ ਅਤੇ ਐਨ.ਐਨ.ਸੀ. ਅਫ਼ਸਰ ਲੈਫ਼ਟੀਨੈਂਟ ਡਾ. ਮੁਕਤਾ ਮੁਟਨੇਜਾ ਨੇ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਇਸ ਤੋਂ ਬਾਅਦ ਕਾਲਜ ਪ੍ਰਿੰਸੀਪਲ ਨੇ ਰਸਮੀ ਤੌਰ 'ਤੇ ਸਾਰਿਆਂ ਦਾ ਸਵਾਗਤ ਕੀਤਾ। ਇਸ ਉਪਰੰਤ ਲੈਫ਼ਟੀਨੈਂਟ ਡਾ. ਮੁਕਤਾ ਮੁਟਨੇਜਾ ਨੇ ਐਨ.ਸੀ.ਸੀ. ਅਤੇ ਕਾਲਜ ਦੀ ਪ੍ਰਾਪਤੀਆਂ ਜਿਨ੍ਹਾਂ ਵਿਚ ਖ਼ੂਨਦਾਨ ਕੈਂਪ, ਹੌਟ ਏਅਰ ਬੈਲੂਨ, ਬੀ.ਐਲ.ਸੀ., ਸੀ.ਏ.ਟੀ.ਸੀ., ਟੀ.ਐਸ.ਸੀ. ਵਿਚ ਰਮਨਜੋਤ ਦੀ ਪ੍ਰਾਪਤੀ ਬਾਰੇ ਚਾਨਣਾ ਪਾਇਆ। ਇਸ ਮੌਕੇ ਪਹੁੰਚੇ 6 ਪੰਜਾਬ ਬਟਾਲੀਅਨ ਦੇ ਕਮਾਂਡਿੰਗ ਅਫ਼ਸਰ ਕਰਨਲ ਰਣਬੀਰ ਸਿੰਘ (ਐਸ.ਐਮ.) ਨੇ ਵੀ ਕਾਲਜ ਦੇ ਪ੍ਰਬੰਧਾਂ ਦੀ ਤਾਰੀਫ਼ ਕੀਤੀ। ਇਸ ਦੇ ਨਾਲ ਲੋਕਲ ਐਡਵਾਈਜ਼ਰੀ ਕਮੇਟੀ ਦੇ ਸੀਨੀਅਰ ਮੈਂਬਰ ਕ੍ਰਿਸ਼ਨ ਕੁਮਾਰ ਗੋਇਲ ਅਤੇ ਪ੍ਰਵੀਨ ਜੈਨ ਨੇ ਵੀ ਸ਼ਿਰਕਤ ਕੀਤੀ ਅਤੇ ਡੀਨ ਅਕਾਦਮਿਕ ਸ਼ੁਦੇਸ਼ ਗਰੋਵਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ।ਅੰਤ ਵਿਚ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਨੇ ਗਰੁੱਪ ਕਮਾਂਡਰ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ।

## ਮੋਬਾਈਲ ਟੀਮਾਂ ਰਾਹੀਂ ਸਲੱਮ ਖੇਤਰਾਂ ਨੂੰ ਪਹਿਲ ਦੇ ਅਧਾਰ 'ਤੇ ਦਿੱਤੀਆਂ ਜਾ ਰਹੀਆਂ ਨੇ ਸਿਹਤ ਸਹੂਲਤਾਂ



**ਫਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**- ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਹੜ੍ਹਾਂ ਤੋਂ ਬਾਅਦ ਕਿਸੇ ਤਰ੍ਹਾਂ ਦੀਆਂ ਬਿਮਾਰੀਆਂ ਨਾ ਫੈਲਣ, ਇਸ ਲਈ ਸੁਚੇਚਤਾ ਵਰਤੀ ਜਾ ਰਹੀ ਹੈ ਤੇ ਰੋਜ਼ਾਨਾ ਵੱਖਵੱਖ ਖੇਤਰਾਂ ਵਿਚ ਜਾ ਕੇ ਲਗਾਤਾਰ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਤੇ ਬਿਮਾਰੀਆਂ ਤੋਂ ਬਚਾਅ ਪ੍ਰਤੀ ਜਾਗਰੂਕ ਕਰਨ ਲਈ ਮੁਹਿੰਮ ਚਲਾਈ ਜਾ ਰਹੀ ਹੈ। ਜਿਸ ਸੰਬੰਧੀ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਵੱਲੋਂ ਵੱਖ ਵੱਖ ਖੇਤਰਾਂ ਦੇ ਕੈਂਪਾਂ ਦਾ ਦੌਰਾ ਕੀਤਾ ਗਿਆ ਅਤੇ ਬ੍ਰਾਹਮਣ ਮਾਜਰੇ ਦੇ ਸਲੱਮ ਏਰੀਏ ਵਿਚ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਕਿਹਾ ਕਿਫ ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਵੱਲੋਂ ਮਿਲੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਅਧੀਨ ਹੜ੍ਹਾਂ ਤੋਂ ਬਾਅਦ ਦੀ ਸਥਿਤੀ ਵਿਚ ਸਿਹਤ ਵਿਭਾਗ ਵੱਲੋਂ ਰੋਜ਼ਾਨਾ ਮੈਡੀਕਲ ਕੈਂਪ, ਜਾਗਰੂਕਤਾ ਕੈਂਪ, ਸਪ੍ਰੇਅ ਤੇ ਫੋਗਿੰਗ ਕਰਵਾਈ ਜਾ ਰਹੀ ਹੈ। ਅੱਜ ਵੀ ਜ਼ਿਲ੍ਹੇ ਦੇ ਵੱਖ ਵੱਖ ਖੇਤਰਾਂ ਅਧੀਨ 32 ਮੈਡੀਕਲ ਕੈਂਪ ਲਗਾਏ ਗਏ। ਉਨ੍ਹਾਂ ਕਿਹਾ ਮੋਬਾਈਲ ਮੈਡੀਕਲ ਟੀਮਾਂ ਵੱਲੋਂ ਲੋਕਾਂ ਦੇ ਘਰਾਂ ਦੇ ਨੇੜੇ ਸਿਹਤ ਸਹੂਲਤਾਂ, ਦਵਾਈਆਂ ਤੇ ਬਿਮਾਰੀਆਂ ਤੋਂ ਬਚਾਅ ਲਈ ਜਾਣਕਾਰੀ ਉਪਲੱਬਧ ਕਰਵਾਈ ਜਾ ਰਹੀ ਹੈ ਤਾਂ ਜੋ ਕਿਸੇ ਤਰ੍ਹਾਂ ਦੀ ਬਿਮਾਰੀ ਦਾ ਫੈਲਾਅ ਨਾ ਹੋਵੇ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸਲੱਮ ਏਰੀਏ ਨੂੰ ਪਹਿਲ ਦੇ ਆਧਾਰ 'ਤੇ ਟਾਰਗੈਟ ਕੀਤਾ ਜਾ ਰਿਹਾ ਜਿਸ ਤਹਿਤ ਬ੍ਰਾਹਮਣ ਮਾਜਰਾ, ਬਾੜਾ, ਮਦਰਾਸੀ ਕਲੋਨੀ, ਜੀ.ਟੀ. ਰੋਡ, ਮੰਡੀ ਗੋਬਿੰਦਗੜ੍ਹ, ਅੰਬੇਮਾਜਰਾ ਆਦਿ ਥਾਵਾਂ 'ਤੇ ਜ਼ਿਆਦਾ ਕੈਂਪ ਲਗਾਏ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਐਪੀਡਮੋਲੋਜਿਸਟ ਡਾ. ਗੁਰਪ੍ਰੀਤ ਕੌਰ, ਜ਼ਿਲ੍ਹਾ ਮਾਸ ਮੀਡੀਆ ਅਫਸਰ ਬਲਜਿੰਦਰ ਸਿੰਘ, ਜਸਵਿੰਦਰ ਕੌਰ, ਮੈਡੀਕਲ ਅਫਸਰ ਡਾ. ਸਤਵੀਰ ਸਿੰਘ, ਸਟਾਫ ਨਰਸ ਜਸਪਾਲ ਕੌਰ, ਬੀ.ਈ.ਈ. ਮਹਾਵੀਰ ਸਿੰਘ ਤੇ ਹੋਰ ਹਾਜ਼ਰ ਸਨ।

## ਪ੍ਰੋ. ਸ਼ੈਲੇਂਦਰ ਜੈਨ ਦੇ ਸਨਮਾਨ 'ਚ ਵਿਦਾਇਗੀ ਸਮਾਰੋਹ



**ਲੌਂਗੋਵਾਲ, (ਪ੍ਰਦੀਪ ਸਿੰਘ ਸੱਪਲ / ਕੁਲਦੀਪ ਅੱਤਰੀ)**- ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀ. ਐਂਡ ਟੈਕਨਾਲੋਜੀ (ਡੀਮਡ ਯੂਨੀਵਰਸਿਟੀ ਟੂ ਬੀ) ਵਿਖੇ 2017 ਤੋਂ ਡਾਇਰੈਕਟਰ ਵਜੋਂ ਸੇਵਾਵਾਂ ਨਿਭਾ ਰਹੇ ਪ੍ਰੋ. ਸ਼ੈਲੇਂਦਰ ਜੈਨ ਦੇ ਸਨਮਾਨ ਵਿੱਚ ਸਲਾਈਟ ਦੇ ਅਧਿਆਪਨ ਕਰਮਚਾਰੀਆਂ, ਸਲਾਈਟ ਇੰਪਲਾਈਜ਼ ਵੈਲਫੇਅਰ ਐਸੋ. ਅਤੇ ਸਲਾਈਟ ਇੰਪਲਾਈਜ਼ ਐਸੋ. ਵੱਲੋਂ ਸਾਂਝੇ ਤੌਰ 'ਤੇ ਵਿਦਾਇਗੀ ਸਮਾਰੋਹ ਸਥਾਨਕ ਮੁੱਖ ਆਡੀਟੋਰੀਅਮ ਵਿਖੇ ਕਰਵਾਇਆ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਜੇ. ਐਸ. ਢਿੱਲੋਂ, ਡਾ. ਪੀ.ਐਸ. ਪਨੇਸਰ, ਡਾ. ਰਾਜੇਸ਼ ਕੁਮਾਰ, ਡਾ. ਅਮਰਜੀਤ ਸਿੰਘ ਧਾਲੀਵਾਲ, ਰਜਿਸਟਰਾਰ ਮੋਹਨ ਅਰੋੜਾ, ਡਾ. ਅਜਾਤ ਸ਼ਤਰੂ ਅਰੋੜਾ ਅਤੇ ਜੁਝਾਰ ਲੌਂਗੋਵਾਲ ਨੇ ਪ੍ਰੋ. ਜੈਨ ਨੂੰ ਇੱਕ ਇਮਾਨਦਾਰ, ਸਿਰੜੀ, ਸਖਤ ਮਿਹਨਤੀ, ਸਮਾਜ ਸੇਵਕ, ਆਲਾ ਦਰਜੇ ਦਾ ਅਧਿਆਪਕ ਅਤੇ ਜਮਹੂਰੀ ਪ੍ਰਸ਼ਾਸ਼ਕ ਕਰਾਰ ਦਿੱਤਾ। ਪ੍ਰੋ. ਸ਼ੈਲੇਂਦਰ ਜੈਨ ਨੇ ਕਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਜਿੱਥੇ ਸੰਸਥਾ ਦੀ ਤਰੱਕੀ ਲਈ ਸਭ ਨੂੰ ਸਖਤ ਮਿਹਨਤ ਕਰਦੇ ਰਹਿਣ ਦਾ ਸੱਦਾ ਦਿੱਤਾ ਉਥੇ ਹੀ ਬੇਹੱਦ ਭਾਵੁਕ ਰੌਅ ਵਿੱਚ ਸੰਸਥਾ ਵਿੱਚ ਬਿਤਾਏ ਪਲਾਂ ਨੂੰ ਯਾਦ ਕੀਤਾ। ਇਸ ਮੌਕੇ ਲੋਕ ਸੰਪਰਕ ਅਧਿਕਾਰੀ ਡਾ. ਅਜੈਪਾਲ ਸਿੰਘ, ਸੀ.ਐਸ. ਰਿਆੜ, ਡਾ. ਇੰਦਰਾਜ ਸਿੰਘ, ਡਾ. ਦਮਨਪ੍ਰੀਤ ਸਿੰਘ, ਡਾ. ਪੀ. ਕੁਮਾਰ, ਡਾ. ਆਰ.ਕੇ. ਯਾਦਵ, ਵਿਜੇ ਪਰਾਸ਼ਰ, ਅਵਤਾਰ ਸਿੰਘ, ਪ੍ਰਵੀਨ ਕੁਮਾਰ, ਸੁਖਦੀਪ ਕੌਰ, ਤਾਰ ਸਿੰਘ, ਜਗਦੀਸ਼ ਚੰਦ ਅਤੇ ਮੋਹਨ ਲਾਲ ਹਾਜ਼ਰ ਸਨ।

# ਸਰਕਾਰੀ ਸਕੂਲ ਉਭਾਵਾਲ 'ਚ ਤਰਕਸ਼ੀਲ ਸੱਭਿਆਚਾਰਕ ਸਮਾਗਮ



**ਸੰਗਰੂਰ (ਪ੍ਰਵੀਨ ਸਿੰਘ)**-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਹੈ। ਇਸ ਲਈ ਤਰਕਸ਼ੀਲ ਕਾਰਕੁਨ ਸਕੂਲਾਂ , ਕਾਲਜਾਂ, ਜਨਤਕ ਸਥਾਨਾਂ, ਵਿੱਦਿਅਕ ਤੇ ਸਿਹਤ ਅਦਾਰਿਆਂ ਵਿੱਚ ਜਾ ਕੇ ਵੱਖ ਵੱਖ ਢੰਗਾਂ ਨਾਲ ਯਤਨ ਜੁਟਾ ਰਹੇ ਹਨ ਤਾਂ ਜੋ ਦੇਸ਼ ਦਾ ਭਵਿੱਖ ਬੱਚੇ ਤੇ ਨੌਜਵਾਨ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਤੇ ਰੂੜੀਵਾਦੀ ਵਿਚਾਰਾਂ ਦੇ ਹਨੇਰੇ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੇ ਚਾਨਣ ਵਿੱਚ ਆ ਸਕਣ। ਇਹ ਚਾਨਣ ਸਰੀਰਕ, ਮਾਨਸਿਕ ਤੇ ਆਰਥਕ ਲੁੱਟ ਤੋਂ ਬਚਣ ਤੇ ਆਪਣੀ ਸ਼ਖਸੀਅਤ ਨਿਖਾਰਨ ਦਾ ਰਾਹ ਦਰਸਾਊ ਹੈ। ਅੱਜ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਨੇ ਮਾਸਟਰ ਪਰਮਵੇਦ, ਸੁਰਿੰਦਰ ਪਾਲ, ਸੀਤਾ ਰਾਮ ਤੇ ਵਨੀਤਾ ਰਾਣੀ ਅਧਾਰਤ ਤਰਕਸ਼ੀਲ ਟੀਮ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਭਾਵਾਲ ਵਿਖੇ ਤਰਕਸ਼ੀਲ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ ਤੇ ਸੀਤਾ ਰਾਮ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਤੇ ਰੂੜੀਵਾਦੀ ਵਿਚਾਰਾਂ ਦੀ ਦਲਦਲ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿਚ ਆਉਣ ਦਾ ਭਾਵਪੂਰਤ ਸੁਨੇਹਾ ਦਿੱਤਾ। ਉਨ੍ਹਾਂ ਚੇਤਨਾ ਪ੍ਰੀਖਿਆ ਸੰਬੰਧੀ ਦੱਸਿਆ ਕਿ ਇਹ ਪ੍ਰੀਖਿਆ ਸੰਸਾਰ ਪ੍ਰਸਿੱਧ ਵਿਗਿਆਨੀ ਚਾਰਲਸ ਡਾਰਵਿਨ ਦੇ ਜੀਵ ਵਿਕਾਸ ਸਿਧਾਂਤ ਨੂੰ ਸਮਰਪਤ ਹੈ। ਇਸ ਦਾ ਉਦੇਸ਼ ਵਿਦਿਆਰਥੀਆਂ ਅੰਦਰ ਵਿਗਿਆਨਕ ਸੋਚ ਦਾ ਸੰਚਾਰ ਕਰਨਾ ਹੈ। ਉਨ੍ਹਾਂ ਅਧਿਆਪਕਾਂ ਨੂੰ ਵੱਧ ਤੋਂ ਵਿਦਿਆਰਥੀਆਂ ਦੀ ਸ਼ਮੂਲੀਅਤ ਕਰਵਾਉਣ ਦੀ ਅਪੀਲ ਕਰਦਿਆਂ ਜਾਣਕਾਰੀ ਦਿੱਤੀ ਕਿ ਇਕਾਈ ਵਿਦਿਆਰਥੀਆਂ ਦੀਆਂ ਸੂਚੀਆਂ ਸਿਰਫ 25 ਜੁਲਾਈ ਤੱਕ ਹੀ ਪ੍ਰਾਪਤ ਕਰੇਗੀ । ਇਸ ਮੌਕੇ ਤਰਕਸ਼ੀਲਾਂ ਵੱਲੋਂ ਵਿਦਿਆਰਥੀਆਂ ਨੂੰ ਵਿਗਿਆਨਕ ਵਿਚਾਰਾਂ ਵਾਲਾ ਸਾਹਿਤ ਵੀ ਵੰਡਿਆ ਗਿਆ।

## ਰਾਈਸ ਮਿੱਲ ਐਸੋਸੀਏਸ਼ਨ ਦੇ ਪ੍ਰਧਾਨ ਵੱਲੋਂ ਜਾਖੜ ਨਾਲ ਮੁਲਾਕਾਤ

### ਸ਼ੈਲਰ ਇੰਡਸਟਰੀ ਨੂੰ ਦਰਪੇਸ਼ ਮੁਸ਼ਕਲਾਂ ਤੋਂ ਕਰਾਇਆ ਜਾਣੂ

**ਮੁਕਤਸਰ (ਸ਼ਮਿੰਦਰਪਾਲ/ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੇ ਸੀਨੀਅਰ ਭਾਜਪਾ ਆਗੂ ਤੇ ਰਾਈਸ ਮਿਲ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਭਾਰਤ ਭੂਸ਼ਣ ਬਿੰਟਾ ਬਾਂਸਲ ਨੇ ਭਾਜਪਾ ਦੇ ਨਵ-ਨਿਯੁਕਤ ਪ੍ਰਧਾਨ ਸੁਨੀਲ ਜਾਖੜ ਨਾਲ ਹੁਸ਼ਿਆਰਪੁਰ ਵਿਖੇ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਉਨ੍ਹਾਂ ਜਿੱਥੇ ਜਾਖੜ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਨਣ 'ਤੇ ਸ਼ੁੱਭ-ਕਾਮਨਾਵਾਂ ਭੇਟ ਕੀਤੀਆਂ, ਉੱਥੇ ਹੀ ਸ਼ੈਲਰ ਇੰਡਸਟਰੀ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ 'ਤੇ ਚਰਚਾ ਕੀਤੀ। ਬਿੰਟਾ ਨੇ ਜਾਖੜ ਨੂੰ ਐੱਫ ਆਰ ਕੇ ਚਾਵਲ ਸਬੰਧੀ ਆ ਰਹੀਆਂ ਮੁਸ਼ਕਲਾਂ ਬਾਰੇ ਜਾਣੂੰ ਕਰਾਉਂਦਿਆਂ ਕੇਂਦਰੀ ਖਾਦ ਮੰਤਰੀ ਪੀਯੂਸ਼ ਗੋਇਲ ਤੋਂ ਸਮਾਂ ਲੈ ਕੇ ਦੇਣ ਦੀ ਗੱਲ ਕਹੀ, ਜਿਸ 'ਤੇ ਜਾਖੜ ਨੇ ਵਿਸ਼ਵਾਸ ਦੁਆਇਆ ਕਿ ਛੇਤੀ ਹੀ ਉਹ ਕੇਂਦਰੀ ਮੰਤਰੀ ਤੋਂ ਮੀਟਿੰਗ ਲਈ ਸਮਾਂ ਲੈ ਕੇ ਦੇਣਗੇ ਤੇ ਉਨ੍ਹਾਂ ਦੀ ਅਗਵਾਈ 'ਚ ਪੰਜਾਬ ਦੀ ਸ਼ੈਲਰ ਇੰਡਸਟਰੀ ਦੀਆਂ ਮੰਗਾਂ ਤੇ ਮਸਲਿਆਂ ਸਬੰਧੀ ਕੇਂਦਰੀ ਮੰਤਰੀ ਨਾਲ ਗੱਲ ਕੀਤੀ ਜਾਵੇਗੀ।

ਇਸ ਮੌਕੇ ਹਿਮਾਚਲ ਇੰਚਾਰਜ ਅਵਿਨਾਸ਼ ਰਾਏ ਖੰਨਾ, ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਹਰੀਓਮ ਜਗਰਾਓਂ, ਰਣਜੀਤ ਸਿੰਘ ਫਿਰੋਜ਼ਪੁਰ, ਬਾਲਕ੍ਰਿਸ਼ਨ ਬਾਲੀ ਬਾਘਾ ਪੁਰਾਣਾ, ਇੰਦਰਜੀਤ ਜੌਲੀ ਨਿਹਾਲ ਸਿੰਘ ਵਾਲਾ, ਅਨਿਲ ਬਾਂਸਲ, ਸੁਭਾਸ਼ ਗਰਗ ਟੋਨੀ ਆਦਿ ਮੌਜੂਦ ਸਨ।

# ਨੌਜਵਾਨ ਭਾਰਤ ਸਭਾ ਸ਼ਹੀਦ ਸੁਖਦੇਵ ਦੇ ਘਰ ਲੁਧਿਆਣੇ ਤੱਕ ਕਰੇਗੀ ਮੋਟਰਸਾਈਕਲ ਮਾਰਚ



**ਮੋਗਾ (ਅਮਰਜੀਤ ਬੱਬਰੀ)**-ਪਿੰਡ ਡਾਲਾ ਵਿਖੇ ਨੌਜਵਾਨ ਭਾਰਤ ਸਭਾ ਵੱਲੋਂ 31 ਜੁਲਾਈ ਨੂੰ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਰੁਲ ਰਹੀਆਂ ਸ਼ਹੀਦਾਂ ਦੀਆਂ ਵਿਰਾਸਤੀ ਇਮਾਰਤਾਂ ਨੂੰ ਬਚਾਉਣ ਲਈ ਸ਼ਹੀਦ ਸੁਖਦੇਵ ਦੇ ਘਰ ਲੁਧਿਆਣੇ ਤੱਕ ਮੋਟਰਸਾਈਕਲ ਮਾਰਚ ਕਰਨ ਸੰਬੰਧੀ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਨੌਜਵਾਨ ਭਾਰਤ ਸਭਾ ਦੇ ਸੂਬਾ ਮੀਤ ਪਰਧਾਨ ਕਰਮਜੀਤ ਮਾਣੂੰਕੇ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦਾ ਤੂੜੀ ਬਾਜ਼ਾਰ ਫਿਰੋਜ਼ਪੁਰ ਸਥਿਤ ਇਤਿਹਾਸਕ ਗੁਪਤ ਟਿਕਾਣਾ ਹੈ। ਇਸ ਟਿਕਾਣੇ ਨੂੰ ਡਾਕਟਰ ਗਯਾ ਪ੍ਰਸਾਦ ਨੇ ਕਿਰਾਏ ਉੱਤੇ ਲੈ ਕੇ ਦਵਾਖਾਨਾ ਖੋਲ੍ਹਿਆ ਸੀ। ਉਹ ਦਿਨ ਸਮੇਂ ਸਰਕਾਰ ਨੂੰ ਚਕਮਾ ਦੇਣ ਲਈ ਡਾਕਟਰੀ ਕਰਦੇ ਸਨ। ਦਰਅਸਲ ਉਹ ਇਹ ਟਿਕਾਣਾ ਅੰਗਰੇਜ਼ ਹਕੂਮਤ ਖਿਲਾਫ ਗਤੀਵਿਧੀਆਂ ਲਈ ਵਰਤਦੇ ਸਨ। ਸਭ ਤੇ ਅਹਿਮ ਗੱਲ ਕਿ ਭਗਤ ਸਿੰਘ ਨੇ ਸਾਂਡਰਸ ਨੂੰ ਮਾਰਨ ਲਈ ਪਿਸਤੌਲ ਚਲਾਉਣੀ ਵੀ ਇਸ ਟਿਕਾਣੇ ਉੱਤੇ ਹੀ ਸਿੱਖੀ ਸੀ ਅਤੇ ਰੂਪੋਸ਼ ਹੋਣ ਲਈ ਕੇਸ ਵੀ ਇੱਥੇ ਹੀ ਕਟਵਾਏ ਸਨ। ਉਨ੍ਹਾਂ ਕਿਹਾ ਕਿ ਇਸ ਟਿਕਾਣੇ ਦੇ ਖੋਜੀ ਰਾਕੇਸ਼ ਕੁਮਾਰ ਨੇ ਸਬੂਤਾਂ ਸਮੇਤ ਲਿਖਤਾਂ ਜਾਰੀ ਕੀਤੀਆਂ ਹਨ। ਇਸ ਲਈ ਉਨ੍ਹਾਂ ਕਿਹਾ ਨੌਜਵਾਨ ਭਾਰਤ ਸਭਾ ਮੰਗ ਕਰਦੀ ਹੈ ਕਿ ਇਸ ਯਾਦਗਾਰ ਨੂੰ ਲਾਇਬਰੇਰੀ 'ਚ ਵਿਕਸਤ ਕੀਤਾ ਜਾਵੇ।

ਜ਼ਿਲ੍ਹਾ ਆਗੂ ਸਤਨਾਮ ਡਾਲਾ, ਰਾਜੂ ਡਾਲਾ ਨੇ ਕਿਹਾ ਕਿ ਚਿੱਟੇ ਦੇ ਜ਼ਿੰਮੇਵਾਰ ਪੁਲਸ-ਸਿਆਸੀ ਨਸ਼ਾ ਸਮੱਗਲਰ ਗੱਠਜੋੜ ਦੇ ਖਿਲਾਫ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਮੋਗੇ ਤੋਂ 31 ਜੁਲਾਈ ਨੂੰ ਸ਼ਹੀਦ ਸੁਖਦੇਵ ਦੇ ਘਰ ਲੁਧਿਆਣੇ ਵੱਲ ਸੈਂਕੜੇ ਮੋਟਰਸਾਈਕਲਾਂ ਦਾ ਮਾਰਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਸਾਮਰਾਜੀ, ਖਪਤਵਾਦੀ ਸੱਭਿਆਚਾਰ ਦੀ ਥਾਂ ਸ਼ਾਨਾਮੱਤੀ ਇਨਕਲਾਬੀ ਵਿਰਾਸਤ ਨਾਲ ਜੋੜਨ ਲਈ ਪਿੰਡਾਂ ਵਿੱਚ ਮੀਟਿੰਗਾਂ, ਨੁੱਕੜ ਨਾਟਕ, ਰੈਲੀਆਂ ਕੀਤੀਆਂ ਜਾਣਗੀਆਂ, ਇਨਕਲਾਬੀ ਸਾਹਿਤ ਦੇ ਪਰਚਾਰ ਲਈ ਲਾਇਬਰੇਰੀਆਂ ਦੀ ਮੰਗ ਕੀਤੀ। ਇਸ ਮੌਕ ਜਿਲ੍ਹਾ ਆਗੂ ਸਤਨਾਮ ਸਿੰਘ, ਰਾਜੂ ਡਾਲਾ, ਹਰਵਿੰਦਰ ਸਿੰਘ ਹਿੰਦੋ ਹਾਜ਼ਰ ਸਨ।

CMYK

21-July-PAGE-11-Majha-23.qxd 7/20/2023 10:36 PM Page 1



# ਰਾਵੀ ਦਰਿਆ ਦੇ ਪਾਣੀ ਤੋਂ ਕੋਰੀਡੋਰ ਨੂੰ ਕੋਈ ਖ਼ਤਰਾ ਨਹੀਂ : ਡਿਪਟੀ ਕਮਿਸ਼ਨਰ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਡੇਰਾ ਬਾਬਾ ਨਾਨਕ ਕਰਤਾਰਪੁਰ ਸਾਹਿਬ ਕੋਰੀਡੋਰ ਨੇੜੇ ਬਣੇ ਦਰਸ਼ਨ ਸਥੱਲ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਰਾਵੀ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਦੇ ਬਾਵਜੂਦ ਡੇਰਾ ਬਾਬਾ ਨਾਨਕ ਸਥਿਤ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਨੂੰ ਕੋਈ ਖਤਰਾ ਨਹੀਂ ਅਤੇ ਉਹ ਪੂਰੀ ਤਰਾਂ ਸੁਰੱਖਿਅਤ ਹੈ। ਉਨ੍ਹਾ ਕਿਹਾ ਕਿ ਬੇਸ਼ੱਕ ਅੱਜ ਸਵੇਰੇ ਕੋਰੀਡੋਰ ਦੇ ਨਜ਼ਦੀਕ ਧੁੱਸੀ ਬੰਨ੍ਹ ਕੋਲ ਪਾਕਿਸਤਾਨ ਦੇ ਪਾਸੇ ਤੋਂ ਰਾਵੀ ਦਰਿਆ ਦਾ ਕੁਝ ਪਾਣੀ ਆਇਆ ਹੈ ਪਰ ਇਹ ਪਾਣੀ ਧੁੱਸੀ ਬੰਨ੍ਹ ਤੋਂ ਪਾਰ ਪਾਕਿਸਤਾਨ ਵਾਲੇ ਪਾਸੇ ਦਰਸ਼ਨ ਸਥੱਲ ਦੇ ਨਜ਼ਦੀਕ ਹੈ। ਉਨ੍ਹਾ ਕਿਹਾ ਕਿ ਇਸ ਪਾਣੀ ਦਾ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ, ਧੁੱਸੀ ਬੰਨ੍ਹ ਅਤੇ ਦਰਸ਼ਨ ਸਥੱਲ ਨੂੰ ਕੋਈ ਖ਼ਤਰਾ ਨਹੀਂ। ਉਨ੍ਹਾ ਕਿਹਾ ਕਿ



ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਮੌਕੇ 'ਤੇ ਮੌਜੂਦ ਹਨ ਅਤੇ ਸਥਿਤੀ ਉੱਪਰ ਨੇੜੇ ਤੋਂ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਇਹ ਪਾਣੀ ਪਾਕਿਸਤਾਨ ਵਾਲੇ ਪਾਸੋਂ ਤੋਂ ਕਿਵੇਂ ਆਇਆ ਇਸ ਸੰਬਧੀ ਵੀ ਜਾਣਕਾਰੀ ਹਾਸਲ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੇ ਲੋਕਾਂ ਨੂੰ ਸਪੱਸ਼ਟ ਕੀਤਾ ਹੈ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਪੰਜਾਬ ਦੇ ਲੋਕਾਂ ਨਾਲ ਚਟਾਨ ਵਾਂਗ ਖੜ੍ਹੀ ਹੈ, ਕਿਸੇ ਨੂੰ ਵੀ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ, ਜਿੱਥੇ ਵੀ ਕਿਤੇ ਪੰਜਾਬ ਵਿੱਚ ਹੜ੍ਹ ਦਾ ਪਾਣੀ ਆਇਆ ਹੈ, ਉਨ੍ਹਾਂ ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਪੰਜਾਬ ਸਰਕਾਰ ਕਰੇਗੀ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਰਾਵੀ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਅੱਜ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਨੂੰ ਜਾਣ ਵਾਲੀ ਸੰਗਤ ਨੂੰ ਉਨ੍ਹਾਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਤਿੰਨ ਦਿਨਾਂ ਤੱਕ ਰੋਕ ਦਿੱਤਾ ਗਿਆ ਹੈ ਤੇ ਅੱਜ 25 ਦੇ ਕਰੀਬ ਦਰਸ਼ਨ ਕਰਨ ਆਏ ਸ਼ਰਧਾਲੂਆਂ ਨੂੰ ਕੋਰੀਡੋਰ ਨੇੜੇ ਬਣੇ ਬ੍ਰਿਜ ਉੱਪਰ ਖੜ੍ਹੇ ਹੋ ਕੇ ਦੂਰਬੀਨ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਵਾ ਦਿੱਤੇ ਗਏ ਹਨ। ਉਨ੍ਹਾ ਕਿਹਾ ਕਿ ਪਾਕਿਸਤਾਨ ਵਿੱਚ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਰਾਵੀ ਦਰਿਆ ਤੋਂ ਪਾਰ ਹੈ ਅਤੇ ਇਸ ਸਮੇਂ ਦਰਿਆ ਰਾਵੀ ਵਿੱਚ ਪਾਣੀ ਦਾ ਪੱਧਰ ਵਧਿਆ ਹੋਇਆ ਹੈ। ਉਨ੍ਹਾ ਕਿਹਾ ਕਿ ਸਰਕਾਰੀ ਪੱਧਰ 'ਤੇ ਪਾਕਿਸਤਾਨੀ ਅਥਾਰਟੀ ਕੋਲੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਅਤੇ ਰਸਤੇ ਵਿੱਚ ਰਾਵੀ ਦੇ ਪਾਣੀ ਦੀ ਰਿਪੋਰਟ ਲਈ ਜਾ ਰਹੀ ਹੈ ਅਤੇ ਰਾਵੀ ਦਰਿਆ ਦੇ ਪਾਣੀ ਦਾ ਪੱਧਰ ਹੇਠਾਂ ਆਉਣ 'ਤੇ ਯਾਤਰਾ ਮੁੜ ਸ਼ੁਰੂ ਕਰ ਦਿੱਤੀ ਜਾਵੇਗੀ। ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਕਿਸੇ ਨੂੰ ਵੀ ਕੋਈ ਘਬਰਾਉਣ ਦੀ ਲੋੜ ਨਹੀਂ, ਸਥਿਤੀ ਪੂਰੀ ਤਰਾਂ ਕਾਬੂ ਹੇਠ ਹੈ। ਉਨ੍ਹਾ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਦਰਿਆ ਰਾਵੀ ਦੇ ਨਜ਼ਦੀਕ ਨਾ ਜਾਣ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਰੀ ਕੀਤੀਆਂ ਜਾਂਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ। ਇਸ ਮੌਕੇ ਸਥਾਨਕ ਲੋਕਾਂ ਵੱਲੋਂ ਪ੍ਰਸ਼ਾਸਨ ਦਾ ਸਾਥ ਦਿੰਦੇ ਹੋਏ ਕੋਰੀਡੋਰ ਅੰਦਰ ਧੁੱਸੀ ਬੰਨ੍ਹ 'ਤੇ ਮਿੱਟੀ ਪਾਉਣ ਦੀ ਸੇਵਾ ਕੀਤੀ ਗਈ। ਇਸ ਮੌਕੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਮੈਨੇਜਰ ਬਲਜੀਤ ਸਿੰਘ ਵੱਲੋਂ ਆਪਣੇ ਸੇਵਾਦਾਰਾਂ ਤੇ ਕਾਰ ਸੇਵਾ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦੇ ਸੇਵਾਦਾਰਾਂ ਵੱਲੋਂ ਮਿੱਟੀ ਪਾਉਣ ਵਾਲੇ ਸੇਵਾਦਾਰਾਂ ਲਈ ਲੰਗਰ ਦੇ ਪ੍ਰਬੰਧ ਕੀਤੇ ਗਏ। ਇਸ ਮੌਕੇ ਮੈਡਮ ਅਸ਼ਵਨੀ ਗੋਟਿਆਲ ਐਸ ਐਸ ਪੀ ਬਟਾਲਾ, ਅਸ਼ਵਨੀ ਅਰੋੜਾ ਐਸ ਡੀ ਐਮ ਡੇਰਾ ਬਾਬਾ ਨਾਨਕ, ਬਾਬਾ ਸੁਖਦੀਪ ਸਿੰਘ ਬੇਦੀ, ਐਕਸੀਅਨ ਦਿੱਲਪ੍ਰੀਤ ਸਿੰਘ, ਕਿਸਾਨ ਆਗੂ ਕੰਵਲਜੀਤ ਸਿੰਘ ਖੁਸ਼ਹਾਲਪੁਰ, ਕਾਨੂੰਗੋ ਪਸ਼ੋਤਮ ਲਾਲ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਪ੍ਰਸ਼ਾਸਨਿਕ ਅਧਿਕਾਰੀ ਹਾਜ਼ਰ ਸਨ।

## ਮੋਟਰਸਾਈਕਲ ਸਵਾਰਾਂ ਦੀ ਆਪਸੀ ਟੱਕਰ 'ਚ ਤਿੰਨ ਜ਼ਖ਼ਮੀ, ਇੱਕ ਦੀ ਮੌਤ

**ਫਤਹਿਗੜ੍ਹ ਚੂੜੀਆਂ (ਜਸਦੇਵ ਮਾਨ)**-ਇੱਥੇ ਬਟਾਲਾ ਰੋਡ ਵਿਖੇ ਬੁੱਧਵਾਰ ਰਾਤ ਨੂੰ ਕਰੀਬ 10:15 ਵਜੇ ਮੋਟਰਸਾਈਕਲ ਸਵਾਰ ਨੌਜਵਾਨਾਂ ਦੀ ਆਪਸੀ ਟੱਕਰ 'ਚ ਤਿੰਨ ਨੌਜਵਾਨਾਂ ਦੇ ਜ਼ਖ਼ਮੀ ਅਤੇ ਇੱਕ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਚਾਰ ਨੌਜਵਾਨ ਇਕੋ ਮੋਟਰਸਾਈਕਲ 'ਤੇ ਸਵਾਰ ਹੋ ਕੇ ਬਟਾਲਾ ਸਾਈਡ ਨੂੰ ਜਾ ਰਹੇ ਸੀ। ਜਦੋਂ ਉਹ ਦਾਣਾ ਮੰਡੀ ਨਜ਼ਦੀਕ ਪੁੱਜੇ ਤਾਂ ਬਟਾਲਾ ਸਾਈਡ ਤੋਂ ਗਲਤ ਦਿਸ਼ਾ 'ਚ ਆ ਰਹੇ ਇੱਕ ਮੋਟਰਸਾਈਕਲ ਜਿਸ 'ਤੇ ਦੋ ਨੌਜਵਾਨ ਸਵਾਰ ਸਨ, ਨਾਲ ਉਨ੍ਹਾਂ ਦੀ ਟੱਕਰ ਹੋ ਗਈ, ਜਿਸ ਕਾਰਨ ਤਿੰਨ ਵਿਅਕਤੀ ਨਿੱਕੂ ਪੁੱਤਰ ਮਹਿੰਦਰਪਾਲ, ਵਿਸ਼ਾਲ ਪੁੱਤਰ ਸੁੱਚਾ ਅਤੇ ਅੰਸ਼ੂ ਪੁੱਤਰ ਪਵਨ ਕੁਮਾਰ ਵਾਸੀਅਨ ਵਾਰਡ ਨੰਬਰ 10 ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ, ਜਦਕਿ ਸਾਜਨ ਸ਼ਰਮਾ ਪੁੱਤਰ ਪ੍ਰਦੀਪ ਸ਼ਰਮਾ ਵਾਸੀ ਵਾਰਡ ਨੰਬਰ 10 ਦੀ ਮੌਕੇ 'ਤੇ ਮੌਤ ਹੋ ਗਈ। ਸੂਚਨਾ ਮਿਲਦਿਆਂ ਹੀ ਉਕਤ ਨੌਜਵਾਨਾਂ ਨੂੰ ਸਰਕਾਰੀ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਵੱਲੋਂ ਜ਼ਖ਼ਮੀ ਵਿਅਕਤੀਆਂ ਨੂੰ ਮੁਢਲੀ ਸਹਾਇਤਾ ਦਿੱਤੀ ਗਈ ਅਤੇ ਮ੍ਰਿਤਕ ਸਾਜਨ ਨੂੰ ਬਟਾਲਾ ਵਿਖੇ ਥਾਣਾ ਫ਼ਤਹਿਗੜ੍ਹ ਚੂੜੀਆਂ ਦੇ ਪੁਲਸ ਕਰਮਚਾਰੀਆਂ ਦੀ ਮੌਜੂਦਗੀ ਵਿਚ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ। ਸੜਕ ਹਾਦਸੇ ਵਿਚ ਮ੍ਰਿਤਕ ਅਤੇ ਜ਼ਖ਼ਮੀ ਨੌਜਵਾਨਾਂ ਦੀ ਉਮਰ 18 ਸਾਲ ਤੋਂ ਘੱਟ ਦੱਸੀ ਜਾ ਰਹੀ ਹੈ ਅਤੇ ਪੁਲਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ।



## ਸਹੂਰ ਕਲਾਂ ਤੇ ਦੋਸਤਪੁਰ ਨੇੜੇ ਧੁੱਸੀ ਬੰਨ੍ਹ 'ਚ 20-20 ਫੁੱਟ ਚੌੜੇ 3 ਪਾੜ

**ਕਲਾਨੌਰ, (ਮਨਦੀਪ ਕੁਮਾਰ)**-

ਜਮਹੂਰੀ ਕਿਸਾਨ ਸਭਾ ਦੇ ਵਫਦ ਨੇ ਧੁੱਸੀ ਬੰਨ੍ਹ ਦਾ ਪਿੰਡ ਰੋਸੇ ਤੋਂ ਲੈ ਕੇ ਬਾਊਪੁਰ ਆਦੀਆਂ ਤੱਕ ਦੌਰਾ ਕੀਤਾ। ਦੌਰੇ ਦੌਰਾਨ ਬਹੁਤ ਹੀ ਹੈਰਾਨੀਜਨਕ ਤੱਥ ਸਾਹਮਣੇ ਆਏ। ਪਿੰਡ ਸਹੂਰ ਕਲਾਂ ਅਤੇ ਦੋਸਤਪੁਰ ਲਾਗੇ ਧੁੱਸੀ ਬੰਨ੍ਹ ਵਿੱਚ 20-20 ਫੁੱਟ ਚੌੜੇ 3 ਪਾੜ ਦਿਖਾਈ ਦਿੱਤੇ। ਪਿੰਡ ਵਾਸੀਆਂ ਨੇ ਦੱਸਿਆ ਕਿ ਇਹ ਪਾੜ ਸਰਕਾਰ ਨੇ ਖੁਦ ਜੇ ਸੀ ਬੀ ਲਾ ਕੇ ਪਾਏ ਹਨ। ਇੱਕ ਪਾਸੇ ਡਿਪਟੀ ਕਮਿਸ਼ਨਰ ਆਪਣੇ ਬਿਆਨ ਰਾਹੀਂ ਲੋਕਾਂ ਨੂੰ ਭਰੋਸਾ ਦੇ ਰਹੇ ਹਨ ਕਿ ਹੜ੍ਹਾਂ ਨੂੰ ਰੋਕਣ ਲਈ ਧੁੱਸੀ ਬੰਨ੍ਹ ਤੇ ਹੋਰ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਪਰ ਇਹ ਹੈਰਾਨੀ ਦੀ ਗੱਲ ਹੈ ਅਜੇ ਤਾਂ ਪਾਣੀ ਧੁੱਸੀ ਬੰਨ੍ਹ ਨਾਲ ਲੱਗਾ ਹੀ ਨਹੀਂ, ਜੇ ਇਹ ਪਾਣੀ ਬੰਨ੍ਹ ਨਾਲ ਲੱਗ ਜਾਂਦਾ ਤਾਂ ਇਨ੍ਹਾਂ ਰਾਹੀਂ ਲੱਖਾਂ ਏਕੜ ਜ਼ਮੀਨ ਅਤੇ ਭਾਰੀ ਜਾਨੀ ਨੁਕਸਾਨ ਹੋ ਸਕਦਾ ਸੀ। ਵਫਦ ਨੇ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਇਨ੍ਹਾਂ ਪਾੜਾਂ ਨੂੰ ਤੁਰੰਤ ਪੂਰਿਆ ਜਾਵੇ ਤਾਂ ਕਿ ਲੱਖਾਂ ਏਕੜ ਫਸਲ ਅਤੇ ਲੋਕਾਂ ਦੇ ਜਾਨੀ ਨੁਕਸਾਨ ਨੂੰ ਬਚਾਇਆ ਜਾ ਸਕੇ। ਇਸ ਸੰਬੰਧ 'ਚ ਜਦੋਂ ਐਕਸੀਅਨ ਸਿੰਚਾਈ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾ ਕਿਹਾ ਕਿ ਇਹ ਮੇਰੇ ਨੋਟਿਸ ਵਿੱਚ ਨਹੀਂ, ਤੁਸੀਂ ਇਸ ਦੀਆਂ ਫੋਟੋਆਂ ਮੈਨੂੰ ਭੇਜੋ। ਇਹ ਜਾਣਕਾਰੀ ਦਿੰਦਿਆਂ ਜਮਹੂਰੀ ਕਿਸਾਨ ਸਭਾ ਤੇ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਸਰਕਾਰ ਤੁਰੰਤ ਹਰਕਤ ਵਿੱਚ ਨਾ ਆਈ ਤਾਂ ਸੈਕੜੇ ਲੋਕਾਂ ਨੂੰ ਨਾਲ ਲੈ ਕੇ ਇਹ ਪਾੜ ਪੂਰ ਦਿੱਤੇ ਜਾਣਗੇ। ਨਾਲ ਹੀ ਪ੍ਰਸ਼ਾਸਨ ਦੇ ਫੋਕੇ ਦਾਅਵਿਆਂ ਫੂਕ ਵੀ ਨਿਕਲ ਜਾਵੇਗੀ। ਵਫਦ 'ਚ ਹੋਰਨਾਂ ਤੋਂ ਇਲਾਵਾ ਜਗਜੀਤ ਸਿੰਘ ਗੁਰਾਇਆ, ਬਲਜੀਤ ਸਿੰਘ ਕਲਾਨੌਰ, ਸੂਬਾ ਕਮੇਟੀ ਮੈਂਬਰ ਜਮਹੂਰੀ ਸਭਾ, ਸੁਖਜਿੰਦਰ ਸਿੰਘ ਮੋੜ, ਕਸ਼ਮੀਰ ਸਿੰਘ ਸਰਪੰਚ ਨਾਰਪੁਰ, ਜਸਬੀਰ ਸਿੰਘ ਕਲਾਨੌਰ, ਸਾਬੀ ਸਰਦੂਲ ਸਿੰਘ ਬਰੀਲਾ ਗੁਰਾਇਆ, ਗੁਰਜੀਤ ਸਿੰਘ ਬੁਲਾਰੀਆ ਸ਼ਾਮਲ ਸਨ।



## ਸਰਕਾਰੀ ਸਕੂਲ ਘਰਿਆਲਾ 'ਚ ਯੂ-ਵਿਨ ਪੋਰਟਲ ਬਾਰੇ ਟ੍ਰੇਨਿੰਗ

ਪੱਟੀ, (ਬਲਦੇਵ ਸਿੰਘ ਸੰਧੂ, ਸ਼ਮਸ਼ੇਰ ਸਿੰਘ ਯੋਧਾ)- ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀ ਐਚ ਸੀ ਘਰਿਆਲਾ ਵਿਖੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਵਰਿੰਦਰਪਾਲ ਕੌਰ ਅਤੇ ਡਾ. ਨੀਤੂ ਚੱਢਾ ਸੀਨੀਅਰ ਮੈਡੀਕਲ ਅਫਸਰ ਸੀ ਐਚ ਸੀ ਘਰਿਆਲਾ ਦੀ ਅਗਵਾਈ ਹੇਠ ਉਹਨਾਂ ਦੀ ਟੀਮ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਘਰਿਆਲਾ ਵਿਖੇ ਐਲ ਐਚ ਵੀ, ਏ ਐਨ ਐਮ, ਆਸ਼ਾ ਫੈਸਿਲੀਟੇਟਰ ਟ੍ਰੇਨਿੰਗ ਦੌਰਾਨ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਵਰਿੰਦਰਪਾਲ ਕੌਰ ਅਤੇ ਨੀਤੂ ਚੱਢਾ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਕੋਵਿਡ ਟੀਕਾਕਰਨ ਦੀ ਰਜਿਸਟਰੇਸ਼ਨ ਲਈ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਵੱਲੋਂ ਕੋ-ਵਿਨ ਪੋਰਟਲ ਸ਼ੁਰੂ ਕੀਤਾ ਗਿਆ ਸੀ ਉਸੇ ਹੀ ਤਰ੍ਹਾਂ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਰਜਿਸਟਰੇਸ਼ਨ ਲਈ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਵੱਲੋਂ ਯੂ-ਵਿਨ ਪੋਰਟਲ ਸ਼ੁਰੂ ਕੀਤਾ ਗਿਆ ਹੈ। ਜਿਸ ਵਿਚ ਸਿਹਤ ਵਿਭਾਗ ਦੇ ਮੁਲਾਜ਼ਮਾਂ ਤੋਂ ਇਲਾਵਾ ਇਸ ਪੋਰਟਲ ਰਾਹੀਂ ਯੋਗ ਲਾਭਪਾਤਰੀ ਵੀ ਟੀਕਾਕਰਨ ਲਈ ਰਜਿਸਟਰੇਸ਼ਨ ਖੁਦ ਕਰਕੇ ਟੀਕਾਕਰਨ ਕਰਵਾ ਸਕਦੇ ਹਨ। ਉਹਨਾਂ ਕਿਹਾ ਕਿ ਯੂ-ਵਿਨ ਪੋਰਟਲ ਰਾਹੀਂ ਸਿਹਤ ਵਿਭਾਗ ਦੇ ਮੁਲਾਜ਼ਮਾਂ ਕੋਲ ਆਪਣੇ ਖੇਤਰ ਦੇ ਯੋਗ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਪੂਰਾ ਰਿਕਾਰਡ ਹੋਵੇਗਾ। ਇਸ ਪੋਰਟਲ 'ਤੇ ਸਿਹਤ ਵਿਭਾਗ ਦੇ ਮੁਲਾਜ਼ਮਾਂ ਵੱਲੋਂ ਜਣੇਪਾ ਕੇਸਾਂ ਦੀ ਜਾਣਕਾਰੀ ਵੀ ਪਾਈ ਜਾਵੇਗੀ। ਯੂ-ਵਿਨ ਪੋਰਟਲ ਵਿੱਚ ਯੋਗ ਲਾਭਪਾਤਰੀਆਂ ਦੀ ਸਾਰੀ ਜਾਣਕਾਰੀ ਬਹੁਤ ਹੀ ਸੌਖੇ ਅਤੇ ਸੁਚੱਜੇ ਢੰਗ ਨਾਲ ਰੱਖੀ ਜਾ ਸਕਦੀ ਹੈ ਅਤੇ ਟ੍ਰੇਨਿੰਗ ਦੌਰਾਨ ਸਿਹਤ ਵਿਭਾਗ ਦੇ ਮੁਲਾਜ਼ਮਾਂ ਨੂੰ ਮੌਕੇ 'ਤੇ ਪੋਰਟਲ ਉਪਰ ਆਪਣਾ ਅਕਾਊਂਟ ਬਣਾ ਕੇ ਵੱਖ ਵੱਖ ਵਿਸ਼ੇਸ਼ਤਾਵਾਂ ਬਾਰੇ ਵਿਸਥਾਰ ਨਾਲ ਦੱਸਿਆ ਗਿਆ।



## ਕਿਸਾਨਾਂ ਵੱਲੋਂ ਰੇਲਾਂ 'ਤੇ ਲੱਗੇ ਧਰਨੇ ਲੰਬੇ ਕਰਨ ਦਾ ਐਲਾਨ

**ਗੁਰਦਾਸਪੁਰ, (ਜਨਕ ਮਹਾਜਨ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਸੂਬਾ ਕਮੇਟੀ ਵੱਲੋਂ ਇੱਕ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਸਵਰਨ ਸਿੰਘ ਪੰਧੇਰ ਅਤੇ ਸਵਿੰਦਰ ਸਿੰਘ ਚੁਤਾਲਾ ਨੇ ਕਿਹਾ ਕਿ ਪਿਛਲੇ ਦਿਨੀਂ ਜ਼ਿਲ੍ਹਾ ਗੁਰਦਾਸਪੁਰ ਦੇ ਥਾਣਾ ਸਿਟੀ ਵਿੱਚ ਇੱਕ ਗਰੀਬ ਦਲਿਤ ਲੜਕੀ ਤੇ ਜੱਜ ਦੇ ਘਰੋਂ ਚੋਰੀ ਕੀਤੀ ਦਾ ਇਲਜ਼ਾਮ ਲਾ ਕੇ ਮਰਦਾਨਾ ਪੁਲਸ ਵੱਲੋਂ ਅੰਨ੍ਹਾ ਤਸ਼ੱਦਦ ਕੀਤਾ ਗਿਆ ਅਤੇ ਉਸ ਨੂੰ ਕਰੰਟ ਵੀ ਲਗਾਇਆ ਗਿਆ ਸੀ। ਲੜਕੀ ਦਾ ਮੈਡੀਕਲ ਕਰਾਉਣ 'ਤੇ ਉਸ ਦੇ ਸਰੀਰ 'ਤੇ 13 ਜ਼ਖਮਾਂ ਦੇ ਨਿਸ਼ਾਨ ਆਏ ਹਨ। ਪੀੜਤ ਲੜਕੀ ਨੂੰ ਨਿਆਂ ਦਿਵਾਉਣ ਲਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਜ਼ਿਲ੍ਹਾ ਇਕਾਈ ਗੁਰਦਾਸਪੁਰ ਵੱਲੋਂ 17 ਜਲਾਈ ਨੂੰ ਐਸ. ਐਸ .ਪੀ. ਗੁਰਦਾਸਪੁਰ ਅੱਗੇ ਧਰਨਾ ਵੀ ਮਾਰਿਆ ਗਿਆ ਸੀ। ਜਿਨ੍ਹਾਂ ਨੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਕਿਸਾਨ ਆਗੂਆਂ ਤੋਂ ਇੱਕ ਹਫ਼ਤੇ ਦਾ ਸਮਾਂ ਮੰਗਿਆ ਸੀ। ਕਿਸਾਨ ਆਗੂਆਂ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਕਿਹਾ ਹੈ ਕਿ ਜੇਕਰ ਪੁਲਸ ਦੇ ਉਚ ਅਧਿਕਾਰੀਆਂ ਨੇ ਆਪਣੇ ਮੁਲਾਜ਼ਮਾਂ ਨੂੰ ਬਚਾਉਣ ਦਾ ਯਤਨ ਕੀਤਾ ਤਾਂ 25 ਤਰੀਕ ਨੂੰ ਰੇਲਾਂ 'ਤੇ ਲੱਗਣ ਵਾਲੇ ਧਰਨੇ ਪੰਜਾਬ ਭਰ ਵਿੱਚ ਲੰਬੇ ਵੀ ਕੀਤੇ ਜਾ ਸਕਦੇ ਹਨ।

## ਕੋਈ ਵੀ ਵਿਅਕਤੀ ਇੱਕ ਕਰੋੜ ਰੁਪਏ ਤੱਕ ਦਾ ਫੂਡ ਪ੍ਰੋਸੈਸਿੰਗ ਪ੍ਰੋਜੈਕਟ ਲਗਾ ਸਕਦਾ : ਡਿਪਟੀ ਕਮਿਸ਼ਨਰ

ਬਟਾਲਾ (ਡਾ. ਮਲਵਿੰਦਰ ਸਿੰਘ )- ਭਾਰਤ ਸਰਕਾਰ ਦੇ ਫੂਡ ਪ੍ਰੋਸੈਸਿੰਗ ਉਦਯੋਗ ਵੱਲੋਂ ਰਾਜ ਸਰਕਾਰ ਦੀ ਭਾਈਵਾਲੀ ਨਾਲ ਕੌਮੀ ਪੱਧਰ 'ਤੇ ਪੀ.ਐਮੀ ਫਰਮਲਾਈਜੇਨ ਆਫ ਮਾਈਕਰੋ ਫੂਡ ਪ੍ਰੋਸੈਸਿੰਗ ਇੰਟਰਪ੍ਰਾਈਜ਼ਿਜ਼ ਯੋਜਨਾ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਕੋਈ ਵੀ ਵਿਅਕਤੀ ਆਪਣਾ ਕਾਰੋਬਾਰ ਸ਼ੁਰੂ ਕਰਦੇ ਹੋਏ ਇੱਕ ਕਰੋੜ ਰੁਪਏ ਤੱਕ ਦਾ ਫੂਡ ਪ੍ਰੋਸੈਸਿੰਗ ਪ੍ਰੋਜੈਕਟ ਲਗਾ ਸਕਦਾ ਹੈ। ਇਸ ਯੋਜਨਾ ਬਾਰੇ ਜਾਣਕਾਰੀ ਦਿੰਦੇ ਹੋਏ ਡਾ. ਹਿਮਾਂਸ਼ੂ ਅਗਰਵਾਲ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਕੀਮ ਨੂੰ ਲਾਗੂ ਕਰਨ ਲਈ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਨੂੰ ਸਟੇਟ ਨੋਡਲ ਏਜੰਸੀ ਬਣਾਇਆ ਗਿਆ ਹੈ, ਜਦੋਂ ਕਿ ਜ਼ਿਲ੍ਹਾ ਉਦਯੋਗ ਕੇਂਦਰ ਦੇ ਜਨਰਲ ਮੈਨੇਜਰ ਜ਼ਿਲ੍ਹੇ ਦੇ ਨੋਡਲ ਅਫਸਰ ਹੋਣਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਕੀਮ ਅਧੀਨ ਕੋਈ ਵੀ ਵਿਅਕਤੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦਾ ਹੈ। ਇਸ ਸਕੀਮ ਅਧੀਨ ਇੱਕ ਕਰੋੜ ਰੁਪਏ ਤੱਕ ਦੇ ਫੂਡ ਪ੍ਰੋਸੈਸਿੰਗ ਪ੍ਰੋਜੈਕਟ ਲਗਾਇਆ ਜਾ ਸਕਦਾ ਹੈ, ਜਿਥੇ ਕਿ ਘੱਟੋ ਘੱਟ 10 ਵਿਅਕਤੀ ਕੰਮ ਕਰਦੇ ਹੋਣ। ਇਸ ਵਿੱਚ 35 ਫੀਸਦੀ ਦੀ ਕੈਪੀਟਲ ਸਬਸਿਡੀ ਵੀ ਮਿਲਦੀ ਹੈ ਜੋ ਕਿ ਵੱਧ ਤੋਂ ਵੱਧ 10 ਲੱਖ ਰੁਪਏ ਬਣਦੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਕੀਮ ਦਾ ਲਾਭ ਲੈਣ ਦੇ ਚਾਹਵਾਨ ਬਿਨੈਕਾਰ ਨੂੰ ਪ੍ਰੋਜੈਕਟ ਕੀਮਤ ਦਾ ਘੱਟੋ-ਘੱਟ 10 ਫੀਸਦੀ ਹਿੱਸਾ ਆਪਣੇ ਕੋਲੋਂ ਲਗਾਉਣਾ ਪਵੇਗਾ। ਇਸ ਸਕੀਮ ਤਹਿਤ ਨਵਾਂ ਯੂਨਿਟ ਸਥਾਪਤ ਕਰਨ ਦੇ ਨਾਲ-ਨਾਲ ਪੁਰਾਣੇ ਫੂਡ ਪ੍ਰੋਸੈਸਿੰਗ ਯੂਨਿਟ ਵਿੱਚ ਵਾਧਾ ਵੀ ਕੀਤਾ ਜਾ ਸਕਦਾ ਹੈ। ਉਕਤ ਸਕੀਮ ਅਧੀਨ ਬੈਂਕਾਂ ਤੋਂ ਫਰਮ ਲੋਨ ਲੈਣ ਵਾਲੇ ਯੂਨਿਟ ਹੀ ਸਬਸਿਡੀ ਦਾ ਲਾਭ ਲੈ ਸਕਦੇ ਹਨ। ਉਨ੍ਹਾ ਜ਼ਿਲ੍ਹੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਇਸ ਸਕੀਮ ਦਾ ਲਾਭ ਲੈ ਕੇ ਆਪਣਾ ਕਾਰੋਬਾਰ ਸ਼ੁਰੂ ਕਰਨ ਤਾਂ ਜੋ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਜ਼ਿਲ੍ਹਾ ਉਦਯੋਗ ਕੇਂਦਰ ਦੇ ਜਨਰਲ ਮੈਨੇਜਰ ਸੁਖਪਾਲ ਸਿੰਘ ਨੇ ਦੱਸਿਆ ਕਿ ਇਸ ਯੋਜਨਾ ਅਧੀਨ ਕਰਜ਼ਾ ਲੈਣ ਲਈ ਭਾਰਤ ਸਰਕਾਰ ਦੇ ਫੂਡ ਪ੍ਰੋਸੈਸਿੰਗ ਮੰਤਰਾਲੇ ਦੇ ਪੋਰਟਲ ਉੱਪਰ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ। ਉਨ੍ਹਾ ਦੱਸਿਆ ਕਿ ਸਕੀਮ ਅਧੀਨ ਫਾਰਮ ਭਰਨ ਵਾਸਤੇ ਜ਼ਿਲ੍ਹਾ ਰਿਸੋਰਸ ਪਰਸਨ ਵੀ ਨਿਯੁਕਤ ਕੀਤਾ ਗਏ ਹਨ, ਜਿਨ੍ਹਾਂ ਵਿੱਚ ਪੰਥਦੀਪ ਸਿੰਘ ਛੀਨਾ ਮੋਬਾਈਲ ਨੰਬਰ 98158-21532, ਬਲਜਿੰਦਰ ਸਿੰਘ ਮੋਬਾਈਲ ਨੰਬਰ 98153-05023, ਹਰਮਨ ਸ਼ੇਰ ਸਿੰਘ ਮੋਬਾਈਲ ਨੰਬਰ 99886-04937 ਅਤੇ ਨਵਨੀਤ ਸ਼ਰਮਾ ਮੋਬਾਈਲ ਨੰਬਰ 98882-94087 ਸ਼ਾਮਲ ਹਨ। ਉਪਰੋਕਤ ਸਕੀਮ ਅਧੀਨ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਰਿਸੋਰਸ ਪਰਸਨ ਨਾਲ ਵੀ ਰਾਬਤਾ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਹਰ ਬੁੱਧਵਾਰ ਇੱਕ ਜ਼ਿਲ੍ਹਾ ਰਿਸੋਰਸ ਪਰਸਨ, ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਵਿਖੇ ਵੀ ਨੌਜਵਾਨਾਂ ਨੂੰ ਗਾਈਡ ਕਰਨ ਲਈ ਹਾਜ਼ਰ ਹੁੰਦੇ ਹਨ।



## ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਬੇਦੀ ਪਰਵਾਰ ਨਾਲ ਦੁੱਖ ਸਾਂਝਾ

ਕਲਾਨੌਰ (ਮਨਦੀਪ ਕੁਮਾਰ)- ਕਸਬਾ ਕਲਾਨੌਰ ਤੋਂ ਪੱਤਰਕਾਰ ਵਰਿੰਦਰ ਬੇਦੀ ਅਤੇ ਮਨਮੋਹਨ ਬੇਦੀ ਦੀ ਤਾਈ ਸ਼ਕੁੰਤਲਾ ਬੇਦੀ ਦੀ ਪਿਛਲੇ ਦਿਨੀਂ ਮੌਤ ਹੋ ਗਈ ਸੀ। ਇਸ ਦੁੱਖ ਦੀ ਘੜੀ ਵਿੱਚ ਹਲਕਾ ਡੇਰਾ ਬਾਬਾ ਨਾਨਕ ਦੇ ਮੌਜੂਦਾ ਵਿਧਾਇਕ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਅੱਜ ਕਲਾਨੌਰ ਵਿਖੇ ਪਹੁੰਚ ਕੇ ਬੇਦੀ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਇਸ ਮੌਕੇ ਸਰਬਜੀਤ ਮੱਲ੍ਹੀ, ਸੁੱਖਜਿੰਦਰ ਸਿੰਘ ਮੱਲ੍ਹੀ, ਵਰਿੰਦਰ ਸ਼ਰਮਾ, ਸੁਨੀਲ ਸਰੀਨ, ਨਿਰਮਲ ਸਿੰਘ, ਜੀਵਨ ਸ਼ਰਮਾ, ਮਨਿੰਦਰ ਖੈਹਿਰਾ, ਸਤਿਨਾਮ ਸਿੰਘ, ਮਨਿੰਦਰ ਸਿੰਘ ਮਾਹਲ ਆਦਿ ਵੱਲੋਂ ਵੀ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।



## ਮਨੁੱਖਤਾ ਦੇ ਭਲੇ ਲਈ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਉੱਘੇ ਸਮਾਜ ਸੇਵੀ ਆਗੂ ਪ੍ਰਿੰਸੀਪਲ ਬਚਿੱਤਰ ਸਿੰਘ ਤਰਸਿੱਕਾ ਵੱਲੋਂ ਪੰਜਾਬ ਵਿੱਚ ਜੋ ਮੀਂਹ ਨਾਲ ਮਨੁੱਖਤਾ ਦਾ ਭਾਰੀ ਨੁਕਸਾਨ ਹੋਇਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਕੁਦਰਤੀ ਆਫਤਾਂ ਤੋਂ ਬਚਾਉਣ ਵਾਸਤੇ ਇਸ ਦੁੱਖ ਦੀ ਘੜੀ ਵਿੱਚੋਂ ਪੰਜਾਬ ਨੂੰ ਕੱਢਣ ਲਈ ਧਨ ਧਨ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ ਗਿਆ, ਜਿਸ ਵਿੱਚ ਅਨੰਦਪੁਰ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਪ੍ਰੇਮ ਸਿੰਘ, ਮੁੱਖ ਹੈੱਡ ਗ੍ਰੰਥੀ ਭਾਈ ਜੋਬਨਜੀਤ ਸਿੰਘ ਹਾਜ਼ਰ ਹੋਏ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਨੇ ਕਿਹਾ ਕਿ ਕੁਦਰਤ ਦੀ ਮਾਰ ਜਿਨ੍ਹਾਂ ਲੋਕਾਂ ਨੂੰ ਪਈ ਹੈ ਉਹ ਅਨੇਕਾਂ ਹੀ ਮੁਸੀਬਤਾਂ ਦੇ ਨਾਲ ਜੂਝ ਰਹੇ ਹਨ। ਜਿਨ੍ਹਾਂ ਦੀ ਹਰੇਕ ਵਿਅਕਤੀ ਨੂੰ ਜਿੰਨੀ ਵੀ ਹੋ ਸਕੇ ਮਦਦ ਕਰਨੀ ਚਾਹੀਦੀ ਹੈ। ਪਰਮਾਤਮਾ ਕਰੇ ਉਹੀ ਬਹਾਰਾਂ ਅੱਜ ਫਿਰ ਪੰਜਾਬ ਦੇ ਵਿੱਚ ਆ ਜਾਣ। ਆਏ ਹੋਏ ਪੰਥਕ ਆਗੂਆਂ ਨੂੰ ਪ੍ਰਿੰਸੀਪਲ ਸਿੱਕਾ ਵੱਲੋਂ ਖਾਲਸਾਈ ਨੀਲੇ ਰੰਗ ਦੀਆਂ ਦਸਤਾਰਾਂ ਭੇਟ ਕੀਤੀਆਂ ਗਈਆਂ। ਇਸ ਮੌਕੇ ਹਰਪ੍ਰੀਤ ਸਿੰਘ, ਕਵਲਜੀਤ ਕੌਰ ਤਰਸਿੱਕਾ, ਸੋਨੀਆ, ਅਨਮੋਲਦੀਪ ਕੌਰ, ਅਨਮੋਲਜੀਤ ਸਿੰਘ, ਅਗਮਪ੍ਰੀਤ ਸਿੰਘ ਹਾਜ਼ਰ ਸਨ।



## ਕਵਿਤਾ ਖੰਨਾ ਵੱਲੋਂ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਦਾ ਦੌਰਾ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਬੀਤੇ ਦਿਨ ਕਵਿਤਾ ਖੰਨਾ ਨੇ ਆਦਰਸ਼ ਬਿਰਧ ਆਸ਼ਰਮ ਝਾਖੋਲਾਹੜੀ ਪਠਾਨਕੋਟ ਦਾ ਦੌਰਾ ਕੀਤਾ। ਉਹਨਾਂ ਸਾਰੇ ਬਜ਼ੁਰਗਾਂ ਦਾ ਹਾਲ ਚਾਲ ਪੁੱਛਿਆ। ਉਹਨਾਂ ਬਜ਼ੁਰਗਾਂ ਨੂੰ ਕਿਹਾ ਕਿ ਮੈਨੂੰ ਇੱਥੇ ਆਪ ਸਭ ਨੂੰ ਮਿਲ ਕੇ ਬਹੁਤ ਵਧੀਆ ਲੱਗਿਆ। ਤੁਹਾਨੂੰ ਸਾਰਿਆਂ ਨੂੰ ਖੁਸ਼ ਦੇਖ ਕੇ ਮੇਰੇ ਦਿਲ ਨੂੰ ਬਹੁਤ ਸਕੂਨ ਮਿਲਿਆ।

ਉਹਨਾਂ ਬਜ਼ੁਰਗਾਂ ਨੂੰ ਫਲ ਵੀ ਭੇਟ ਕੀਤੇ। ਉਹਨਾਂ ਬਜ਼ੁਰਗਾਂ ਨਾਲ ਐਂਟਰਟੇਨਮੈਂਟ ਕਰਦੇ ਹੋਏ ਬਜ਼ੁਰਗਾਂ ਨੂੰ ਆਪਣੇ (ਸਵਰਗੀ) ਪਤੀ ਵਿਨੋਦ ਖੰਨਾ ਦੀਆਂ ਫਿਲਮਾਂ ਦੇ ਦਰਦ ਭਰੇ ਗੀਤ ਵੀ ਸੁਣਾਏ। ਇਸ ਮੌਕੇ ਆਸ਼ਰਮ ਸੁਪਰਡੈਂਟ ਮੈਡਮ ਮਿਸ ਅੰਜਲੀ ਸ਼ਰਮਾ ਅਤੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਵਾਅਦਾ ਕੀਤਾ ਕਿ ਅਸੀਂ ਹੁਣ ਹਮੇਸ਼ਾ ਹੀ ਇਥੇ ਤੁਹਾਨੂੰ ਮਿਲਣ ਆਉਂਦੇ ਹੀ ਰਹਾਂਗੇ। ਇਸ ਮੌਕੇ ਆਸ਼ਰਮ ਸੁਪਰਡੈਂਟ ਮੈਡਮ ਮਿਸ ਅੰਜਲੀ ਸ਼ਰਮਾ, ਆਸ਼ਰਮ ਪ੍ਰਧਾਨ ਸਤਨਾਮ ਸਿੰਘ ਤੇ ਉਹਨਾਂ ਦੇ ਪੁੱਤਰ ਅਰਸ਼ਦੀਪ ਸਿੰਘ ਸਰਮਾਲ ਤੇ ਰਿਸ਼ਵ ਸ਼ਰਮਾ ਤੇ ਉਹਨਾਂ ਦੇ ਟੀਮ ਮੈਂਬਰ, ਆਸ਼ਰਮ ਸਮੂਹ ਸਟਾਫ ਸਵਿਤਾ, ਆਰਤੀ, ਸੁਖਵਿੰਦਰ, ਪੂਨਮ, ਤਰਸੇਮ ਲਾਲ, ਰਾਜੇਸ਼ ਕੁਮਾਰ ਆਦਿ ਵੀ ਮੌਜੂਦ ਸਨ।

## ਸੱਚਰ ਸਿੱਖ ਐਜੂਕੇਸ਼ਨਲ ਸੁਸਾਇਟੀ ਦੇ ਮੈਂਬਰ ਬਣੇ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਸਿੱਖਿਆ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾ ਰਹੀ ਨਾਮਵਰ ਵਿੱਦਿਅਕ ਸੰਸਥਾ ਸਿੱਖ ਐਜੂਕੇਸ਼ਨਲ ਸੁਸਾਇਟੀ ਵੱਲੋਂ ਭਗਵੰਤ ਪਾਲ ਸਿੰਘ ਸੱਚਰ ਨੂੰ ਆਪਣਾ ਲਾਈਫ ਮੈਂਬਰ ਨਿਯੁਕਤ ਕੀਤਾ ਗਿਆ ਹੈ। ਰਾਜਨੀਤਿਕ ਤੇ ਸਿੱਖ ਹਲਕਿਆਂ ਵਿੱਚ ਜਾਣੇ ਪਛਾਣੇ ਸੱਚਰ ਕਈ ਧਾਰਮਕ ਤੇ ਵਿੱਦਿਅਕ ਸੰਸਥਾਵਾਂ ਵਿੱਚ ਸੇਵਾ ਨਿਭਾ ਰਹੇ ਹਨ। ਉਹ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਮੈਂਬਰ, ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਮੈਂਬਰ, ਐਗਜ਼ੈਕਟਿਵ ਮੈਂਬਰ ਚੀਫ ਖਾਲਸਾ ਦੀਵਾਨ, ਪ੍ਰਧਾਨ ਗੁਰੂ ਖਾਲਸਾ ਹਾਈ ਸਕੂਲ ਸ਼ਾਮਨਗਰ (ਅੰਮ੍ਰਿਤਸਰ), ਮੈਂਬਰ ਇੰਚਾਰਜ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਮਜਵਿੰਡ (ਅੰਮ੍ਰਿਤਸਰ ) ਵਜੋਂ ਸੇਵਾ ਨਿਭਾਅ ਰਹੇ ਹਨ। ਸੱਚਰ ਨੇ ਇਸ ਨਿਯੁਕਤੀ ਲਈ ਸੁਸਾਇਟੀ ਦੇ ਪ੍ਰਧਾਨ ਗੁਰਦੇਵ ਸਿੰਘ ਅਤੇ ਸਕੱਤਰ ਜਸਮੇਰ ਸਿੰਘ ਬਾਲਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸੁਸਾਇਟੀ ਦੀ ਬਿਹਤਰੀ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ। ਸਿੱਖ ਐਜੂਕੇਸ਼ਨਲ ਸੁਸਾਇਟੀ ਅਧੀਨ ਛੇ ਨਾਮਵਰ ਕਾਲਜ ਚੱਲ ਰਹੇ ਹਨ ਜਿਨ੍ਹਾਂ ਵਿੱਚ ਸੈਕਟਰ 26 ਚੰਡੀਗੜ੍ਹ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਫਾਰ ਵੋਮੈਨ ਸੈਕਟਰ 26 ਚੰਡੀਗੜ੍ਹ, ਸਿੱਖ ਨੈਸ਼ਨਲ ਕਾਲਜ ਬੰਗਾ, ਸਿੱਖ ਨੈਸ਼ਨਲ ਕਾਲਜ ਕਾਦੀਆਂ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਫਾਰਮੇਸੀ ਚੰਡੀਗੜ੍ਹ ਵਿਸ਼ੇਸ਼ ਜ਼ਿਕਰਯੋਗ ਹਨ।



## ਡੇਂਗੂ ਬੁਖਾਰ ਸੰਬੰਧੀ ਲੋਕਾਂ ਨੂੰ ਕੀਤਾ ਜਾਗਰੂਕ

ਬਟਾਲਾ, ( ਡਾ. ਮਲਵਿੰਦਰ ਸਿੰਘ) – ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਦੀਆਂ ਹਦਾਇਤਾਂ ਤੇ ਜ਼ਿਲ੍ਹਾ ਐਪੀਡਿਮਾਲੋਜਿਸਟ ਡਾ. ਪ੍ਰਭਜੋਤ ਕੌਰ ਕਲਸੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫ਼ਸਰ ਡਾ. ਨੀਲਮ ਦੀ ਰਹਿਨੁਮਾਈ ਹੇਠ ਕਮਿਊਨਿਟੀ ਹੈਲਥ ਸੈਂਟਰ ਕਾਹਨੂੰਵਾਨ ਵਿਖੇ ਰਛਪਾਲ ਸਿੰਘ ਸਹਾ: ਮਲੇਰੀਆ ਅਫ਼ਸਰ ਨੇ ਡੇਂਗੂ ਬੁਖਾਰ ਸੰਬੰਧੀ ਐਂਟੀ ਡੇਂਗੂ ਮੰਥ ਜੁਲਾਈ-2023 ਸੈਮੀਨਾਰ ਲਗਾਇਆ ਤੇ ਲੋਕਾਂ ਨੂੰ ਜਾਣਕਾਰੀ ਦਿੱਤੀ ਕਿ ਡੇਂਗੂ ਬੁਖਾਰ ਇੱਕ ਏਡੀਜ਼ ਅਜੈਪਟੀ ਮੱਛਰ ਦੇ ਮਨੁੱਖ ਦੇ ਸਰੀਰ ਦੇ ਕਿਸੇ ਅੰਗ 'ਤੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਚਿੱਟੀਆਂ ਤੇ ਕਾਲੀਆਂ ਧਾਰੀਆਂ ਵਾਲਾ ਹੁੰਦਾ ਹੈ। ਇਹ ਮੱਛਰ ਸਵੇਰੇ ਤੇ ਸ਼ਾਮ ਨੂੰ ਕੱਟਦਾ ਹੈ। ਉਨ੍ਹਾਂ ਦੱਸਿਆ ਕਿ ਡੇਂਗੂ ਬੁਖਾਰ ਦੀਆਂ ਨਿਸ਼ਾਨੀਆਂ ਤੇਜ਼ ਬੁਖਾਰ, ਸਿਰ ਤੇ ਮਾਸਪੇਸ਼ੀਆਂ ਵਿੱਚ ਦਰਦ, ਚਮੜੀ 'ਤੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ 'ਤੇ ਦਰਦ, ਮਸੂੜਿਆ, ਨੱਕ ਤੇ ਕੰਨ ਵਿੱਚੋਂ ਖੂਨ ਵਗਣਾ ਆਦਿ ਹਨ। ਅਜਿਹੇ ਲੱਛਣ ਦਿਖਾਈ ਦੇਣ ਤਾਂ ਤੁਰੰਤ ਨਜ਼ਦੀਕੀ ਸਿਹਤ ਸੈਂਟਰ ਵਿੱਚ ਜਾਣਾ ਚਾਹੀਦਾ ਹੈ ਤੇ ਮਰੀਜ਼ ਨੂੰ ਡਾਕਟਰ ਦੀ ਸਲਾਹ ਤੋਂ ਬਿਨਾਂ ਕੋਈ ਵੀ ਦਵਾਈ ਨਹੀਂ ਦੇਣੀ ਚਾਹੀਦੀ। ਇਹ ਡੇਂਗੂ ਦਾ ਮੱਛਰ ਸਾਫ਼ ਪਾਣੀ ਜਿਵੇਂ ਘਰਾਂ ਵਿੱਚ ਕੂਲਰ ਦੇ ਪਾਣੀ ਤੇ ਫਰਿਜਾਂ ਦੀਆਂ ਵੇਸਟ ਪਾਣੀ ਟਰੇਆਂ, ਪਾਣੀ ਪੀਣ ਵਾਲੀਆਂ ਹੋਦੀਆਂ, ਫਟੇ ਪੁਰਾਣੇ ਟਾਇਰ ਵਿੱਚ, ਟੁੱਟੇ ਭੱਜੇ ਬਰਤਨਾਂ ਤੇ ਟੋਏ ਟਿੱਬਿਆਂ ਵਿੱਚ ਮੀਂਹ ਦੇ ਪਏ ਪਾਣੀ ਵਿੱਚ ਪੈਦਾ ਹੁੰਦਾ ਹੈ। ਇਸ ਲਈ ਹਰ ਸ਼ੁੱਕਰਵਾਰ ਡਰਾਈ-ਡੇ ਮਨਾਉਣਾ ਤੇ ਇਹ ਸਾਰੇ ਪਏ ਪਾਣੀ ਨੂੰ ਚੰਗੀ ਤਰਾਂ ਕੱਢਣਾ ਜਾਂ ਟੋਇਆਂ ਵਿੱਚ ਖੜ੍ਹੇ ਪਾਣੀ 'ਤੇ ਸੜਿਆ ਤੇਲ ਪਾਉਣਾ ਚਾਹੀਦਾ ਹੈ। ਇਸ ਕੈਂਪ ਵਿੱਚ ਮਹਿੰਦਰਪਾਲ ਹੈਲਥ ਇੰਸਪੈਕਟਰ, ਦਲੀਪ ਰਾਜ ਹੈਲਥ ਇੰਸਪੈਕਟਰ, ਜਗਦੀਸ਼ ਸਿੰਘ ਹੈਲਥ ਇੰਸਪੈਕਟਰ, ਰਾਜਬੀਰ ਸਿੰਘ, ਅਮੋਲਕ ਸਿੰਘ, ਪ੍ਰਤਾਪ ਸਿੰਘ, ਬਲਜੀਤ ਸਿੰਘ, ਲਖਬੀਰ ਸਿੰਘ, ਜੋਗਾ ਸਿੰਘ, ਲਖਵਿੰਦਰ ਸਿੰਘ, ਰਣਜੀਤ ਸਿੰਘ ਤੇ ਸਿਹਤ ਕਰਮਚਾਰੀ ਤੇ ਹੋਰ ਵਿਅਕਤੀ ਹਾਜ਼ਰ ਸਨ।



## ਡਾਕਟਰ ਵੱਲੋਂ ਹੜ੍ਹ ਪੀੜਤਾਂ ਲਈ ਵਿੱਤੀ ਮਦਦ

**ਅੰਮ੍ਰਿਤਸਰ (ਨਰਿੰਦਰ ਸਿੰਘ)**-ਪੰਜਾਬ ਵਿੱਚ ਆਏ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਪੰਜਾਬ ਦਾ ਹਰ ਫਿਰਕਾ ਅੱਗੇ ਆ ਰਿਹਾ ਹੈ ਅਤੇ ਕੁਝ ਲੋਕ ਹੜ੍ਹ ਪੀੜਤਾਂ ਦੀ ਮਦਦ ਲਈ ਰਾਸ਼ਨ ਪਾਣੀ ਲੈ ਕੇ ਪਹੁੰਚ ਰਹੇ ਹਨ ਅਤੇ ਜਿਥੇ ਕੁਝ ਵਿਅਕਤੀ ਆਪ ਨਹੀਂ ਜਾ ਸਕੇ ਉਹ ਵਿੱਤੀ ਸਹਾਇਤਾ ਵੀ ਜ਼ਿਲ੍ਹਾ ਪ੍ਰਸ਼ਾਸਨ ਰਾਹੀਂ ਹੜ੍ਹ ਪੀੜਤਾਂ ਤੱਕ ਪਹੁੰਚਾ ਰਹੇ ਹਨ। ਅੱਜ ਇਸੇ ਹੀ ਕੜੀ ਤਹਿਤ ਕੇਂਦਰ ਸਰਕਾਰ ਦੀ ਨੌਕਰੀ ਤੋਂ 12 ਸਾਲ ਪਹਿਲਾਂ ਸੇਵਾ ਮੁਕਤ ਹੋਏ ਫਿਜ਼ਿਓਥੈਰੇਪਿਸਟ ਡਾ. ਪ੍ਰਸ਼ੋਤਮ ਲਾਲ ਜੋ ਕਿ ਸੂਰਤਾ ਸਿੰਘ ਰੋਡ 'ਤੇ ਰਹਿੰਦੇ ਹਨ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੁੱਜੇ ਅਤੇ ਵਧੀਕ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਨੂੰ ਆਪਣੇ ਨਿੱਜੀ ਖਾਤੇ ਵਿਚੋਂ 12500 ਰੁਪਏ ਦਾ ਚੈਕ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਦਿੱਤਾ। ਉਨ੍ਹਾ ਕਿਹਾ ਕਿ ਮੈਂ ਸੇਵਾਮੁਕਤ ਡਾਕਟਰ ਹਾਂ ਅਤੇ ਮੈਂ ਚਾਹੁੰਦਾ ਸੀ ਕਿ ਹੜ੍ਹ ਪੀੜਤਾਂ ਦੀ ਮਦਦ ਕੀਤੀ ਜਾਵੇ ਤਾਂ ਜੋ ਮੇਰੇ ਵੱਲੋਂ ਦਿੱਤੀ ਗਈ ਵਿੱਤੀ ਸਹਾਇਤਾ ਸਹੀ ਢੰਗ ਨਾਲ ਹੜ੍ਹ ਪੀੜਤਾਂ ਕੋਲ ਪਹੁੰਚ ਸਕੇ ਜਿਸ ਦਾ ਸਭ ਤੋਂ ਵਧੀਆ ਰਸਤਾ ਡਿਪਟੀ ਕਮਿਸ਼ਨਰ ਦਫ਼ਤਰ ਰਾਹੀਂ ਲੱਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਡਾ. ਪ੍ਰਸ਼ੋਤਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮਾਜ ਵਿੱਚ ਇਸ ਤਰ੍ਹਾਂ ਦੇ ਵਿਅਕਤੀ ਵੀ ਹਨ ਜੋ ਖੁਦ ਚਲ ਕੇ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਪੁੱਜੇ ਹਨ ਤਾਂ ਜੋ ਹੜ੍ਹ ਪੀੜਤਾਂ ਦੀ ਮਦਦ ਕਰ ਸਕਣ। ਹਰਪ੍ਰੀਤ ਸਿੰਘ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵੀ ਇਸ ਚੰਗੇ ਕੰਮ ਲਈ ਅੱਗੇ ਆਉਣ ਤਾਂ ਜੋ ਹੜ੍ਹ ਪੀੜਤਾਂ ਦੀ ਮਦਦ ਕੀਤੀ ਜਾ ਸਕੇ।



## ਕਰਨਦੀਪ ਭੁੱਲਰ ਨੇ ਤਹਿਸੀਲਦਾਰ ਪੱਟੀ ਦਾ ਚਾਰਜ ਸੰਭਾਲਿਆ

**ਪੱਟੀ (ਬਲਦੇਵ ਸਿੰਘ ਸੰਧੂ, ਸ਼ਮਸ਼ੇਰ ਸਿੰਘ ਯੋਧਾ)**

ਬੀਤੇ ਦਿਨੀਂ ਸੂਬਾ ਸਰਕਾਰ ਵੱਲੋਂ ਤਹਿਸੀਲਦਾਰਾਂ ਦੀਆਂ ਕੀਤੀਆਂ ਬਦਲੀਆਂ ਦੌਰਾਨ ਪੱਟੀ ਤੋਂ ਤਹਿਸੀਲਦਾਰ ਸਰਬਜੀਤ ਸਿੰਘ ਥਿੰਦ ਦੀ ਬਦਲੀ ਤਹਿਸੀਲ ਮੂਨਕ ਵਿਖੇ ਕੀਤੀ ਗਈ। ਸਰਬਜੀਤ ਸਿੰਘ ਦੀ ਜਗ੍ਹਾ ਕਰਨਦੀਪ ਸਿੰਘ ਭੁੱਲਰ ਨੂੰ ਤਹਿਸੀਲਦਾਰ ਪੱਟੀ ਨਿਯੁਕਤ ਕੀਤਾ ਗਿਆ। ਨਵਨਿਯੁਕਤ ਤਹਿਸੀਲਦਾਰ ਕਰਨਦੀਪ ਸਿੰਘ ਭੁੱਲਰ ਵੱਲੋਂ ਅਹੁਦਾ ਸੰਭਾਲਣ ਸਮੇਂ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਗੁਲਦਸਤਿਆਂ ਨਾਲ ਸਵਾਗਤ ਕੀਤਾ ਗਿਆ। ਤਹਿਸੀਲਦਾਰ ਭੁੱਲਰ ਨੇ ਅਹੁਦਾ ਸੰਭਾਲਣ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਦਫਤਰ ਵਿਚ ਕੰਮ ਕਰਵਾਉਣ ਆਏ ਹਰੇਕ ਵਿਅਕਤੀ ਦਾ ਪੂਰਾ ਮਾਨ ਸਤਿਕਾਰ ਕੀਤਾ ਜਾਵੇਗਾ। ਆਮ ਲੋਕਾਂ ਨੂੰ ਸਰਕਾਰੀ ਕੰਮਕਾਜ ਕਰਵਾਉਣ ਲਈ ਕਿਸੇ ਤਰ੍ਹਾਂ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਭੁੱਲਰ ਨੇ ਸਮੂਹ ਸਟਾਫ ਦਾ ਧੰਨਵਾਦ ਕਰਦਿਆਂ ਹੁਕਮ ਫਰਮਾਇਆ ਕਿ ਦਫਤਰ 'ਚ ਕੰਮਕਾਜ ਕਰਵਾਉਣ ਆਏ ਲੋਕਾਂ ਨਾਲ ਨਿਮਰਤਾ ਨਾਲ ਪੇਸ਼ ਆਉਣ, ਰਿਸ਼ਵਤਖੋਰੀ ਨੂੰ ਇੱਕ ਪਾਸੇ ਕਰਕੇ ਆਮ ਲੋਕਾਂ ਦੇ ਕੰਮ ਇਮਾਨਦਾਰੀ ਨਾਲ ਪਹਿਲ ਦੇ ਆਧਾਰ ਕੀਤੇ ਜਾਣ। ਇਸ ਮੌਕੇ ਸੁਪਰਡੈਂਟ ਹਰਦੀਪ ਸਿੰਘ ਢਿੱਲੋਂ, ਰਜਿਸਟਰੀ ਕਲਰਕ ਹਰਜੀਤ ਸਿੰਘ, ਮਨਪ੍ਰੀਤ ਸਿੰਘ ਔਲਖ ਟੀ. ਏ, ਗੁਰਪ੍ਰੀਤ ਸਿੰਘ, ਭੁਪਿੰਦਰ ਸਿੰਘ ਚੀਮਾ, ਹਰਪਾਲ ਸਿੰਘ, ਗੁਰਸੇਵਕ ਸਿੰਘ, ਹਰਪ੍ਰੀਤ ਸਿੰਘ ਅਤੇ ਵਰੁਣ ਚੌਧਰੀ ਤੋਂ ਇਲਾਵਾ ਸਾਰਾ ਸਟਾਫ ਹਾਜ਼ਰ ਸੀ।



## ਡਾ. ਕੁਲਦੀਪ ਸਿੰਘ ਅਰੋੜਾ ਬੈਸਟ ਰੋਟੇਰੀਅਨ ਐਵਾਰਡ ਨਾਲ ਸਨਮਾਨਤ

ਅੰਮ੍ਰਿਤਸਰ (ਅਰੋੜਾ): ਰੋਟਰੀ ਡਿਸਟ੍ਰਿਕ 3070 ਵੱਲੋਂ ਕਰਵਾਏ ਗਏ ਐਵਾਰਡ ਸਮਾਗਮ ਵਿੱਚ ਰੋਟਰੀ 3070 ਦੇ ਸਾਲ 2022-23 ਦੇ ਗਵਰਨਰ ਦੁਸ਼ੰਤ ਚੌਧਰੀ ਵੱਲੋਂ ਰੋਟਰੀ ਕਲੱਬ ਅੰਮ੍ਰਿਤਸਰ ਨਾਰਥ ਦੇ ਸਾਬਕਾ ਪ੍ਰਧਾਨ ਸੀਨੀਅਰ ਰੋਟੇਰੀਅਨ ਅਤੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਪੰਜਾਬ ਦੇ ਸਾਬਕਾ ਪ੍ਰਧਾਨ ਡਾ. ਕੁਲਦੀਪ ਸਿੰਘ ਅਰੋੜਾ ਨੂੰ ਬੈਸਟ ਰੋਟੇਰੀਅਨ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਰੋਟਰੀ ਕਲੱਬ ਨਾਰਥ ਵੱਲੋਂ ਇੱਕ ਸਨਮਾਨ ਸਮਾਗਮ ਰਾਮ ਬਾਗ ਸਥਿਤ ਅੰਮ੍ਰਿਤਸਰ ਕਲੱਬ ਵਿੱਚ ਕਰਵਾਇਆ ਗਿਆ। ਸਮਾਗਮ ਵਿੱਚ ਰੋਟਰੀ ਕਲੱਬ ਨਾਰਥ ਦੇ ਸਾਲ 2023-24 ਦੇ ਪ੍ਰਧਾਨ ਗੁਰਮੀਤ ਸਿੰਘ ਹੀਰਾ ਅਤੇ ਸਾਲ 2022-23 ਦੇ ਪ੍ਰਧਾਨ ਵਿਜੇ ਭਸੀਨ ਖਾਸ ਤੌਰ 'ਤੇ ਸ਼ਾਮਲ ਹੋਏ। ਡਾ. ਕੁਲਦੀਪ ਸਿੰਘ ਅਰੋੜਾ ਨੂੰ ਇਹ ਐਵਾਰਡ ਸਾਲ 2022-23 ਦੇ ਪ੍ਰਧਾਨ ਜਿਨ੍ਹਾਂ ਨੂੰ ਪੂਰੇ ਜ਼ਿਲ੍ਹੇ ਵਿੱਚ ਬੈਸਟ ਪ੍ਰਧਾਨ ਦੇ ਐਵਾਰਡ ਦੇ ਨਾਲ ਸਨਮਾਨਤ ਕੀਤਾ ਜਾ ਚੁੱਕਾ ਹੈ, ਵੱਲੋਂ ਦਿੱਤਾ ਗਿਆ। ਰੋਟਰੀ ਪ੍ਰਧਾਨ ਗੁਰਮੀਤ ਸਿੰਘ ਹੀਰਾ ਨੇ ਕਿਹਾ ਕਿ ਡਾ. ਅਰੋੜਾ ਨੂੰ ਸਨਮਾਨ ਸਾਲ 2022-23 ਵਿੱਚ ਕੀਤੇ ਗਏ ਪ੍ਰੋਜੈਕਟਾਂ ਅਤੇ ਸਮਾਜ ਭਲਾਈ ਦੇ ਕੰਮਾਂ ਲਈ ਦਿੱਤਾ ਗਿਆ ਹੈ, ਇਸ ਲਈ ਇਹ ਐਵਾਰਡ 2022-23 ਦੇ ਪ੍ਰਧਾਨ ਵਿਜੇ ਭਸੀਨ ਦੇ ਹੱਥੋਂ ਹੀ ਮਿਲਣਾ ਬਣਦਾ ਹੈ। ਇਸ ਮੌਕੇ ਰੋਟਰੀ ਦੇ ਸਾਬਕਾ ਸਹਾਇਕ ਗਵਰਨਰ ਰਸਜੀਤ ਸਿੰਘ ਖੇੜਾ, ਸਕੱਤਰ ਵਰੁਣ ਕੱਕੜ, ਰੋਟੇਰੀਅਨ ਵਿਪਨ ਲੂੰਬਾ, ਰੋਟਰੀ ਦੇ ਐਮ.ਓ.ਸੀ ਆਰ.ਐਸ.ਚੱਠਾ, ਰਮੇਸ਼ ਕੱਕੜ, ਇੰਜੀ: ਪਰਨੀਤ ਸਿੰਘ, ਸੁਰਿੰਦਰ ਕੱਕੜ, ਸਹਿਤ ਰੋਟਰੀ ਨਾਰਥ ਦੇ ਕਈ ਮੈਂਬਰ ਮੌਜੂਦ ਸਨ।



## ਸਿੱਖ ਨੈਸ਼ਨਲ ਕਾਲਜ ਦੇ ਐਮ ਏ ਪੰਜਾਬੀ ਚੌਥਾ ਸਮੈਸਟਰ ਦਾ ਨਤੀਜਾ ਸ਼ਾਨਦਾਰ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਸਿੱਖ ਨੈਸ਼ਨਲ ਕਾਲਜ ਕਾਦੀਆਂ ਦੀ ਐਮ ਏ ਪੰਜਾਬੀ ਸਮੈਸਟਰ ਚੌਥਾ ਕਲਾਸ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਾਨਦਾਰ ਰਿਹਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਨਤੀਜੇ ਵਿਚੋਂ ਕਾਲਜ ਵਿਦਿਆਰਥਣਾਂ ਦੀ ਸ਼ਾਨਦਾਰ ਪ੍ਰਾਪਤੀ ਬਾਰੇ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਤੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਡਾ. ਹਰਪ੍ਰੀਤ ਸਿੰਘ ਹੁੰਦਲ ਨੇ ਕਿਹਾ ਕਿ ਕਾਲਜ ਦੀ ਐਮ ਏ ਪੰਜਾਬੀ ਚੌਥਾ ਸਮੈਸਟਰ ਦੀ ਵਿਦਿਆਰਥਣ ਗੀਤਿਕਾ ਸ਼ਰਮਾ ਨੇ 1286/1600(80.37%) ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ, ਨਵਨੀਤ ਕੌਰ ਨੇ 1281/1600 (80.06%) ਅੰਕਾਂ ਨਾਲ ਦੂਸਰਾ ਤੇ ਸੁਖਪ੍ਰੀਤ ਕੌਰ 1266/1600(79.12%) ਅੰਕਾਂ ਨਾਲ ਤੀਸਰੇ ਸਥਾਨ ਪ੍ਰਾਪਤ ਕੀਤਾ ਜਦ ਕਿ ਤਿੰਨ ਹੋਰ ਵਿਦਿਆਰਥਣਾਂ ਸਿਮਰਨਜੀਤ ਕੌਰ 1224/1600(76.5%) ਅੰਕ, ਕੋਮਲਪ੍ਰੀਤ ਕੌਰ 1218/ 1600(76.12%) ਅੰਕ, ਗੁਰਪ੍ਰੀਤ ਕੌਰ 1204/1600(75.25%) ਨੇ 75 ਫੀਸਦੀ ਤੋਂ ਵੱਧ ਅੰਕ ਹੋਣ 'ਤੇ ਯੂਨੀਵਰਸਿਟੀ ਵੱਲੋਂ ਵਿਸ਼ੇਸ਼ ਅੰਕਾਂ ਵਾਲੇ ਵਿਦਿਆਰਥੀ (ਡਿਸਟਿੰਕਸ਼ਨ) ਹੋਣ ਦਾ ਮਾਣ ਹਾਸਲ ਕੀਤਾ ਹੈ। ਕੁੱਲ ਛੇ ਵਿਦਿਆਰਥਣਾਂ ਨੇ 75% ਤੋਂ ਵੱਧ ਅੰਕ ਜਦਕਿ ਬਾਕੀ ਵਿਦਿਆਰਥੀ ਵੀ ਵਧੀਆ ਅੰਕਾਂ ਨਾਲ ਪਾਸ ਹੋਏ ਹਨ।

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਸਕੂਲ ਮੈਨੇਜਮੈਂਟ ਕਮੇਟੀ ਦੀ ਮੀਟਿੰਗ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਨਵੀਂ ਬਣੀ ਸਕੂਲ ਮੈਨੇਜਮੈਂਟ ਕਮੇਟੀ ਦੀ ਪਲੇਠੀ ਮੀਟਿੰਗ ਸਕੂਲ ਪ੍ਰਿੰਸੀਪਲ ਡਾ.ਸੁਨੀਤਾ ਕੌਸ਼ਲ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਵਿਪਨ ਕੁਮਾਰ ਦੀ ਅਗਵਾਈ ਹੇਠ ਹੋਈ। ਇਸ ਮੌਕੇ ਸਮੂਹ ਕਮੇਟੀ ਮੈਂਬਰਾਂ ਨੇ ਸਕੂਲ ਪ੍ਰਬੰਧ ਹੋਰ ਬਿਹਤਰ ਬਣਾਉਣ ਲਈ ਵਿਚਾਰਾਂ ਕੀਤੀਆਂ ਅਤੇ ਸਕੂਲ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਸ਼ਲਾਘਾ ਕੀਤੀ। ਸਕੂਲ ਪ੍ਰਿੰਸੀਪਲ ਡਾ. ਕੌਸ਼ਲ ਨੇ ਪਹਿਲਾਂ ਰਹਿ ਚੁੱਕੇ ਚੇਅਰਮੈਨ ਬਲਕਾਰ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਕਮੇਟੀ ਮੈਂਬਰ ਜਸਵਿੰਦਰ ਕੌਰ, ਵਰਿੰਦਰ ਸੂਰੀ, ਹੀਰਾ ਲਾਲ ਕਪੂਰ, ਗੁਰਟੇਕ ਸਿੰਘ, ਕਾਂਤਾ ਦੇਵੀ, ਆਰਤੀ ਮਹਾਜਨ, ਅੰਜਲੀ, ਹਰਦੀਪ ਕੌਰ, ਦਲੀਪ ਪਾਸਵਾਨ, ਸੋਨੀਆ ਸਮੇਤ ਹੋਰ ਮੈਂਬਰ ਹਾਜ਼ਰ ਸਨ।



## ਸਦਮਾ

**ਅਜਨਾਲਾ, ( ਸੁਖਤਿੰਦਰ ਸਿੰਘ ਰਾਜੂ )** – ਚੌਪਈ ਸਾਹਿਬ ਸੇਵਾ ਸੁਸਾਇਟੀ ਅਜਨਾਲਾ ਸੇਵਾਦਾਰ ਬੀਬੀ ਕੁਲਵੰਤ ਕੌਰ ਅਜਨਾਲਾ ਦੇ ਪਤੀ ਅਤੇ ਭਾਜਪਾ ਆਗੂ ਇਕਬਾਲ ਸਿੰਘ ਸ਼ਿੰਟੂ ਅਜਨਾਲਾ ਦੇ ਪਿਤਾ ਗੁਰਮੁਖ ਸਿੰਘ ਚਾਵਲਾ ਦਾ ਬੀਤੇ ਦਿਨ ਅਚਨਚੇਤ ਦੇਹਾਂਤ ਹੋ ਗਿਆ। ਉਨ੍ਹਾਂ ਦੇ ਦੇਹਾਂਤ 'ਤੇ ਸਾਬਕਾ ਸੰਸਦ ਮੈਂਬਰ ਡਾ. ਰਤਨ ਸਿੰਘ, ਡਾ. ਅਵਤਾਰ ਕੌਰ ਅਜਨਾਲਾ, ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ, ਕੈਟੀ ਪਰਮਪਾਲ ਸਿੰਘ, ਨਗਰ ਪੰਚਾਇਤ ਅਜਨਾਲਾ ਦੇ ਸਾਬਕਾ ਪ੍ਰਧਾਨ ਜੋਰਾਵਰ ਸਿੰਘ, ਪ੍ਰਧਾਨ ਮਨਜੀਤ ਸਿੰਘ ਬਾਠ, ਨਵਤੇਜ ਸਿੰਘ, ਧਰਮਿੰਦਰ ਸਿੰਘ ਗਿੱਲ (ਚੱਕਫੂਲਾ ), ਕਾਬਲ ਸਿੰਘ ਸ਼ਾਹਪੁਰ, ਜਸਪਾਲ ਸਿੰਘ ਢਿੱਲੋਂ, ਬਲਜਿੰਦਰ ਸਿੰਘ ਮਾਹਲ, ਪ੍ਰਦੀਪ ਕੁਮਾਰ ਬੰਟਾ, ਦੀਪੂ ਅਰੋੜਾ ਕੌਂਸਲਰ, ਸੁਰਜੀਤ ਸਿੰਘ ਖੰਡ ਮਿੱਲ ਵਾਲੇ ਸਮੇਤ ਕਈ ਰਾਜਨੀਤਕ ਧਾਰਮਕ ਅਤੇ ਸਮਾਜਕ ਸ਼ਖ਼ਸੀਅਤਾਂ ਵੱਲੋਂ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਗੁਰਮੁਖ ਸਿੰਘ ਚਾਵਲਾ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਇਲਾਹੀ ਬਾਣੀ ਦਾ ਕੀਰਤਨ ਅਤੇ ਅੰਤਿਮ ਅਰਦਾਸ 22 ਜੁਲਾਈ ਨੂੰ ਗੁਰਦੁਆਰਾ ਭਗਤ ਨਾਮਦੇਵ ਸਿੰਘ ਜੀ ਅਜਨਾਲਾ ਵਿਖੇ ਹੋਵੇਗੀ।



## ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਦਾ ਬੀ ਪੀ ਈ ਓ ਦਫਤਰ ਪਹੁੰਚਣ 'ਤੇ ਕਰਮਚਾਰੀਆਂ ਵੱਲੋਂ ਨਿੱਘਾ ਸਵਾਗਤ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਜ਼ਿਲ੍ਹਾ ਗੁਰਦਾਸਪੁਰ ਦੇ ਨਵ- ਨਿਯੁਕਤ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਮਮਤਾ ਖੁਰਾਣਾ ਸੇਠੀ ਦਾ ਅੱਜ ਡੇਰਾ ਬਾਬਾ ਨਾਨਕ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੇ ਦਫਤਰ ਵਿਖੇ ਪਹੁੰਚਣ 'ਤੇ ਦਫਤਰ ਦੇ ਸਮੂਹ ਕਰਮਚਾਰੀਆਂ ਵੱਲੋਂ ਰੁਪਿੰਦਰ ਕੌਰ ਅਕਾਊਂਟੈਂਟ ਦੀ ਅਗਵਾਈ ਵਿੱਚ ਫੁੱਲਾਂ ਦੇ ਬੁੱਕੇ ਭੇਟ ਕਰਕੇ ਨਿੱਘਾ ਸਵਾਗਤ ਕਰਦਿਆਂ ਜੀ ਆਇਆਂ ਆਖਿਆ ਗਿਆ। ਇਸ ਮੌਕੇ ਡੀ ਈ ਓ ਮਮਤਾ ਖੁਰਾਣਾ ਨੇ ਦਫਤਰ ਦੇ ਮੁਲਾਜ਼ਮਾਂ ਵੱਲੋਂ ਸਵਾਗਤ ਕਰਨ 'ਤੇ ਖੁਸ਼ੀ ਜ਼ਾਹਰ ਕਰਦਿਆਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਦਫਤਰੀ ਕਰਮਚਾਰੀ ਮੇਰੇ ਪਰਵਾਰਕ ਮੈਂਬਰ ਹਨ ਤੇ ਇਨ੍ਹਾਂ ਵੱਲੋਂ ਅੱਜ ਮੈਨੂੰ ਬਹੁਤ ਮਾਣ ਤੇ ਸਨਮਾਨ ਦਿੱਤਾ ਗਿਆ ਹੈ। ਉਨ੍ਹਾ ਕਿਹਾ ਕਿ ਜ਼ਿਲ੍ਹੇ ਪੱਧਰ 'ਤੇ ਸਿੱਖਿਆ ਵਿਭਾਗ ਵਿੱਚ ਮੁਲਾਜ਼ਮਾਂ ਨੂੰ ਜੇਕਰ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾ ਦਫਤਰ ਕਰਮਚਾਰੀਆਂ ਨੂੰ ਹਦਾਇਤ ਜਾਰੀ ਕੀਤੀ ਕਿ ਉਹ ਆਪਣੇ ਦਫਤਰ ਵਿੱਚ ਹਰ ਰੋਜ਼ ਥੋੜ੍ਹੇ ਥੋੜ੍ਹੇ ਸਕੂਲਾਂ ਦਾ ਰਿਕਾਰਡ ਮੰਗਵਾ ਕੇ ਚੈੱਕ ਕਰਨ ਅਤੇ ਜਿਸ ਸਕੂਲ ਦਾ ਰਿਕਾਰਡ ਅਧੂਰਾ ਹੋਵੇ ਉਸ ਸਕੂਲ ਇੰਚਾਰਜ ਨੂੰ ਰਿਕਾਰਡ ਪੂਰਾ ਕਰਨ ਲਈ ਪ੍ਰੇਰਿਤ ਕਰਨ। ਇਸ ਮੌਕੇ ਕੁਝ ਅਧਿਆਪਕਾਂ ਵੱਲੋਂ ਡੀ ਈ ਓ ਮੈਡਮ ਨੂੰ ਮਿੱਡ ਡੇ ਮੀਲ ਦੇ ਪੈਸਿਆਂ ਦੇ ਭੁਗਤਾਨ ਸੰਬੰਧੀ ਕੇਨਰਾ ਬੈਕ ਫਤਿਹਗੜ੍ਹ ਚੂੜੀਆਂ ਵੱਲੋਂ ਜੋ ਮੁਸ਼ਕਿਲਾਂ ਪੇਸ਼ ਆ ਰਹੀਆਂ ਸਨ, ਉਸ ਬਾਰੇ ਵਿਸਥਾਰ ਸਹਿਤ ਜਾਣੂ ਕਰਵਾਇਆ ਗਿਆ। ਡੀ ਈ ਓ ਨੇ ਅਧਿਆਪਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਬੈਂਕ ਅਧਿਕਾਰੀਆਂ ਨਾਲ ਗੱਲ ਕਰਕੇ ਉਨਾਂ ਦੀ ਇਸ ਮੁਸ਼ਕਿਲ ਦਾ ਬਹੁਤ ਹੀ ਜਲਦੀ ਹੱਲ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਬੁੱਕਸ ਪਵਨ ਕੁਮਾਰ, ਐਮ ਆਈ ਐਸ ਮੁਨੀਸ਼ ਸ਼ਰਮਾ, ਅਕਾਊਂਟੈਂਟ ਰੁਪਿੰਦਰ ਕੌਰ, ਬਲਾਕ ਸਪੋਰਟਸ ਅਫਸਰ ਪ੍ਰਭਜੋਤ ਕੌਰ , ਬੀ .ਐਮ .ਟੀ ਲਵਪ੍ਰੀਤ ਸਿੰਘ ਘੁੰਮਣ, ਅਧਿਆਪਕ ਰਾਜ ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।



## ਝੋਨੇ/ਬਾਸਮਤੀ ਦੀ ਫ਼ਸਲ 'ਚ ਗੈਰ-ਸਿਫਾਰਸ਼ਸ਼ੁਦਾ ਖੇਤੀ ਸਮੱਗਰੀ ਦੀ ਵਰਤੋਂ ਨਾ ਕੀਤੀ ਜਾਵੇ : ਡਾ.ਅਮਰੀਕ ਸਿੰਘ

**ਧਾਰੀਵਾਲ/ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ)**

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਜ਼ਿਲ੍ਹਾ ਗੁਰਦਾਸਪੁਰ ਨੂੰ ਪ੍ਰਦੂਸ਼ਣ ਮੁਕਤ ਜ਼ਿਲ੍ਹਾ ਬਣਾਉਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਹਫ਼ਤੇ ਦੇ ਹਰ ਬੁੱਧਵਾਰ ਨੂੰ ਪਿੰਡਾਂ ਵਿੱਚ ਜਾਗਰੂਕਤਾ ਕੈਂਪ ਲਗਾ ਕੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਸਾੜਨ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੁਹਿੰਮ ਤਹਿਤ ਬਲਾਕ ਕਾਹਨੂੰਵਾਨ ਦੇ ਪਿੰਡ ਠੀਕਰੀਵਾਲ ਵਿੱਚ ਵਿਸ਼ੇਸ਼ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਦੀ ਪ੍ਰਧਾਨਗੀ ਡਾ. ਅਮਰੀਕ ਸਿੰਘ ਜ਼ਿਲ੍ਹਾ ਸਿਖ਼ਲਾਈ ਅਫ਼ਸਰ ਨੇ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਦਿਲਬਾਗ ਸਿੰਘ ਭੱਟੀ ਬਲਾਕ ਖੇਤੀਬਾੜੀ ਅਫ਼ਸਰ, ਡਾ. ਦਿਲਰਾਜ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ, ਕਮਲ ਇੰਦਰਜੀਤ ਸਿੰਘ ਬਾਜਵਾ ਬਲਾਕ ਤਕਨਾਲੋਜੀ ਪ੍ਰਬੰਧਕ (ਆਤਮਾ), ਅਮਨਦੀਪ ਕੌਰ ਖੇਤੀਬਾੜੀ ਵਿਸਥਾਰ ਅਫ਼ਸਰ, ਅਗਾਂਹਵਧੂ ਕਿਸਾਨ ਸੁਖਵਿੰਦਰ ਸਿੰਘ ਕੱਲੂਸੋਹਲ ਸਮੇਤ ਸਮੂਹ ਸਟਾਫ ਅਤੇ ਕਿਸਾਨ ਹਾਜ਼ਰ ਸਨ। ਡਾ. ਅਮਰੀਕ ਸਿੰਘ ਨੇ ਕਿਹਾ ਕਿ ਪਿਛਲੇ ਸਾਲ ਜ਼ਿਲ੍ਹਾ ਗੁਰਦਾਸਪੁਰ ਵਿੱਚ 854 ਪਰਾਲੀ ਨੂੰ ਅੱਗ ਲੱਗਣ ਦੇ ਮਾਮਲੇ ਦਰਜ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਅੰਦਰ 55 ਅਜਿਹੇ ਪਿੰਡ ਹਨ, ਜਿਨ੍ਹਾਂ ਵਿੱਚ 5 ਤੋਂ 10 ਪਰਾਲੀ ਨੂੰ ਅੱਗ ਲੱਗਣ ਦੇ ਮਾਮਲੇ ਦਰਜ ਕੀਤੇ ਗਏ ਸਨ। ਉਨ੍ਹਾਂ ਦੱਸਿਆ ਇਨ੍ਹਾਂ 55 ਪਿੰਡਾਂ ਵਿੱਚ ਅਕਤੂਬਰ ਮਹੀਨੇ ਤੱਕ ਹਰ ਬੁੱਧਵਾਰ ਨੂੰ ਕਿਸਾਨ ਜਾਗਰੂਕਤਾ ਕੈਂਪ ਲਗਾਏ ਜਾਣਗੇ ਤਾਂ ਜੋ ਜ਼ਿਲ੍ਹਾ ਗੁਰਦਾਸਪੁਰ ਨੂੰ ਪ੍ਰਦੂਸ਼ਣ ਮੁਕਤ ਜ਼ਿਲ੍ਹਾ ਬਣਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਪਿੰਡ ਠੀਕਰੀਵਾਲ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲੱਗਣ ਦੇ 3 ਵਾਕਿਆ ਦਰਜ ਕੀਤੇ ਗਏ ਸਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਇਸ ਵਾਰ ਝੋਨੇ ਦੀ ਕਟਾਈ ਤੋਂ ਬਾਅਦ ਕੋਈ ਕਿਸਾਨ ਪਰਾਲੀ ਨੂੰ ਅੱਗ ਨਾ ਲਗਾਵੇ ਤਾਂ ਜੋ ਪਿੰਡ ਠੀਕਰੀਵਾਲ ਨੂੰ ਪ੍ਰਦੂਸ਼ਣ ਮੁਕਤ ਪਿੰਡ ਬਣਾਇਆ ਜਾ ਸਕੇ। ਡਾ. ਅਮਰੀਕ ਸਿੰਘ ਨੇ ਕਿਹਾ ਕਿ ਝੋਨੇ ਦੀ ਪਰਾਲੀ ਸਾੜਨ ਦੀ ਬਜਾਏ ਖੇਤ ਵਿੱਚ ਹੀ ਤਵੀਆਂ ਨਾਲ ਵਾਹ ਦੇਣਾ ਚਾਹੀਦਾ ਜਾਂ ਝੋਨੇ ਦੀ ਕਟਾਈ ਉਪਰੰਤ ਕਟਰ ਕਮ ਸ਼ਰੈਡਰ ਜਾਂ ਚੌਪਰ ਨਾਲ ਰਹਿੰਦ ਖੂੰਹਦ ਨੂੰ ਖੇਤ ਵਿੱਚ ਇੱਕਸਾਰ ਖਿਲਾਰ ਕੇ ਪੀ.ਏ.ਯੂ. ਹੈਪੀ ਸੀਡਰ ਜਾਂ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਖੇਤ ਨੂੰ ਬਗੈਰ ਵਾਹੇ ਕਰ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਣਕ ਦੀ ਬਿਜਾਈ ਲਈ ਮਲਚਿੰਗ ਤਕਨੀਕ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਸਾਨਾਂ ਨੂੰ ਝੋਨੇ/ਬਾਸਮਤੀ ਦੀ ਫਸਲ ਵਿੱਚ ਗੈਰ-ਸਿਫਾਰਸ਼ਸ਼ੁਦਾ ਖੇਤੀ ਸਮੱਗਰੀ ਜਿਵੇਂ ਸਲਫਰ, ਦਾਣੇਦਾਰ ਕੀਟਨਾਸ਼ਕ ਆਦਿ ਦੀ ਵਰਤੋਂ ਨਾ ਕਰਨ ਦੀ ਅਪੀਲ ਕੀਤੀ। ਡਾ. ਦਿਲਬਾਗ ਸਿੰਘ ਭੱਟੀ ਨੇ ਕਿਹਾ ਕਿ ਬਲਾਕ ਖੇਤੀਬਾੜੀ ਦਫ਼ਤਰ ਕਾਹਨੂੰਵਾਨ ਕੋਲ ਦੋ ਸੁਪਰਸੀਡਰ ਮੌਜੂਦ ਹਨ। ਉਨ੍ਹਾਂ ਕਿਹਾ ਕਿ ਕੋਈ ਵੀ ਕਿਸਾਨ ਆਪਣਾ ਟ੍ਰੈਕਟਰ ਲਿਆ ਇਨ੍ਹਾਂ ਸੁਪਸੀਡਰਾਂ ਦੀ ਵਰਤੋਂ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸੁਪਰਸੀਡਰਾਂ ਦਾ ਕਿਰਾਇਆ ਨਾ ਮਾਤਰ ਰੱਖਿਆ ਗਿਆ ਹੈ ਤਾਂ ਜੋ ਕਿਸੇ ਕਿਸਮ ਦੀ ਟੁੱਟ ਭੱਜ ਹੋਣ 'ਤੇ ਮੁਰੰਮਤ ਕਰਵਾਈ ਜਾ ਸਕੇ। ਡਾ. ਦਿਲਰਾਜ ਸਿੰਘ ਨੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਬਾਰੇ ਦੱਸਿਆ ਕਿ 28 ਜੁਲਾਈ ਨੂੰ 14ਵੀਂ ਕਿਸ਼ਤ ਭਾਰਤ ਸਰਕਾਰ ਵੱਲੋਂ ਜਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਇਸ ਸਕੀਮ ਦੇ ਲਾਭਪਾਤਰੀ ਕਿਸਾਨਾਂ ਨੂੰ ਈ.ਕੇ.ਵਾਈ.ਸੀ. ਕਰਵਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਜਿਨਾ ਕਿਸਾਨਾਂ ਦੀ ਈ.ਕੇ.ਵਾਈ.ਸੀ. ਮੁਕੰਮਲ ਨਹੀਂ ਹੋਵੇਗੀ ਉਨਾਂ ਦੇ ਖਾਤਿਆਂ ਵਿੱਚ 14 ਵੀਂ ਕਿਸ਼ਤ ਨਹੀਂ ਆਵੇਗੀ। ਬੀ.ਟੀ.ਐਮ ਕਮਲ ਇੰਦਰਜੀਤ ਸਿੰਘ ਬਾਜਵਾ ਨੇ ਆਤਮਾ ਸਕੀਮ ਤਹਿਤ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਅਮਨਦੀਪ ਕੌਰ ਨੇ ਸਮੂਹ ਕਿਸਾਨਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ।



## ਨੇਹਾ ਸਲਾਰੀਆ ਨੇ ਮਨਾਇਆ ਬਜ਼ੁਰਗਾਂ ਨਾਲ ਆਪਣਾ ਜਨਮ ਦਿਨ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਨੇਹਾ ਸਲਾਰੀਆ ਨੇ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਪਠਾਨਕੋਟ ਵਿੱਚ ਰਹਿ ਰਹੇ ਬਜ਼ੁਰਗਾਂ ਨਾਲ ਆਪਣੇ ਪਰਵਾਰ ਸਮੇਤ ਜਨਮ ਦਿਨ ਮਨਾਇਆ। ਉਹਨਾਂ ਨੇ ਬਜ਼ੁਰਗਾਂ ਨਾਲ ਗੱਲਬਾਤ ਕੀਤੀ ਤੇ ਉਹਨਾਂ ਦਾ ਹਾਲ ਚਾਲ ਜਾਣਿਆ। ਫਿਰ ਉਹਨਾਂ ਬਜ਼ੁਰਗਾਂ ਨਾਲ ਕੇਕ ਕੱਟਿਆ ਤੇ ਉਹਨਾਂ ਨੂੰ ਫਲ ਵੀ ਭੇਟ ਕੀਤੇ। ਨੇਹਾ ਸਲਾਰੀਆ ਦੇ ਪਰਵਾਰ ਨੇ ਆਸ਼ਰਮ ਵਿੱਚ ਰਹਿ ਰਹੇ ਬਜ਼ੁਰਗਾਂ ਨੂੰ ਲੰਗਰ ਛਕਾਇਆ। ਉਹਨਾਂ ਆਸ਼ਰਮ ਪ੍ਰਬੰਧਕਾਂ ਨੂੰ ਕਿਹਾ ਕਿ ਤੁਸੀਂ ਇੱਥੇ ਜੋ ਸੇਵਾ ਦਾ ਕੰਮ ਲਗਨ ਤੇ ਨਿਮਰਤਾ ਨਾਲ ਕਰ ਰਹੇ ਹੋ ਪ੍ਰਮਾਤਮਾ ਤੁਹਾਨੂੰ ਇਸੇ ਤਰ੍ਹਾਂ ਹਿੰਮਤ ਦਿੰਦੇ ਰਹਿਣ। ਅਸੀਂ ਤੁਹਾਡੇ ਨਾਲ ਇਹ ਵਾਅਦਾ ਕਰਦੇ ਹਾਂ ਕਿ ਅਸੀਂ ਹੁਣ ਤੁਹਾਨੂੰ ਇੱਥੇ ਮਿਲਣ ਆਉਂਦੇ ਹੀ ਰਹਾਂਗੇ। ਸਾਨੂੰ ਇੱਥੇ ਆ ਕੇ ਬਜ਼ੁਰਗਾਂ ਨੂੰ ਖੁਸ਼ ਦੇਖ ਕੇ ਬਹੁਤ ਖੁਸ਼ੀ ਹੋਈ। ਇਸ ਮੌਕੇ ਨੇਹਾ ਦੇ ਪਰਵਾਰਕ ਮੈਂਬਰ ਸਰਿਤਾ ਸਲਾਰੀਆ, ਜਗਦੀਪ ਸਿੰਘ ਸਲਾਰੀਆ ਉਹਨਾਂ ਦੀ ਨੂੰਹ ਨੇਹਾ ਸਲਾਰੀਆਆਏ ਹੋਏ ਸਨ। ਆਸ਼ਰਮ ਪ੍ਰਧਾਨ ਸਤਨਾਮ ਸਿੰਘ, ਸੁਪਰਡੈਂਟ ਮਿਸ ਅੰਜਲੀ ਸ਼ਰਮਾ ਨੇ ਆਏ ਹੋਏ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਤੇ ਸਮੂਹ ਸਟਾਫ, ਸਵਿਤਾ, ਸੁਖਵਿੰਦਰ ਕੌਰ, ਅੰਜੂ ਬਾਲਾ, ਆਰਤੀ, ਤਰਸੇਮ ਲਾਲ, ਰਾਜੇਸ਼ ਕੁਮਾਰ ਆਦਿ ਮੌਜੂਦ ਸਨ।



# ਐੱਲ ਪੀ ਯੂ ਕੈਂਪਸ 'ਚ 'ਨਾਰੀ ਸ਼ਕਤੀਕਰਨ ਮੋਟਰਸਾਈਕਲ ਰੈਲੀ' ਦਾ ਸਵਾਗਤ




**ਜਲੰਧਰ-( ਸ਼ੈਲੀ ਐਲਬਰਟ)** :- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਨੈਸ਼ਨਲ ਕੈਡੇਟ ਕੋਰ ਦੇ ਵਿੰਗ, ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੇ ਆਪਣੇ ਕੈਂਪਸ ਵਿੱਚ ਭਾਰਤੀ ਫੌਜ ਦੀ ਸਰਬ-ਔਰਤ ਨਾਰੀ ਸ਼ਕਤੀਕਰਨ ਮੋਟਰਸਾਈਕਲ ਰੈਲੀ-2023 ਦਾ ਸਵਾਗਤ ਕੀਤਾ । ਇਹ ਰੈਲੀ ਲਗਭਗ 1000 ਕਿਲੋਮੀਟਰ ਦਾ ਸਫ਼ਰ ਤੈਅ ਕਰਦੀ ਹੋਈ, ਹਰਿਆਣਾ, ਪੰਜਾਬ ਦੇ ਮੈਦਾਨੀ ਇਲਾਕਿਆਂ ਅਤੇ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਉੱਚੇ ਪਹਾੜੀ ਮਾਰਗਾਂ ਤੋਂ ਲੰਘਦੀ ਹੋਈ, ਆਖਰਕਾਰ 25 ਜੁਲਾਈ ਨੂੰ ਦਰਾਸ (ਲੱਦਾਖ) ਵਿੱਚ ਕਾਰਗਿਲ ਜੰਗੀ ਯਾਦਗਾਰ ਪਹੁੰਚੇਗੀ। ਇਸ ਵਿਸ਼ਾਲ ਦੇਸ਼ ਭਗਤੀ ਦੀ ਯਾਤਰਾ ਲਈ ਸਟਾਪ-4 ਦੇ ਰੂਪ ਵਿੱਚ ਨਿਯਤ, ਐਲਪੀਯੂ ਨੇ ਇਸ ਦੇ ਮੇਨ ਗੇਟ 'ਤੇ ਰੈਲੀ ਦਾ ਸੁਆਗਤ ਕੀਤਾ , ਅਤੇ ਇਸਦੀ ਅਗਵਾਈ ਸ਼ਾਂਤੀ ਦੇਵੀ ਮਿੱਤਲ ਆਡੀਟੋਰੀਅਮ ਵਿੱਚ ਕੀਤੀ, ਜਿੱਥੇ ਐਨ ਸੀ ਸੀ ਕੈਡਿਟਾਂ ਅਤੇ ਹੋਰ ਵਿਦਿਆਰਥੀਆਂ ਨੂੰ 25 ਬਹਾਦਰ ਬਾਈਕਰਾਂ ਨਾਲ ਵੱਡੇ ਪੱਧਰ ਤੇ ਗੱਲਬਾਤ ਕਰਕੇ ਉਤਸ਼ਾਹਿਤ ਕੀਤਾ ਗਿਆ। ਸਵੇਰੇ ਇਸ ਨੂੰ ਥਲ ਸੈਨਾ ਦੇ ਮੁਖੀ ਜਨਰਲ ਮਨੋਜ ਪਾਂਡੇ, ਪੀਵੀਐਸਐਮ ਏਵੀਐਸਐਮ ਵੀਐਸਐਮ ਏਡੀਸੀ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਸੀ। ।ਮਹਿਲਾ-ਟੀਮ ਕਾਰਗਿਲ ਯੁੱਧ ਦੌਰਾਨ ਹਥਿਆਰਬੰਦ ਬਲਾਂ ਦੀ ਨਿਰਣਾਇਕ ਜਿੱਤ ਦਾ ਜਸ਼ਨ ਮਨਾ ਰਹੀ ਹੈ ਅਤੇ ਦੇਸ਼ ਦੀ ਸੇਵਾ ਵਿੱਚ ਕੁਰਬਾਨੀਆਂ ਕਰਨ ਵਾਲੇ ਸੈਨਿਕਾਂ ਨੂੰ ਸ਼ਰਧਾਂਜਲੀ ਭੇਟ ਕਰ ਰਹੀ ਹੈ। । ਭਾਰਤੀ ਸੈਨਿਕਾਂ ਦੀ ਮਿਸਾਲੀ ਕੁਰਬਾਨੀ, ਅਤੇ ਔਰਤਾਂ ਦੀ ਅਜਿੱਤ ਸਮਰਥਕ ਸ਼ਕਤੀ ਨੂੰ ਬਰਕਰਾਰ ਰੱਖਦੀਆਂ ; ਐਲਪੀਯੂ ਦੀ ਪ੍ਰੋ ਚਾਂਸਲਰ ਸ਼੍ਰੀਮਤੀ ਰਸ਼ਮੀ ਮਿੱਤਲ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਔਰਤਾਂ ਈਸ਼ਵਰ ਸ਼ਕਤੀਆਂ ਦਾ ਅਸਲ ਰੂਪ ਹਨ । ਐਲਪੀਯੂ ਦੇ ਚਾਂਸਲਰ ਡਾ ਅਸ਼ੋਕ ਕੁਮਾਰ ਮਿੱਤਲ, ਜਲੰਧਰ ਗਰੁੱਪ ਦੇ ਬ੍ਰਿਗੇਡੀਅਰ ਅਜੇ ਤਿਵਾੜੀ ਐਸਐਮ (ਸੈਨਾ ਮੈਡਲ), ਸ੍ਰੀਮਤੀ ਦੀਪਾਲੀ ਤਿਵਾੜੀ, ਕਰਨਲ ਮਨਿੰਦਰ ਸਿੰਘ ਸਚਦੇਵ (2 ਪੰਜਾਬ ਗਰਲਜ਼ ਬਟਾਲੀਅਨ ਐਨਸੀਸੀ ਯੂਨਿਟ), ਸ੍ਰੀਮਤੀ ਪ੍ਰਕ੍ਰਿਤੀ ਸਚਦੇਵ ਅਤੇ ਮੇਜਰ ਅਮਨਪ੍ਰੀਤ ਕੌਰ 2 ਪੰਜਾਬ ਗਰਲਜ਼ ਬਟਾਲੀਅਨ ਐਨ.ਸੀ.ਸੀ.) ਦੇ ਐਡਮਿਨ ਅਫਸਰ ਨੇ ਵੀ ਸ਼ਿਰਕਤ ਕੀਤੀ ।

# ਔਰਤਾਂ ਨੂੰ ਜਥੇਬੰਦ ਹੋ ਕੇ ਆਪਣੇ ਹੱਕਾਂ ਲਈ ਲੜਨਾ ਪਵੇਗਾ : ਸੋਹਲ



**ਬਹਿਰਾਮ (ਅਵਤਾਰ ਕਲੇਰ)** ਪੰਜਾਬ ਇਸਤਰੀ ਸਭਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਕਾਨਫਰੰਸ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਕਾਮਰੇਡ ਸ਼ੀਲਾ ਸੰਘਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਇਸਤਰੀ ਸਭਾ ਦੀ ਸੂਬਾਈ ਆਗੂ ਕਾਮਰੇਡ ਨਰਿੰਦਰ ਕੌਰ ਸੋਹਲ ਬਤੌਰ ਨਿਗਰਾਨ ਸ਼ਾਮਲ ਸਨ। ਇਸ ਮੌਕੇ ਨਰਿੰਦਰ ਸੋਹਲ ਨੇ ਸ਼ੁਰੂਆਤੀ ਭਾਸ਼ਣ ਵਿੱਚ ਸਮਾਜ ਵਿਚ ਔਰਤ ਦੀ ਭੂਮਿਕਾ ਅਤੇ ਅਜੋਕੀ ਹਾਲਤ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਜਿਸ ਔਰਤ ਨੂੰ ਬਾਬੇ ਨਾਨਕ ਜੀ ਨੇ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ਨਾਲ ਵਡਿਆਈ ਕੀਤੀ ਅੱਜ ਉਸੇ ਔਰਤ ਨੂੰ ਪੈਰ ਦੀ ਜੁੱਤੀ ਮੰਨ ਕੇ ਤਾੜਿਆ ਜਾ ਰਿਹਾ ਹੈ। ਅੱਜ ਆਰ ਐਸ ਐਸ ਦੀ ਵਿਚਾਰਧਾਰਾ ਵਾਲੀ ਭਾਜਪਾ ਦੀ ਮੋਦੀ ਸਰਕਾਰ ਦੇ ਨੌਂ ਸਾਲ ਦੇ ਰਾਜ ਵਿੱਚ ਮਨੂੰ ਸਮ੍ਰਿਤੀ ਲਾਗੂ ਕਰਨ ਲਈ ਔਰਤ, ਦਲਿਤ ਵਿਰੋਧੀ ਰਾਜ ਦੀ ਸ਼ੁਰੂਆਤ ਹੀ ਕਠੂਆ ਵਿੱਚ ਅੱਠ ਸਾਲ ਦੀ ਬੱਚੀ ਆਸਿਫਾ ਦੇ ਨਾਲ ਬਲਾਤਕਾਰ ਤੋਂ ਸ਼ੁਰੂ ਕੀਤੀ ਗਈ ਹੈ। ਹਰ ਉਸ ਆਵਾਜ਼ ਨੂੰ ਦਬਾਉਣ ਲਈ ਜਬਰ ਦਾ ਸਹਾਰਾ ਲਿਆ ਜਾਂਦਾ ਹੈ ਜਿਹੜੀ ਔਰਤ ਦੇ ਹੱਕਾਂ ਲਈ ਉੱਠਦੀ ਹੈ। ਇਸ ਦੀ ਲਗਾਤਾਰਤਾ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਨ ਸਰਨ ਸਿੰਘ ਵੱਲੋਂ ਪਹਿਲਵਾਨ ਬੇਟੀਆਂ ਉਤੇ ਜਿਣਸੀ ਸੋਸ਼ਣ ਤੱਕ ਜਾਰੀ ਹੈ। ਸਾਰੀ ਦੀ ਸਾਰੀ ਭਾਜਪਾ ਸਰਕਾਰ ਉਸ ਨੂੰ ਬਚਾਉਣ ਲਈ ਪੱਬਾਂ ਭਾਰ ਹੋਈ ਪਈ ਹੈ। ਅਜਿਹੇ ਹਾਲਾਤਾਂ ਵਿਚ ਔਰਤ ਨੂੰ ਜਥੇਬੰਦ ਹੋ ਕੇ ਆਪਣੇ ਹੱਕਾਂ ਲਈ ਲੜਨਾਂ ਪਵੇਗਾ। ਇਸ ਦੀ ਸ਼ੁਰੂਆਤ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੰਜਾਬ ਇਸਤਰੀ ਸਭਾ ਦੀ ਇਕਾਈ ਦਾ ਗਠਨ ਕੀਤਾ ਗਿਆ। ਇਸ ਵਿੱਚ ਕਾਮਰੇਡ ਗੁਰਬਖਸ਼ ਕੌਰ ਰਾਹੋਂ ਪ੍ਰਧਾਨ, ਕਾਮਰੇਡ ਸ਼ੀਲਾ ਸੰਘਾ ਜਨਰਲ ਸਕੱਤਰ, ਨਿਰਮਲ ਕੌਰ ਸੀਨੀਅਰ ਸਹਾਇਕ ਸਕੱਤਰ, ਰਾਜ ਰਾਣੀ ਮੀਤ ਸਕੱਤਰ, ਬੀਨਾ ਮੀਤ ਪ੍ਰਧਾਨ, ਪੂਜਾ ਖਜਾਨਚੀ ਸਰਬਸੰਮਤੀ ਨਾਲ ਚੁਣੇ ਗਏ। ਇਨ੍ਹਾਂ ਤੋਂ ਇਲਾਵਾ ਸੀ ਪੀ ਆਈ ਦੇ ਜਿਲ੍ਹਾ ਸਕੱਤਰ ਕਾਮਰੇਡ ਸਵਤੰਤਰ ਕੁਮਾਰ, ਤਹਿਸੀਲ ਸਕੱਤਰ ਕਾਮਰੇਡ ਮੁਕੰਦ ਲਾਲ, ਤਹਿਸੀਲ ਸਕੱਤਰ ਬਲਾਚੌਰ ਕਾਮਰੇਡ ਪਰਵਿੰਦਰ ਮੇਨਕਾ, ਜਸਵਿੰਦਰ ਭੰਗਲ ਨੇ ਚੁਣੀ ਗਈ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਹਰ ਤਰ੍ਹਾਂ ਦੀ ਮੱਦਦ ਕਰਨ ਲਈ ਤਿਆਰ ਹਨ।

# ਸੇਂਟ ਸੋਲਜਰ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਦਾ 'ਵਰਸਿਟੀ 'ਚ ਸ਼ਾਨਦਾਰ ਪ੍ਰਦਰਸ਼ਨ



**ਜਲੰਧਰ, (ਇਕਬਾਲ ਸਿੰਘ ਉੱਭੀ)**- ਸੇਂਟ ਸੋਲਜਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਟੈਕਨਾਲੋਜੀ ਦੇ ਵਿਦਿਆਰਥੀਆਂ ਨੇ ਆਈ.ਕੇ.ਜੀ. ਪੰਜਾਬ ਟੈਕਨੀਕਲ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਵੱਖ-ਵੱਖ ਕੋਰਸਾਂ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਗੁਰਪ੍ਰੀਤ ਸਿੰਘ ਸੈਣੀ ਨੇ ਦੱਸਿਆ ਕਿ ਬੀ.ਟੈਕ ਸਿਵਲ ਇੰਜੀਨੀਅਰਿੰਗ ਅੱਠਵੇਂ ਸਮੈਸਟਰ ਦੇ ਦਿਨੇਸ਼ ਨੇ 10 ਐੱਸਜੀਪੀਏ, ਅੰਮ੍ਰਿਤਪਾਲ, ਸੁਖਪ੍ਰੀਤ ਸਿੰਘ ਨੇ 9 ਐੱਸਜੀਪੀਏ, (ਮਕੈਨੀਕਲ ਇੰਜੀਨੀਅਰਿੰਗ) ਅੱਠਵੇਂ ਸਮੈਸਟਰ ਦੇ ਵਿਦਿਆਰਥੀ ਚਰਨਪ੍ਰੀਤ ਸਿੰਘ, ਜਸਪਾਲ ਸਿੰਘ, ਚਰਨਜੀਤ ਬੰਗੜ, ਬਲਜਿੰਦਰ ਸਿੰਘ ਨੇ 9 ਐੱਸਜੀਪੀਏ, ਇਲੈਕਟ੍ਰੀਕਲ ਇੰਜੀਨੀਅਰਿੰਗ ਦੇ ਅੱਠਵੇਂ ਸਮੈਸਟਰ 'ਚ ਪ੍ਰਭਪ੍ਰੀਤ ਸਿੰਘ, ਅੰਕਿਤਾ ਕੁਮਾਰੀ, ਬਲਜੀਤ ਸਿੰਘ, ਜਸਪ੍ਰੀਤ ਸਿੰਘ ਨੇ 9 ਐੱਸਜੀਪੀਏ ਅੰਕ ਪ੍ਰਾਪਤ ਕੀਤੇ ਹਨ। ਇਸ ਦੇ ਨਾਲ ਹੀ ਐਮਬੀਏ ਚੌਥੇ ਸਮੈਸਟਰ ਵਿੱਚ ਮਨਜੋਤ ਕੌਰ ਨੇ 8.69 ਐਸਜੀਪੀਏ, ਰਵੀ ਨੇ 8.46 ਐਸਜੀਪੀਏ, ਪਰਮਜੀਤ ਕੌਰ ਨੇ 8.46 ਐਸਜੀਪੀਏ, ਅਨੂ ਨੇ 8.15 ਐਸਜੀਪੀਏ ਪ੍ਰਾਪਤ ਕੀਤੇ ਹਨ। ਉਨ੍ਹਾਂ ਦੱਸਿਆ ਕਿ ਹੋਰ ਵਿਦਿਆਰਥੀ ਵੀ ਚੰਗੇ ਅੰਕ ਲੈ ਕੇ ਪਾਸ ਹੋਏ ਹਨ। ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਵੱਲੋਂ ਵੇਟ ਲਿਫਟਰ ਭੈਣਾਂ ਨੂੰ 'ਮਾਣ ਪੰਜਾਬ ਦਾ' ਐਵਾਰਡ





**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)** ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਵਲੋਂ ਐਂਟੀ ਕੁਰੱਪਸ਼ਨ ਫਾਊਂਡੇਸਨ ਫਾਰ ਪੀਪਲਜ਼ ਦੇ ਸਹਿਯੋਗ ਨਾਲ ਇਕ ਸਨਮਾਨ ਸਮਾਗਮ ਦਾ ਆਯੋਜਨ ਮੁਹੱਲਾ ਪ੍ਰੇਮਪੁਰਾ ਵਿਖੇ ਕੀਤਾ ਗਿਆ। ਸਮਾਗਮ ਦੌਰਾਨ ਦਿੱਲੀ ਐਨ.ਸੀ.ਆਰ. ਦੇ ਨੋਇਡਾ (ਯੂ.ਪੀ.) ਵਿੱਚ ਆਯੋਜਿਤ ਜੂਨੀਅਰ ਅਤੇ ਯੂਥ ਕਾਮਨਵੈਲਥ ਵੇਟ ਲਿਫਟਿੰਗ ਚੈਂਪੀਅਨਸ਼ਿਪ 'ਚ ਦੋ ਗੋਲਡ ਮੈਡਲ ਜਿੱਤਣ ਵਾਲੀ ਕੈਨੇਡਾ ਦੀ ਜੰਮਪਲ ਵੇਟ ਲਿਫਟਰ ਏਂਜਲ ਬਿਲੇਨ ਅਤੇ ਉਸਦੀਆਂ ਦੋ ਹੋਰ ਵੇਟ ਲਿਫਟਰ ਭੈਣਾ ਜੀਨਤ ਬਿਲੇਨ ਤੇ ਹਲੀਨਾ ਬਿਲੇਨ ਨੂੰ 'ਮਾਣ ਪੰਜਾਬ ਦਾ' ਅਵਾਰਡ ਨਾਲ ਸਨਮਾਨਤ ਕੀਤਾ ਗਿਆ। ਸਮਾਗਮ ਦੌਰਾਨ ਏਂਜਲ ਦੇ ਪਿਤਾ ਅਤੇ ਰੁਸਤਮ ਰੈਸਲਿੰਗ ਕਲੱਬ (ਸਰੀ) ਕਨੇਡਾ ਦੇ ਪ੍ਰਧਾਨ ਹਰਜੀਤ ਸਿੰਘ ਰਾਏ ਪੁਰ ਡੱਬਾ ਨੇ ਦੱਸਿਆ ਕਿ ਉਹਨਾਂ ਦਾ ਪਿਛੋਕੜ ਪੰਜਾਬ ਦੇ ਰਾਏਪੁਰ ਡੱਬਾ ਨਾਲ ਜੁੜਿਆ ਹੈ। ਉਹਨਾਂ ਦੀਆਂ ਤਿੰਨੇ ਧੀਆਂ ਸਰੀ (ਕੈਨੇਡਾ) ਦੀਆਂ ਜੰਮਪਲ ਹਨ ਜਿਹਨਾਂ ਨੂੰ ਬਚਪਨ ਤੋਂ ਹੀ ਵੇਟ ਲਿਫਟਿੰਗ ਦਾ ਸ਼ੌਕ ਸੀ। ਅਮਰੀਕਾ ਤੇ ਯੂਰਪ ਦੇ ਕਈ ਮੁਲਕਾਂ ਵਿਚ ਇਹਨਾਂ ਧੀਆਂ ਨੇ ਕਈ ਖਿਤਾਬ ਹਾਸਲ ਕੀਤੇ ਹਨ। ਇਸ ਦੌਰਾਨ ਸੁਸਾਇਟੀ ਦੇ ਪ੍ਰਧਾਨ ਗੀਤ ਪ੍ਰੀਤ ਪਾਲ ਸਿੰਘ ਨੇ ਏਂਜਲ ਨੂੰ ਉਸਦੀ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਪੰਜਾਬ ਦੀਆਂ ਧੀਆਂ ਦੁਨੀਆ ਦੇ ਕਿਸੇ ਵੀ ਹਿੱਸੇ 'ਚ ਕਿਉਂ ਨਾ ਜੰਮੀਆਂ ਤੇ ਪਲੀਆਂ ਹੋਣ ਪਰ ਉਹ ਆਪਣੇ ਪੰਜਾਬੀ ਹੋਣ ਦਾ ਸਬੂਤ ਆਪਣੀ ਕਿਸੇ ਨਾ ਕਿਸੇ ਕਲਾ ਰਾਹੀਂ ਜਰੂਰ ਦਿੰਦੀਆਂ ਹਨ। ਇਹਨਾਂ ਤਿੰਨੇ ਧੀਆਂ ਤੇ ਸਾਰੇ ਪੰਜਾਬ ਨੂੰ ਬੜਾ ਮਾਣ ਹੈ। ਇਸ ਤੋਂ ਪਹਿਲਾਂ ਫਾਊਡੇਸ਼ਨ ਦੇ ਪ੍ਰਧਾਨ ਡਾ. ਦਰਸਨ ਕਟਾਰੀਆ ਨੇ ਸਮੂਹ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਸਟੇਜ ਦੀ ਸੇਵਾ ਨਿਭਾਉਂਦੇ ਹੋਏ ਸਲਵਿੰਦਰ ਸਿੰਘ ਜੱਸੀ ਨੇ ਅਖੀਰ 'ਚ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਹੁਸਨ ਲਾਲ, ਡਾ. ਅਸਵਨੀ ਕੁਮਾਰ, ਅਵਤਾਰ ਸਿੰਘ ਰੰਧਾਵਾ, ਅਵਤਾਰ ਅੰਬੇਡਕਰੀ, ਸੁਰਜੀਤ ਕੌਰ ਬਸਰਾ, ਹਰਜੋਤ ਸਿੰਘ, ਰਮਨ ਆਦਿ ਹਾਜ਼ਰ ਸਨ।

# ਅਨੀਮੀਆ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** ਸਰਕਲ ਪਰਤਾਬਪੁਰਾ ਦੇ ਪਿੰਡ ਮੀਓਂਵਾਲ ਵਿਖੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ( ਚੰਡੀਗੜ੍ਹ) ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰੋਗਰਾਮਰ ਅਫਸਰ ਜਲੰਧਰ ਦੇ ਦਿਸ਼ਾ ਨਿਰਦੇਸ਼ਾਂ ਸਾਹਿਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਨੂਰਮਹਿਲ ਸ੍ਰੀਮਤੀ ਹਰਵਿੰਦਰ ਕੌਰ ਵਲੋਂ ਅਨੀਮੀਆ ਸਬੰਧੀ ਜਾਗਰੂਕਤਾ ਕੈਂਪ ਲਗਵਾਇਆ ਗਿਆ । ਜਿਸ ਵਿੱਚ ਸਿਹਤ ਵਿਭਾਗ ਦੀ ਐਲ ਐਚ ਵੀ ਭੁਪਿੰਦਰ ਕੌਰ ਵਲੋਂ ਔਰਤਾਂ ਨੂੰ ਅਨੀਮੀਆ ਕੀ ਹੈ, ਇਸ ਦੀ ਕਿਵੇਂ ਰੋਕਥਾਮ ਕਰ ਸਕਦੇ ਹਾਂ, ਕਿਵੇਂ ਆਇਰਨ ਯੁਕਤ ਭੋਜਨ ਖਾ ਕੇ ਖੂਨ ਦੀ ਕਮੀ ਤੋਂ ਬਚ ਸਕਦੇ ਹਾਂ, ਬਾਰੇ ਜਾਣਕਾਰੀ ਦਿੱਤੀ ਗਈ । ਸਰਕਲ ਸੁਪਰਵਾਈਜ਼ਰ ਸ਼ੁਦੇਸ ਰਾਣੀ ਤੇ ਏ ਐਨ ਐਮ ਕੁਲਵੀਰ ਕੌਰ ਵਲੋਂ ਵੀ ਔਰਤਾਂ ਨੂੰ ਜਾਣਕਾਰੀ ਦਿੱਤੀ ਗਈ। ਕੈਂਪ ਵਿਚ ਸੀ ਐਚ ਓ ਨੇਹਾ ਆਂਗਨਵਾੜੀ ਵਰਕਰ ਸੁਖਵਿੰਦਰ, ਸਿਮਰਜੀਤ ਅਤੇ ਹੈਲਪਰਾਂ ਮਧੂਵਾਲਾ, ਜਗਿੰਦਰੋ ਅਤੇ ਪਿੰਡ ਦੀਆਂ ਔਰਤਾਂ ਸ਼ਾਮਿਲ ਹੋਈਆਂ ।

# ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਰਾਸ਼ਨ ਵੰਡਣ ਲਈ ਜਥਾ ਰਵਾਨਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਬੱਡਲਾ ਵਿਖੇ ਸਿੰਘ ਲੈਂਡ ਯੂਥ ਕਲੱਬ ਬੱਡਲਾ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਇਲਾਕਿਆਂ ਲੋਹੀਆਂ ਦੀ ਮਦਦ ਕਲੱਬ ਵਲੋਂ ਰਾਸ਼ਨ ਗੱਡੀਆਂ ਨੂੰ ਅਰਦਾਸ ਕਰਨ ਉਪਰੰਤ ਰਵਾਨਾ ਕੀਤਾ ਗਿਆ। ਇਸ ਮੌਕੇ ਬਾਬਾ ਬੂਟਾ ਸਿੰਘ ਬੱਡਲਾ ਨੇ ਦੱਸਿਆ ਕਿ ਹੜ੍ਹ ਨਾਲ ਪ੍ਰਭਾਵਿਤ ਇਲਾਕਿਆਂ ਵਿਚ ਰਾਸਨ ਆਟਾ, ਖੰਡ, ਚਾਹ ਪੱਤੀ,ਆਲੂ, ਪਿਆਜ, ਬਰੈਡ, ਰਸ, ਬਿਸਕੁਟ ਭੁਜੀਆ ਪਾਣੀ ਦੀਆਂ ਬੋਤਲਾਂ ਆਦਿ ਰਾਸ਼ਨ ਲੋਹੀਆਂ ਇਲਾਕੇ ਵਿੱਚ ਘਰ ਘਰ ਜਾ ਕੇ ਵੰਡਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮੁਸੀਬਤ ਵਿਚ ਸਾਰਿਆਂ ਨੂੰ ਇੱਕਠੇ ਹੋ ਕੇ ਹੜ੍ਹ ਨਾਲ ਪ੍ਰਭਾਵਿਤ ਇਲਾਕਿਆਂ ਵਿਚ ਜਾ ਕੇ ਵੱਧ ਤੋਂ ਵੱਧ ਸਹਾਇਤਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੋਆਬੇ ਦੀਆਂ ਸਮੂਹ ਸੰਗਤਾਂ ਹੜ੍ਹ ਨਾਲ ਪ੍ਰਭਾਵਿਤ ਇਲਾਕਿਆਂ ਵਿਚ ਘਰ ਘਰ ਜਾ ਕੇ ਵੱਧ ਤੋਂ ਵੱਧ ਸਹਾਇਤਾ ਕਰਨੀ ਚਾਹੀਦੀ ਹੈ।

ਇਸ ਮੌਕੇ ਗੁਰਦੀਪ ਸਿੰਘ ਦੀਪਾ, ਲਾਲ ਸਿੰਘ ਲਾਲੀ, ਹਰਜੀਤ ਸਿੰਘ ਸੋਨੀ, ਬਾਬਾ ਬੂਟਾ ਸਿੰਘ ਬੱਡਲਾ, ਯਾਦਵਿੰਦਰ ਸਿੰਘ ਧੰਨਜੀਤ ਸਿੰਘ ਧੰਨਾ, ਗੋਪੀ, ਸਵਜੀਤ ਸਿੰਘ ਨਵੀਂ, ਬਲਕਾਰ ਸਿੰਘ ਲਾਡੀ, ਸੁਖਦੇਵ ਸਿੰਘ ਦੇਬੀ ਮੁੱਖ ਸੇਵਾਦਾਰ ਮਾਈ ਜਾਮਣ, ਬਲਜੀਤੀ, ਤਰਨਜੋਤ ਸਿੰਘ, ਵਰਿੰਦਰ ਸਿੰਘ, ਹਰਭਜਨ ਸਿੰਘ ਹਰਨੇਕ ਸਿੰਘ, ਸੁਖਵਿੰਦਰ ਸਿੰਘ, ਪ੍ਰਗਟ ਸਿੰਘ, ਗੁਰਜੀਤ ਸਿੰਘ, ਰਾਜੂ ਲੰਬੜਦਾਰ, ਲਾਟੂ, ਗੱਗੂ, ਦਲਜੀਤ ਸਿੰਘ, ਜਸਕੀਰਤ ਸਿੰਘ ਹਰਕਮਲ ਸਿੰਘ, ਅਜੀਤ ਸਿੰਘ, ਨਿੰਦਾ, ਸੁਖਪਾਲ ਸਿੰਘ ਆਦਿ ਹਾਜਰ ਸਨ। ਇਸ ਮੌਕੇ ਬਾਬਾ ਬੂਟਾ ਸਿੰਘ ਬੱਡਲਾ ਅਤੇ ਕਲੱਬ ਦੇ ਸਮੂਹ ਮੈਂਬਰਾਂ ਨੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ।

# ਭੱਜੀ ਨੇ ਧੁੱਸੀ ਬੰਨ੍ਹ 'ਤੇ ਨੌਜਵਾਨਾਂ ਨੂੰ ਮਿੱਟੀ ਦੇ ਬੋਰੇ ਚੁਕਵਾਏ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਸਾਬਕਾ ਕ੍ਰਿਕਟਰ ਤੇ ਰਾਜ ਸਭਾ ਮੈਂਬਰ ਹਰਭਜਨ ਸਿੰਘ ਭੱਜੀ ਨੇ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ਦਾ ਦੌਰਾ ਕੀਤਾ ਜਿੱਥੇ ਬੰਨ੍ਹ ਵਿੱਚ ਪਏ ਵੱਡੇ ਪਾੜ ਨੂੰ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਪੂਰਿਆ ਜਾ ਰਿਹਾ ਹੈ। ਭੱਜੀ ਨੇ ਕਿਹਾ ਕਿ ਕੁੱਝ ਲੋਕ ਹੜ੍ਹਾਂ ਨੂੰ ਵੀ ਰਾਜਨੀਤਿਕ ਮੁੱਦਾ ਬਣਾ ਰਹੇ ਹਨ ਜਦਕਿ ਇਹ ਮੌਕਾ ਰਾਜਨੀਤੀ ਕਰਨ ਦਾ ਨਹੀ ਸਗੋਂ ਹਰ ਪੀੜਿਤਾਂ ਦੀ ਹਰ ਪੱਖ ਤੋਂ ਮਦੱਦ ਕਰਨ ਦਾ ਹੈ। ਉਹਨਾਂ ਆਪਣੇ ਨਾਲ ਬੈਠੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਹੜ੍ਹ ਆਉਣ ਵਾਲੀ ਰਾਤ ਵੀ ਉਹ 2 ਵਜੇ ਤੱਕ ਬੰਨ੍ਹ ਨੂੰ ਬਚਾਉਣ ਵਿੱਚ ਲੱਗੇ ਹੋਏ ਸਨ। ਜਦੋਂ ਦੋ ਥਾਵਾਂ ਤੇ ਧੁੱਸੀ ਬੰਨ੍ਹ ਵਿੱਚ ਪਾੜ ਪੈ ਗਿਆ ਤਾਂ ਉਹਨਾਂ ਬਿਨਾਂ ਦੇਰ ਕੀਤਿਆਂ ਇਹਨਾਂ ਨੂੰ ਪੂਰਨ ਵਿੱਚ ਆਪਣੀ ਪੂਰੀ ਤਾਕਤ ਲਗਾ ਦਿੱਤੀ। ਹੜ੍ਹ ਪੀੜਿਤਾਂ ਦੀ ਹਰ ਸੰਭਵ ਮਦੱਦ ਦਾ ਭਰੋਸਾ ਦਿੰਦਿਆਂ ਭੱਜੀ ਨੇ ਕਿਹਾ ਕਿ ਉਹ ਆਪਣੇ ਐਮ.ਪੀ ਲੈਂਡ ਫੰਡਜ਼ ਵਿੱਚੋਂ ਹੀ ਨਹੀ ਸਗੋਂ ਆਪਣੇ ਨਿੱਜੀ ਪੈਸਿਆਂ ਵਿੱਚੋਂ ਵੀ ਪੀੜਿਤ ਲੋਕਾਂ ਦੀ ਮਦੱਦ ਕਰਨ ਲਈ ਤਿਆਰ ਹਨ। ਭੱਜੀ ਨੇ ਸੰਤ ਸੀਚੇਵਾਲ ਨਾਲ ਟਰਾਲੀ 'ਤੇ ਚੜ੍ਹ ਕੇ ਮਿੱਟੀ ਦੇ ਬੋਰੇ ਨੌਜਵਾਨਾਂ ਨੂੰ ਚੁਕਵਾਏ।

# ਸਿਹਤ ਵਿਭਾਗ ਦੀ ਟੀਮ ਵੱਲੋਂ ਲੁਠੇੜੀ ਸਕੂਲ 'ਚ ਕੀਟਨਾਸ਼ਕ ਦਵਾਈ ਦਾ ਛਿੜਕਾਅ




**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)** ਹੜ੍ਹਾਂ ਵਰਗੀ ਸਥਿਤੀ ਤੋਂ ਪ੍ਰਭਾਵਿਤ ਨਜ਼ਦੀਕੀ ਪਿੰਡ ਲੁਠੇੜੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਡੇਂਗੂ ਅਤੇ ਮਲੇਰੀਆ ਮੱਛਰਾਂ ਤੋਂ ਬਚਾਅ ਲਈ ਕੀਟ ਨਾਸਕ ਦਵਾਈ ਦਾ ਛਿੜਕਾਅ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਕੂਲ ਅਧਿਆਪਕ ਧਰਮਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਪ੍ਰਿੰਸੀਪਲ ਸ੍ਰੀਮਤੀ ਇੰਦਰਜੀਤ ਕੌਰ ਦੀ ਪਹਿਲਕਦਮੀ ਸਦਕਾ ਸਕੂਲੀ ਵਿਦਿਆਰਥੀਆਂ ਦੀ ਬਰਸਾਤੀ ਮੱਛਰ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਸਿਹਤ ਵਿਭਾਗ ਦੀ ਟੀਮ ਜਿਸ ਵਿੱਚ ਬੇਅੰਤ ਸਿੰਘ ਮਲਟੀਪਰਪਜ ਹੈਲਥ ਵਰਕਰ ਡਿਸਪੈਂਸਰੀ ਉਇੰਦ ਅਤੇ ਲਖਮਿੰਦਰ ਸਿੰਘ ਮਲਟੀਪਰਪਜ ਹੈਲਥ ਵਰਕਰ ਡਿਸਪੈਂਸਰੀ ਕਾਇਨੌਰ ਦੀ ਦੇਖ ਰੇਖ ਛਿੜਕਾਅ ਕਰਵਾਇਆ ਗਿਆ । ਇਸ ਮੌਕੇ ਸਿਹਤ ਵਿਭਾਗ ਦੀ ਟੀਮ ਵੱਲੋਂ ਸਕੂਲ ਕੈਂਪਸ ਵਿੱਚ ਖੜ੍ਹੇ ਪਾਣੀ ਦੀ ਜਾਂਚ ਕੀਤੀ ਗਈ ਅਤੇ ਸਕੂਲੀ ਵਿਦਿਆਰਥੀਆਂ ਨੂੰ ਡੇਂਗੂ ਅਤੇ ਮਲੇਰੀਆ ਤੋਂ ਬਚਾਅ ਲਈ ਜਾਗਰੂਕ ਕੀਤਾ ਗਿਆ । ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਘਰਾਂ ਵਿੱਚ ਵੀ ਕੂਲਰਾਂ ਅਤੇ ਛੱਡਾਂ ਜਾਂ ਵਿਹੜੇ ਵਿੱਚ ਵੱਖ ਵੱਖ ਟੁੱਟੀਆਂ ਭੱਜੀਆਂ ਵਸਤਾਂ 'ਚੋਂ ਪਾਣੀ ਕੱਢਣ ਲਈ ਕਿਹਾ ਗਿਆ। ਇਸ ਮੌਕੇ ਲੈਕ ਦਵਿੰਦਰ ਸਿੰਘ ਮਕੜੌਨਾ, ਮਧੂ ਬਾਲਾ, ਸਰੀਨਾ ਰਾਏ, ਡਾ ਬਲਜੀਤ ਕੌਰ, ਕੁਲਦੀਪ ਕੌਰ, ਸ਼ਰੀਨਾ ਰਾਏ, ਮੋਨਿਕਾ ਸ਼ਰਮਾ, ਸੁਰਮੁੱਖ ਸਿੰਘ, ਲਖਵਿੰਦਰ ਸਿੰਘ, ਮਨਿੰਦਰ ਚੱਢਾ, ਜਸਵਿੰਦਰ ਕੌਰ, ਅਮਨਪ੍ਰੀਤ ਕੌਰ, ਵਰਿੰਦਰ ਵਰਮਾ , ਮੋਨਿਕਾ, ਗੁਰਬਾਜ ਸਿੰਘ, ਦਵਿੰਦਰਪਾਲ ਸਿੰਘ ਬਰਾੜ, ਮੋਨਿਕਾ, ਹਰਿੰਦਰ ਕੁਮਾਰ ਕਾਇਨੌਰ, ਗੁਰਮਿੰਦਰ ਸਿੰਘ ਹੁੰਦਲ, ਲਖਵੀਰ ਸਿੰਘ ਰੰਗੀਆਂ ਲਾਇਬਰੇਰੀਅਨ, ਸੁਸਮਿਤਾ ਅਤੇ ਸਤਪਾਲ ਸਿੰਘ ਸਮੇਤ ਸਮੂਹ ਵਿਦਿਆਰਥੀ ਹਾਜ਼ਰ ਸਨ।

ਫੋਟੋ ਕੈਪਸਨ : ਲੁਠੇੜੀ ਸਕੂਲ ਵਿਖੇ ਡੇਂਗੂ ਅਤੇ ਮਲੇਰੀਆ ਸੰਬੰਧੀ ਵਿਖੇ ਵਿਦਿਆਰਥੀਆਂ ਨੂੰ ਜਾਗਰੂਕ ਕਰਦੇ ਹੋਏ ਸਿਹਤ ਵਿਭਾਗ ਦੇ ਕਰਮਚਾਰੀ ।

# ਸਤਪਾਲ ਕਾਹਲੋਂ ਦੀ ਯਾਦ 'ਚ ਪੰਜ ਦਿਨਾ ਕ੍ਰਿਕਟ ਟੂਰਨਾਮੈਂਟ ਸ਼ੁਰੂ



**ਫਿਲੌਰ (ਨਿਰਮਲ)** ਨਜਦੀਕੀ ਪਿੰਡ ਸੇਲਕੀਆਣਾ ਵਿਖੇ ਸਵ.ਸਤਪਾਲ ਕਾਹਲੋਂ ਦੀ ਯਾਦ 'ਚ ਪਹਿਲਾ ਪੰਜ ਦਿਨਾ ਕ੍ਰਿਕਟ ਟੂਰਨਾਮੈਂਟ ਦਾ ਉਦਘਾਟਨ ਪੁਲਿਸ ਚੌਕੀ ਲਸਾੜਾ ਦੇ ਇੰਚਾਰਜ ਸਬ ਇੰਸਪੈਕਟਰ ਪ੍ਰਦੀਪ ਕੁਮਾਰ, ਅਸ਼ੋਕ ਕੁਮਾਰ ਭਲਵਾਨ ਥਾਣੇਦਾਰ ਤੇ ਹੋਰ ਸ਼ਖਸੀਅਤਾਂ ਨੇ ਰੀਬਨ ਕੱਟ ਕੇ ਕੀਤਾ। ਗੁਰਦਾਵਰ ਸਾਹਨੀ ਤੇ ਸੀਮਾ ਰਾਣੀ ਸਰਪੰਚ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਿੰਡਾਂ 'ਚ ਖੇਡ ਮੇਲੇ ਕਰਵਾਉਣ ਚਾਹੀਦੇ ਹਨ ਜਿਸ ਨਾਲ ਨੌਜਵਾਨ ਪੀੜ੍ਹੀ ਮਾੜੀਆਂ ਅਲਾਮਤਾਂ ਤੋਂ ਬਚ ਸਕਣ। ਕ੍ਰਿਕਟ ਟੂਰਨਾਮੈਂਟ ਦਾ ਪਹਿਲਾ ਇਨਾਮ ਜਤਿੰਦਰ ਸਿੰਘ ਸੰਧੂ,ਪੰਮਾ ਸੰਧੂ ਤੇ ਸੰਧੂ ਪਰਵਾਰ ਤੇ ਦੂਜਾ ਇਨਾਮ ਕਾਹਲੋਂ ਪਰਵਾਰ ਵੱਲੋਂ ਦਿੱਤਾ ਜਾਵੇਗਾ। ਇਸ ਮੌਕੇ ਗੌਰਵ ਕਾਹਲੋਂ, ਜਗਜੀਤ ਕਾਹਲੋਂ, ਅਸਨੀ ਸਾਹਨੀ, ਮਨਜੀਤ ਸਿੰਘ ਬਿੱਲੀ, ਅਵਤਾਰ ਤਾਰੀ, ਕਿਰਨ ਸਾਹਨੀ, ਸੋਨੂੰ ਮਾਸਟਰ, ਜੱਸੀ ਸਿੰਘ, ਕੈਫ ਸਾਹਨੀ, ਗੋਪੀ ਬੈਂਸ, ਦਲਜੀਤ ਸਾਹਨੀ, ਜਗਤਾਰ ਸਿੰਘ , ਦਵਿੰਦਰ ਕੁਮਾਰ, ਲਖਵਿੰਦਰ ਪਾਲ ਤੇ ਕਲੱਬ ਦੇ ਅਹੁੱਦੇਦਾਰ ਮੈਂਬਰ, ਨਗਰ ਨਿਵਾਸੀ ਤੇ ਵਿਸ਼ੇਸ਼ ਸ਼ਖਸੀਅਤਾਂ ਹਾਜਰ ਸਨ।

# ਸਕੂਲ 'ਚ ਡਰਾਇੰਗ ਮੁਕਾਬਲੇ ਕਰਵਾਏ

**ਕਰਤਾਰਪੁਰ (ਹਰਮੇਸ਼ ਦੱਤ)** ਸੰਤ ਬਾਬਾ ਨਿਧਾਨ ਸਿੰਘ ਪਬਲਿਕ ਸਕੂਲ ਵਿੱਚ ਸੀ ਬੀ ਐਸ ਈ ਦੇ ਤਹਿਤ ਰਾਸ਼ਟਰੀ ਪੜ੍ਹਨ ਕੌਸ਼ਲ ਸਮਾਗਮ ਦਾ ਅਯੋਜਨ ਕੀਤਾ ਗਿਆ। ਇਸ ਅਭਿਆਨ ਦਾ ਮਕਸਦ ਇਹ ਹੈ ਕੀ ਵਿਦਿਆਰਥੀਆ 'ਚ ਪੜ੍ਹਨ ਕੌਸਲ ਦੀ ਰੁਚੀ ਵਧੇ ਸਕੂਲ ਵਿੱਚ ਵੱਖ ਵੱਖ ਪ੍ਰਕਾਰ ਦੇ ਮੁਕਾਬਲੇ ਕਰਵਾਏ ਗਏ। ਇਸ ਦਾ ਮੁੱਖ ਵਿਸ਼ਾ ਪੜ੍ਹਨ ਕੌਸਲ ਵਿਦਿਆਰਥੀਆ ਨੇ ਡਰਾਇੰਗ ਕਲਾ ਦਾ ਪ੍ਰਦਸ਼ਨ ਕਰਦੇ ਹੋਏ ਵੱਖ ਵੱਖ ਕਲਾ ਅਤੇ ਪੇਟਿੰਗ ਨਾਲ ਸਾਰੀਆਂ ਦਾ ਮੰਨ ਮੋਹ ਲਿਆ।

ਮੁਕਾਬਲਿਆ 'ਚੋਂ ਜਿੱਤੇ ਹੋਏ ਵਿਦਿਆਰਥੀਆ ਨੂੰ ਇਨਾਮ ਦੇ ਕੇ ਸਮਾਨਿਤ ਕੀਤਾ ਗਿਆ।



# ਮਹਿੰਦੀਪੁਰ 'ਚ ਪੀੜਤਾਂ ਨੂੰ ਰਾਸ਼ਨ ਵੰਡਿਆ



**ਨਵਾਂਸ਼ਹਿਰ -(ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਯੁਵਾ ਪਰਵਾਰ ਸੇਵਾ ਸਮਿਤੀ ਦੇ ਪ੍ਰਧਾਨ ਸ਼ਰਨਜੀਤ ਸਿੰਘ ਨੇ ਕਿਹਾ ਕੇ 10 ਜੁਲਾਈ ਨੂੰ ਆਈ ਕੁਦਰਤੀ ਆਫ਼ਤ ਨੂੰ ਦੇਖਦੇ ਹੋਏ ਸਮਿਤੀ ਵਲੋਂ ਵੱਖ ਵੱਖ ਜਗ੍ਹਾ 'ਤੇ ਹੁੰਦੇ ਹੋਏ ਮਹਿੰਦੀਪੁਰ ਵਿਚ ਪਹੁੰਚੇ ਅਤੇ ਪੀੜਤ ਲੋਕਾਂ ਨੂੰ ਰਾਸ਼ਨ ਵੰਡਿਆ। ਉਨ੍ਹਾਂ ਦੱਸਿਆ ਕੇ ਸਮਿਤੀ ਹਰ ਸਮੇਂ ਸਮਾਜ ਦੀ ਸੇਵਾ ਵਾਸਤੇ ਤੱਤਪਰ ਰਹਿੰਦੀ ਹੈ ਚਾਹੇ ਖੂਨ ਦਾਨ ਕਰਨਾ ਹੋਏ ਚਾਹੇ ਸਮਾਜ ਵਿਚ ਕਿਸੇ ਬੁਰਾਈ ਨੂੰ ਖਤਮ ਕਰਨਾ ਹੋਏ ਸਮਾਜ ਦੇ ਹਰ ਵਰਗ ਵਿਚ ਸਮਿਤੀ ਦੇ ਸਮਰਪਿਤ ਮੈਂਬਰ ਹਾਜ਼ਰ ਰਹਿੰਦੇ ਹਨ। ਇਸੇ ਕਰਮ ਦੇ ਚੱਲਦੇ ਲੋਕਾਂ ਨੂੰ ਲੰਗਰ ਵੰਡਿਆ ਗਿਆ ਤੇ ਦਰਦ ਨੂੰ ਸੁਣਿਆ। ਇਸ ਮੌਕੇ 'ਤੇ ਡਾ. ਮਨਜੀਤ ਐਮਾਂ ਮੁਗਲਾਂ , ਗੋਪਾਲ ਕ੍ਰਿਸ਼ਨ ਸੈਲਾ , ਗਿਆਨ ਚੰਦ ਬੱਗਾ ਟਕਾਰਲਾ , ਸ਼ਾਮ ਲਾਲ ਟਕਾਰਲਾ, ਸਤਨਾਮ ਸਹਿਜਲ ਮਹਿੰਦੀਪੁਰ, ਸਤਜੀਤ ਸੋਇਤਾ, ਅਮਿਤ ਪੁੰਨੂੰ ਮਜ਼ਾਰਾ, ਸੰਤੋਖ ਬਖਲੌਰ, ਅਸ਼ੋਕ ਬਖਲੌਰ ਨਰਿੰਦਰ ਸੂਰਾਪੁਰ, ਅੰਕੁਸ਼ ਸੂਰਾਪੁਰ ਤੋਂ ਸ਼ਾਮਲ ਹੋਏ।

# ਪੱਤਰਕਾਰ ਬਿੰਦਰਾ ਨੂੰ ਸਦਮਾ, ਪਤਨੀ ਦਾ ਦੇਹਾਂਤ



**ਨੰਗਲ (ਪੱਤਰ ਪ੍ਰੇਰਕ)**-ਰੂਪਨਗਰ ਤੋਂ ਪੱਤਰਕਾਰ ਗੁਰਚਰਨ ਸਿੰਘ ਬਿੰਦਰਾ ਦੀ ਧਰਮ ਪਤਨੀ ਬੀਬੀ ਅੰਮ੍ਰਿਤ ਕੌਰ ਬਿੰਦਰ ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਈ, ਦਾ ਅੰਤਿਮ ਦਾਹ ਸੰਸਕਾਰ ਰੋਪੜ ਵਿਖੇ ਕਰ ਦਿੱਤਾ ਗਿਆ। ਇਸ ਮੌਕੇ 'ਤੇ ਸੀ ਪੀ ਆਈ ਐਮ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਰਜੀਤ ਸਿੰਘ ਢੇਰ, ਸਕੱਤਰੇਤ ਮੈਂਬਰ ਕਾਮਰੇਡ ਗੁਰਦੇਵ ਸਿੰਘ ਬਾਗੀ, ਪਵਨ ਕੁਮਾਰ ਚੱਕ ਕਰਮਾਂ, ਗੀਤਾ ਰਾਮ, ਜਸਵਿੰਦਰ ਸਿੰਘ ਭੰਗਲ, ਤਰਸੇਮ ਸਿੰਘ ਭੱਲੜੀ, ਭਜਨ ਸਿੰਘ ਸੰਦੋਆ, ਕਰਨੈਲ ਸਿੰਘ ਬਜਰੂੜ, ਦਲੀਪ ਸਿੰਘ ਘਨੌਲਾ, ਸੁਖਦੇਵ ਸਿੰਘ ਨੰਗਲ, ਮਹਿੰਦਰ ਸਿੰਘ ਸੰਗਤਪੁਰ, ਡਾਕਟਰ ਰਵਿੰਦਰ ਨਾਥ, ਪ੍ਰੇਮ ਚੰਦ ਜੱਟਪੁਰ, ਸਤਨਾਮ ਸਿੰਘ, ਰਾਮ ਕਿਸ਼ਨ ਦਬਕੇਹੜਾ, ਸੁਪਿੰਦਰ ਸਿੰਘ, ਤਰਲੋਚਨ ਸਿੰਘ ਹੁਸੈਨਪੁਰ,ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਦਵਿੰਦਰ ਨੰਗਲੀ, ਰਾਮ ਪਾਲ, ਸੁਖਦੇਵ ਸਿੰਘ ਸੁੱਖਾ, ਸੋਹਣ ਸਿੰਘ ਬੰਗਾ ਨੇ ਬਿੰਦਰਾ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।



*ਭਾਰਤੀ ਮਾਣਕ ਬਿਊਰੋ (ਬੀ ਆਈ ਐਸ) ਉੱਤਰੀ ਖੇਤਰੀ ਦਫਤਰ ਚੰਡੀਗੜ੍ਹ ਵੱਲੋਂ ਪੰਜਾਬ ਰਾਜ ਭਰ ਦੇ ਸਕੂਲਾਂ 'ਚ ਗਠਿਤ ਮਾਣਕ ਕਲੱਬਾਂ ਦੇ ਸਲਾਹਕਾਰਾਂ ਲਈ ਦੋ ਦਿਨਾਂ ਅਵਾਸੀ ਸਿਖਲਾਈ ਪ੍ਰੋਗਰਾਮ ਦੌਰਾਨ ਸੰਬੋਧਨ ਕਰਦੇ ਹੋਏ ਦੀਪਕ ਕੁਮਾਰ ਅਗਰਵਾਲ, ਵਿਗਿਆਨਕ ਐੱਫ ਅਤੇ ਪ੍ਰਮੁੱਖ ਚੰਡੀਗੜ੍ਹ ਸ਼ਾਖਾ ਦਫਤਰ।*



ਮਨਜੀਤ ਸਿੰਘ ਪਿੰਡ ਲੁਹਾਰ ਚਾਹੜਕੇ, ਬਲਾਕ ਭੋਗਪੁਰ ਅਤੇ ਪੁਨਰਜੋਤ ਵੈੱਲਫੇਅਰ ਸੁਸਾਇਟੀ ਮਹਿਤਪੁਰ ਦੇ ਸਾਂਝੇ ਉੱਦਮ ਸਦਕਾ ਹੜ੍ਹ ਪੀੜਤ ਪਸ਼ੂਆਂ ਲਈ ਮਹਿਤਪੁਰ ਏਰੀਏ ਦੇ ਅਧੀਨ ਦਵਾਈਆਂ ਅਤੇ ਹੋਰ ਜ਼ਰੂਰੀ ਵਸਤੂਆਂ ਦਿੱਤੀਆਂ ਗਈਆਂ। ਸੋਸਾਇਟੀ ਵੱਲੋਂ ਬਾਵਾ ਸਿੰਘ ਅਤੇ ਸੁਖਵਿੰਦਰ ਦਾ ਵੀ ਧੰਨਵਾਦ ਕੀਤਾ ਗਿਆ।

(ਫੋਟੋ ਤੇ ਵੇਰਵਾ-ਰਾਜਾ, ਮਹਿਤਪੁਰ)

# ਇੰਜੀ. ਦਵਿੰਦਰ ਸਿੰਘ ਨੇ ਕੰਧਾਲਾ ਜੱਟਾਂ ਵਿਖੇ ਚਾਰਜ ਸੰਭਾਲਿਆ



**ਅੱਡਾ ਸਰਾਂ (ਜਸਵੀਰ ਕਾਜਲ)** ਇੰਜੀ ਦਵਿੰਦਰ ਸਿੰਘ ਵਧੀਕ ਸਹਾਇਕ ਇੰਜੀ. ਸਬ ਡਿਵੀਜਨ ਟਾਂਡਾ ਸਬ ਅਰਬਨ ਤੋਂ ਪਦਉਨਿਤ ਹੋ ਕੇ ਬਤੌਰ ਸਹਾਇਕ ਇੰਜੀ. ਸਬ ਡਿਵੀਜਨ ਕੰਧਾਲਾ ਜੱਟਾਂ ਵਿਖੇ ਚਾਰਜ ਸੰਭਾਲਿਆ। ਸਮੂਹ ਸਟਾਫ ਨੇ ਇਕੱਠੇ ਹੋ ਕੀਤਾ ਸਵਾਗਤ।

## ਜਨਮ ਦਿਨ ਮੁਬਾਰਕ



ਮਨਵੀਰ ਸਿੰਘ (ਛੇਹਰਟਾ)

# ਨਵੇਂ ਸੈਸ਼ਨ 'ਚ ਵਿਦਿਆਰਥੀਆਂ ਨੂੰ ਵੀਹ ਲੱਖ ਤੋਂ ਵੱਧ ਦੀ ਵਜ਼ੀਫਾ ਰਾਸ਼ੀ ਰਾਖਵੀਂ ਰੱਖੀ : ਡਾ. ਜਸਪਾਲ ਸਿੰਘ



**ਮਾਹਿਲਪੁਰ (ਸਫਰੀ)** ਸਿੱਖ ਵਿੱਦਿਅਕ ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ, ਸਰਪ੍ਰਸਤ ਡਾ. ਜੰਗ ਬਹਾਦਰ ਸਿੰਘ ਰਾਏ, ਮੈਨੇਜਰ ਇੰਦਰਜੀਤ ਸਿੰਘ ਭਾਰਟਾ ਅਤੇ ਜਨਰਲ ਸਕੱਤਰ ਪ੍ਰੋ. ਅਪਿੰਦਰ ਸਿੰਘ ਮਾਹਿਲਪੁਰੀ ਦੀ ਅਗਵਾਈ ਹੇਠ ਚੱਲ ਰਹੇ ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਸੈਸ਼ਨ 2023-24 'ਚ ਵੱਖ ਵੱਖ ਕੋਰਸਾਂ ਦੀ ਪੜ੍ਹਾਈ ਹਾਸਲ ਕਰਨ ਵਾਲੇ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਦੀ ਆਰਥਿਕ ਮਦਦ ਲਈ ਵੀਹ ਲੱਖ ਰੁਪਏ ਤੋਂ ਵੱਧ ਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ। ਇਸ ਬਾਰੇ ਗੱਲ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਦੱਸਿਆ ਕਿ ਕਾਲਜ ਵੱਲੋਂ ਉਕਤ ਵਜ਼ੀਫਾ ਰਾਸ਼ੀ ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀ ਜਾਂਦੀ ਹੈ ਜਿਹੜੇ ਵਿਦਿਆਰਥੀ ਲੋੜਵੰਦ ਹੋਣ ਦੇ ਨਾਲ ਨਾਲ ਪੜ੍ਹਾਈ ਵਿੱਚ ਹੁਸ਼ਿਆਰ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿੱਚ ਵਿਦਿਆਰਥੀਆਂ ਦੇ ਦਾਖ਼ਲ ਹੋਣ ਦੀ ਪ੍ਰਕਿਰਿਆ ਚੱਲ ਰਹੀ ਹੈ ਜਿਸ ਤਹਿਤ ਕਾਲਜ ਵਿੱਚ ਸਥਾਪਿਤ ਦਾਖ਼ਿਲਾ ਅਤੇ ਕਾਊਂਸਲਿੰਗ ਸੈੱਲ ਵਿੱਚ ਕੇਂਦਰੀਕ੍ਰਿਤ ਪੋਰਟਲ 'ਤੇ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਪੋਰਟਲ 'ਤੇ ਵਿਦਿਆਰਥੀਆਂ ਦੇ ਦਾਖ਼ਲ ਹੋਣ ਸੰਬੰਧੀ ਆਖ਼ਰੀ ਮਿਤੀਆਂ ਚੱਲ ਰਹੀ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਕਾਲਜ 'ਚ ਸਥਿਤ ਦਾਖ਼ਲਾ ਸੈੱਲ 'ਚ ਪੁੱਜ ਕੇ ਆਪਣਾ ਦਾਖ਼ਲਾ ਯਕੀਨੀ ਬਣਾਉਣ ਦੀ ਅਪੀਲ ਕੀਤੀ।

# ਫਰਵਾਲਾ ਦੇ ਪੁਨਰਪ੍ਰੀਤ ਸਿੰਘ ਨੇ ਜਿੱਤਿਆ ਸੋਨ ਤਮਗਾ






**ਬਿਲਗਾ (ਵਿਜੇ ਕੁਮਾਰ)** ਬਿਲਗਾ ਦੇ ਨਜਦੀਕੀ ਪਿੰਡ ਫਰਵਾਲਾ ਦੇ ਪੁਨਰਪ੍ਰੀਤ ਸਿੰਘ ਨੇ ਕਰਨਾਲ (ਹਰਿਆਣਾ) ਵਿੱਚ ਹੋਈ ਇੰਟਰਨੈਸ਼ਨਲ ਪਾਵਰ ਲਿਫਟਿੰਗ ਚੈਂਪੀਅਨਸ਼ਿਪ 'ਚ ਗੋਲਡ ਮੈਡਲ ਜਿੱਤ ਕੇ ਆਪਣੇ ਇਲਾਕੇ ਦਾ ਨਾਂਅ ਰੌਸਨ ਕੀਤਾ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਦੇ ਸਾਬਕਾ ਸਰਪੰਚ ਕਮਲੇਸ਼ ਕੁਮਾਰ ਨੇ ਦੱਸਿਆ ਕਿ ਪਿੰਡ ਫਰਵਾਲਾ ਦੇ ਵਸਨੀਕ ਸੰਤੋਖ ਸਿੰਘ ਰਿਟਾਇਰ ਆਰਮੀ ਦੇ ਸਪੁੱਤਰ ਪੁਨਰਪ੍ਰੀਤ ਸਿੰਘ ਜੋ ਕਿ ਵੇਟ ਲਿਫਟਰ ਹੈ ਉਸ ਨੇ ਇੰਟਰਨੈਸ਼ਨਲ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਕਰਨਾਲ ਹਰਿਆਣਾ 'ਚੋਂ ਗੋਲਡ ਮੈਡਲ ਜਿੱਤ ਕੇ ਆਉਣ 'ਤੇ ਬਾਬਾ ਬਸਾਊ ਵੈਲਫੇਅਰ ਸੁਸਾਇਟੀ ਫਰਵਾਲਾ, ਬਾਬਾ ਬਸਾਊ ਸਪੋਰਟਸ ਕਲੱਬ ਫਰਵਾਲਾ, ਸਮੂਹ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਨੇ ਫੁੱਲਾਂ ਦੇ ਗੁਲਦਸਤੇ ਦੇ ਕੇ ਅਤੇ ਹਾਰ ਪਾ ਕੇ ਸਵਾਗਤ ਕੀਤਾ ਬਾਬਾ ਬਸਾਊ ਵੈਲਫੇਅਰ ਸੁਸਾਇਟੀ ਫਰਵਾਲਾ ਦੇ ਅਹੁਦੇਦਾਰਾਂ ਵਲੋਂ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਪੁਨਰਪ੍ਰੀਤ ਸਿੰਘ ਦੇ ਛੋਟਾ ਭਰਾ ਤਰੁਨਪ੍ਰੀਤ ਸਿੰਘ ਨੇ ਵੀ ਚੈਂਪੀਅਨਸ਼ਿਪ ਵਿਚ ਦੂਸਰਾ ਸਥਾਨ ਪ੍ਰਾਪਤ ਕੀਤਾ ਪੁਨਰਪ੍ਰੀਤ ਸਿੰਘ ਵਰਲਡ ਚੈਂਪੀਅਨਸ਼ਿਪ ਖਦਾਨ ਵਾਸਤੇ ਦੁੱਬਈ ਵਿਚ ਜੁਲਾਈ ਮਹੀਨੇ ਹਿੱਸਾ ਲੈਣ ਜਾ ਰਿਹਾ ਹੈ ਨਗਰ ਵਾਸੀਆਂ ਨੂੰ ਉਮੀਦ ਹੈ ਕਿ ਆਉਂਣ ਵਾਲੇ ਟਾਇਮ ਵਿਚ ਇਹ ਦੋਵੇਂ ਲਿਫਟਰ ਆਪਣੇ ਮਾਂ ਬਾਪ ਦਾ ਅਤੇ ਇਲਾਕੇ ਦਾ ਨਾਂ ਰੌਸਨ ਕਰਨਗੇ। ਇਸ ਮੌਕੇ ਮਾਸਟਰ ਮੰਗਤ ਰਾਮ, ਜਸਵੀਰ ਕੁਮਾਰ, ਹਰਜੋਤ ਸਿੰਘ, ਰਕੇਸ਼ ਕੁਮਾਰ, ਬਲਿਹਾਰ ਸਿੰਘ, ਬਲਜਿੰਦਰ ਸਿੰਘ, ਉਂਕਾਰ ਸਿੰਘ, ਪਿਆਰਾ ਸਿੰਘ, ਸੋਹਨ ਲਾਲ, ਕੁਲਦੀਪ ਸਿੰਘ, ਨਵਜੋਤ ਸਿੰਘ, ਸ਼ਿੰਦਾ, ਪ੍ਰਭਦੀਪ ਸਿੰਘ, ਡਾ. ਦਿਲਬਾਗ ਸਿੰਘ, ਮਹਿੰਦਰ ਸਿੰਘ, ਬਲਰਾਜ ਸਿੰਘ, ਮੰਗੇ ਸ਼ਾਹ, ਮੱਖਣ ਸਿੰਘ ਆਦਿ ਹਾਜ਼ਰ ਸਨ।